18-JAN-PAGE-add page.qxd 1/17/2023 9:58 PM Page 1

ਬੁੱਧਵਾਰ, 18 ਜਨਵਰੀ, 2023
5 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 229

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 18 JANUARY, 2023
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


Punjab Land of Unlimited Opportunities




# 500
# ਆਮ ਆਦਮੀ ਕਲੀਨਿਕ
ਪੰਜਾਬ ਨੂੰ ਸਮਰਪਿਤ

**27 ਜਨਵਰੀ 2023**

## ਮੁਫ਼ਤ ਦਵਾਈ - ਮੁਫ਼ਤ ਇਲਾਜ

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ

18-JAN-PAGE-10.qxd 1/17/2023 10:00 PM Page 1



# ਰੱਲਾ ਕਤਲ ਕਾਂਡ ਦੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਦਲਿਤ ਜਥੇਬੰਦੀਆਂ 'ਚ ਭਾਰੀ ਰੋਸ

**ਮਾਨਸਾ (ਆਤਮਾ ਸਿੰਘ ਪਮਾਰ)**

ਰੱਲਾ ਕਤਲ ਕਾਂਡ ਦੇ ਪੰਜਵੇਂ ਦਿਨ ਵੀ ਪੁਲਸ ਪ੍ਰਸ਼ਾਸਨ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਵਿੱਚ ਨਾਕਾਮ ਰਹੀ ਅਤੇ ਮ੍ਰਿਤਕ ਦਲਿਤ ਔਰਤ ਦੇ ਪਰਵਾਰ ਨੂੰ ਡਿਪਟੀ ਕਮਿਸ਼ਨਰ ਮਾਨਸਾ ਵੱਲੋਂ ਐਸ ਸੀ/ਐਸ ਟੀ ਐਕਟ ਤਹਿਤ ਤੁਰੰਤ ਦਿੱਤੀ ਜਾਣ ਵਾਲੀ ਸਰਕਾਰੀ ਸਹਾਇਤਾ ਰਾਸ਼ੀ ਵੀ ਨਹੀਂ ਦਿੱਤੀ ਗਈ। ਜਿਸ ਤੋਂ ਜ਼ਿਲ੍ਹਾ ਪ੍ਰਸ਼ਾਸਨ ਦਾ ਦਲਿਤ ਵਿਰੋਧੀ ਚਿਹਰਾ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ। ਰੱਲਾ ਦੇ ਦਲਿਤਾਂ ਉਪਰ ਹੋਏ ਜਬਰ ਨੂੰ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਨਜ਼ਰਅੰਦਾਜ਼ ਕਰਨ ਖਿਲਾਫ ਦਲਿਤਾਂ, ਮਜ਼ਦੂਰਾਂ ਅੰਦਰ ਰੋਸ ਦੀ ਲਹਿਰ ਵਧਣੀ ਸੁਰੂ ਹੋ ਗਈ ਹੈ, ਜਿਸ ਕਾਰਨ 19 ਜਨਵਰੀ ਨੂੰ ਰੱਖੀ ਜ਼ਿਲ੍ਹਾ ਪੱਧਰੀ ਰੱਲਾ ਦਲਿਤ ਜਬਰ ਕਾਂਡ ਵਿਰੋਧੀ ਰੈਲੀ ਦੀ ਤਿਆਰੀ ਲਈ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਪਿੰਡ ਰੱਲਾ ਸਮੇਤ ਫਫੜੇ ਭਾਈਕੇ, ਝੱਬਰ, ਜੋਗਾ, ਵਿਖੇ 19 ਜਨਵਰੀ ਨੂੰ ਮਾਨਸਾ ਚੱਲੋ ਨਾਹਰੇ ਹੇਠ ਰੈਲੀਆਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਦਲਿਤ ਵਰਗ ਅਤੇ ਆਮ ਲੋਕਾਂ ਨੇ ਭਾਗ ਲਿਆ। ਮਾਨਸਾ



ਹਸਤਪਤਾਲ ਵਿੱਚ ਚੱਲ ਰਹੇ ਧਰਨੇ ਵਿੱਚ ਵੀ ਵੱਖ ਵੱਖ ਭਰਾਤਰੀ ਜਥੇਬੰਦੀਆਂ ਦੀ ਗਿਣਤੀ ਵਿੱਚ ਵਾਧਾ ਦੇਖਣ ਨੂੰ ਮਿਲਿਆ। ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਸੂਬਾਈ ਪ੍ਰਧਾਨ ਭਗਵੰਤ ਸਿੰਘ ਸਮਾਓ ਨੇ ਦੱਸਿਆ ਕਿ ਅੱਜ ਦੇ ਧਰਨੇ ਵਿੱਚ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਬਸਪਾ ਦੇ ਦਰਸ਼ਨ ਸਿੰਘ ਰਾਠੀ, ਲਿਬਰੇਸ਼ਨ ਪਾਰਟੀ ਦੇ ਆਗੂ ਸਿਕੰਦਰ ਸਿੰਘ ਘਰਾਂਗਣਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਕ੍ਰਿਸ਼ਨ ਚੌਹਾਨ, ਸਾਬਕਾ ਅਧਿਆਪਕ ਆਗੂ ਅਤੇ ਪ੍ਰੈਸ ਰਿਪੋਰਟਰ ਆਤਮਾ ਸਿੰਘ ਪਮਾਰ, ਮਿਡ ਡੇ ਮੀਲ ਵਰਕਰ ਯੂਨੀਅਨ ਏਕਟੂ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ, ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਜੀਤ ਸਿੰਘ ਬੋਹਾ, ਰੇਹੜੀ ਯੂਨੀਅਨ ਦੇ ਮੇਲਾ ਸਿੰਘ ਕੈਂਚੀਆਂ, ਜਸਵੰਤ ਸਿੰਘ ਬਹੁਜਨ ਮੁਕਤੀ ਪਾਰਟੀ ਵੀ ਸ਼ਾਮਲ ਹੋਏ ਅਤੇ ਆਗੂਆਂ ਨੇ ਇੱਕਸੁਰ ਹੋ ਕੇ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀਆਂ ਨੂੰ ਪੰਜਵੇਂ ਦਿਨ ਵੀ ਗ੍ਰਿਫ਼ਤਾਰ ਨਾ ਕਰਨਾ ਪੁਲਸ ਦੀ ਦੋਸ਼ੀਆਂ ਨਾਲ ਮਿਲੀਭੁਗਤ ਨੂੰ ਸਾਬਤ ਕਰਦਾ ਹੈ। ਉਨ੍ਹਾਂ ਪੰਜਾਬ ਦੀਆਂ ਦਲਿਤ ਮਜ਼ਦੂਰ ਪੱਖੀ/ਹਿਤੈਸ਼ੀ ਜਥੇਬੰਦੀਆਂ ਨੂੰ 19 ਜਨਵਰੀ ਨੂੰ ਮਾਨਸਾ ਵਿਖੇ ਕੀਤੀ ਜਾ ਰਹੀ ਰੱਲਾ ਦਲਿਤ ਜਬਰ ਕਾਂਡ ਵਿਰੋਧੀ ਰੈਲੀ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਵੀ ਕੀਤੀ।

ਉਨ੍ਹਾਂ ਜ਼ਿਲ੍ਹਾ ਸਿਵਲ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਨੂੰ ਚਿਤਾਵਨੀ ਦਿੱਤੀ ਕਿ ਉਹ ਮਜ਼ਦੂਰਾਂ ਦੇ ਸਬਰ ਦੀ ਹੋਰ ਪਰਖ ਨਾ ਕਰੇ ਸਗੋਂ ਮੁਲਜ਼ਮਾਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਤੋਂ ਸਖਤ ਸਜ਼ਾਵਾਂ ਦੇਣ ਦਾ ਬੰਦੋਬਸਤ ਕਰਕੇ ਦਲਿਤ ਵਰਗ ਵਿਚ ਪਾਈ ਜਾ ਰਹੀ ਬੇਚੈਨੀ ਨੂੰ ਸ਼ਾਂਤ ਕਰਨ ਲਈ ਢੁਕਵੇਂ ਯਤਨ ਕਰੇ। ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਬਲਾਕ ਆਗੂ ਗਗਨਦੀਪ ਸਿੰਘ ਖੜਕ ਸਿੰਘ ਵਾਲਾ, ਸੀ ਪੀ ਆਈ ਦੇ ਭੋਲਾ ਮਾਨਸਾ, ਗੁਰਦੀਪ ਸਿੰਘ ਆਹਲੂਪੁਰ ਅਤੇ ਪਿੰਡ ਰੱਲਾ ਤੋਂ ਵੀ ਵੱਡੀ ਗਿਣਤੀ ਲੋਕ ਸ਼ਾਮਲ ਹੋਏ।

# ਹਾਈਕੋਰਟ ਵੱਲੋਂ ਗਠਿਤ ਕਮੇਟੀ ਵੱਲੋਂ ਸ਼ਰਾਬ ਫੈਕਟਰੀ ਜ਼ੀਰਾ ਦਾ ਦੌਰਾ

**ਜ਼ੀਰਾ (ਨਰਿੰਦਰ ਅਨੇਜਾ)**-ਸ਼ਰਾਬ ਫੈਕਟਰੀ ਪਿੰਡ ਮਨਸੂਰਵਾਲ ਕਲਾਂ (ਜ਼ੀਰਾ) ਸਬੰਧੀ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਗਠਿਤ ਜਸਟਿਸ ਆਰ.ਕੇ.ਨਹਿਰੂ ਅਧਾਰਤ ਕਮੇਟੀ ਜਿਸ ਵੱਲੋਂ ਧਰਨੇ, ਸ਼ਰਾਬ ਫੈਕਟਰੀ ਕਿਸਾਨਾਂ ਨੂੰ ਹੋ ਰਹੇ ਵਿੱਤੀ ਨੁਕਸਾਨ ਆਦਿ ਬਾਰੇ ਜਾਣਕਾਰੀ ਲੈਣ ਲਈ ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਿਟਡ ਮਨਸੂਰਵਾਲ ਕਲਾਂ (ਸ਼ਰਾਬ ਫੈਕਟਰੀ ਜ਼ੀਰਾ) ਦਾ ਦੌਰਾ ਕੀਤਾ ਗਿਆ। ਉਨ੍ਹਾਂ ਨਾਲ ਕਮੇਟੀ ਮੈਂਬਰ ਐਡਵੋਕੇਟ ਸ੍ਰੀ ਬੱਬਰ ਭਾਨ ਸਮੇਤ ਹੋਰ ਸਰਕਾਰੀ ਤੇ ਗੈਰ ਸਰਕਾਰੀ ਮੈਂਬਰਾਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਅੰਮ੍ਰਿਤ ਸਿੰਘ, ਐਸ.ਐਸ.ਪੀ. ਸ੍ਰੀਮਤੀ ਕੰਵਰਦੀਪ ਕੌਰ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਰੁਣ ਕੁਮਾਰ, ਐਸ.ਡੀ.ਐਮ. ਜ਼ੀਰਾ ਸ੍ਰੀ ਗਗਨਦੀਪ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਜਸਟਿਸ (ਰਿਟਾ.) ਸ੍ਰੀ ਆਰ.ਕੇ.ਨਹਿਰੂ ਤੇ ਕਮੇਟੀ ਮੈਂਬਰਾਂ ਵੱਲੋਂ ਇਲਾਕੇ ਦੇ ਲੋਕਾਂ, ਕਿਸਾਨ, ਜਥੇਬੰਦੀਆਂ, ਕਿਸਾਨਾਂ ਦੇ ਵਕੀਲਾਂ ਤੇ ਫੈਕਟਰੀ ਦੇ ਅਧਿਕਾਰੀਆ ਆਦਿ ਤੋਂ ਜਾਣਕਾਰੀ ਲਈ ਅਤੇ ਉਪਰੋਕਤ ਧਿਰਾਂ ਦੇ ਬਿਆਨ ਕਲਮਬੱਧ ਕੀਤੇ। ਇਸ ਮੌਕੇ ਜਸਟਿਸ (ਰਿਟਾ.) ਸ੍ਰੀ ਆਰ.ਕੇ.ਨਹਿਰੂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜ਼ੀਰਾ ਵਿਖੇ ਸਥਿਤ ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮ: (ਸ਼ਰਾਬ ਫੈਕਟਰੀ) ਦਾ ਦੌਰਾ ਕੀਤਾ ਗਿਆ ਹੈ ਤੇ ਇਥੋਂ ਦੇ ਕਿਸਾਨਾਂ, ਇਲਾਕਾ ਨਿਵਾਸੀਆਂ ਤੇ ਫੈਕਟਰੀ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਬੀਤੀ ਸ਼ਾਮ ਉਨ੍ਹਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਸ ਮਾਮਲੇ ਸਬੰਧੀ ਮੀਟਿੰਗ ਕੀਤੀ। ਉਨ੍ਹਾਂ ਦੱਸਿਆ ਕਿ ਉਹ ਜਲਦੀ ਹੀ ਆਪਣੀ ਰਿਪੋਰਟ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਨੂੰ ਸੌਂਪਣਗੇ। ਇਸ ਮੌਕੇ ਡਿਪਟੀ ਕਮਿਸ਼ਨਰ ਮੈਡਮ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜ਼ੀਰਾ ਸਥਿਤ ਸ਼ਰਾਬ ਫੈਕਟਰੀ ਦੇ ਮਾਮਲੇ ਦੀ ਚੰਗੀ ਤਰ੍ਹਾਂ ਜਾਂਚ-ਪੜਤਾਲ ਕਰਨ ਲਈ ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਉਸ ਕਮੇਟੀ ਦੇ ਚੇਅਰਮੈਨ ਸ੍ਰੀ ਆਰ.ਕੇ.ਨਹਿਰੂ ਵੱਲੋਂ ਦੌਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਚੇਅਰਮੈਨ ਸ੍ਰੀ ਆਰ.ਕੇ.ਨਹਿਰੂ ਵੱਲੋਂ ਫੈਕਟਰੀ ਦੇ ਨੁਮਾਇੰਦਿਆਂ, ਕਿਸਾਨ ਜਥੇਬੰਦੀਆਂ, ਕਿਸਾਨਾਂ ਦੇ ਵਕੀਲਾਂ ਤੇ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਮੇਟੀ ਦੇ ਚੇਅਰਮੈਨ ਵੱਲੋਂ ਦੋਵਾਂ ਪੱਖਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਤੱਥਾਂ ਸਹਿਤ ਸਬੂਤ ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਪੇਸ਼ ਕਰਨ ਤਾਂ ਜੁ ਇਸ ਕੇਸ ਦਾ ਬਿਲਕੁਲ ਸਹੀ ਫ਼ੈਸਲਾ ਕੀਤਾ ਜਾ ਸਕੇ।

# ਗੁਰਦੁਆਰਾ ਸਾਹਿਬ ਨੂੰ ਹਰਮੋਨੀਅਮ ਸੈੱਟ ਤੇ ਚੈੱਕ ਭੇਟ



**ਸੰਗਰੂਰ (ਪ੍ਰਵੀਨ ਸਿੰਘ)**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਧਰਮ ਪ੍ਰਚਾਰ ਲਈ ਪੰਜਾਬ ਵਿੱਚ ਬੱਚਿਆਂ ਨੂੰ ਸਿੱਖ ਧਰਮ ਨਾਲ ਜੋੜਨ ਲਈ ਬਹੁਤ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੁ ਨੌਜਵਾਨ ਨਸ਼ਿਆਂ ਦੀ ਭੈੜੀ ਬਿਮਾਰੀ ਤੋਂ ਬਚ ਸਕਣ। ਇਸੇ ਹੀ ਲੜੀ ਤਹਿਤ ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਾਈਆਂ ਜਾ ਰਹੀਆਂ ਹਨ। ਪਿੰਡ ਫਤਿਹਗੜ੍ਹ ਛੰਨਾਂ ਦੇ ਗੁਰਦੁਆਰਾ ਸ੍ਰੀ ਅਬਚਲ ਨਗਰ ਸਾਹਿਬ ਵਿੱਚ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਗੁਰਮਤਿ ਕਲਾਸ ਲਾਈ ਜਾ ਰਹੀ ਹੈ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਕੀਰਤਨ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਸ਼੍ਰੋਮਣੀ ਗੁ.ਪ੍ਰ.ਕਮੇਟੀ ਦੇ ਐਗਜੈਕਟਿਵ ਮੈਂਬਰ ਭਾਈ ਮਲਕੀਤ ਸਿੰਘ ਚੰਗਾਲ ਵੱਲੋਂ ਇਸ ਕਲਾਸ ਲਈ ਇੱਕ ਹਰਮੋਨੀਅਮ ਤੇ ਤਬਲਾ ਸੈੱਟ ਅਤੇ ਗੁਰਦੁਆਰਾ ਸਾਹਿਬ ਦੀ ਅਧੂਰੀ ਪਈ ਇਮਾਰਤ ਲਈ 50000/- ਰੁਪਏ ਦਾ ਚੈੱਕ ਵੀ ਭੇਟ ਕੀਤਾ ਗਿਆ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਰਾਜਵੀਰ ਸਿੰਘ ਵੱਲੋਂ ਭਾਈ ਮਲਕੀਤ ਸਿੰਘ ਚੰਗਾਲ ਅਤੇ ਸ੍ਰੋ. ਗੁ. ਪ੍ਰ. ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਹਰਦੇਵ ਸਿੰਘ ਪ੍ਰਧਾਨ, ਭਾਈ ਮਲਕੀਤ ਸਿੰਘ ਖ਼ਜ਼ਾਨਚੀ, ਭਾਈ ਦਲਵਿੰਦਰ ਦਿੰਘ ਨੰਬਰਦਾਰ, ਭਾਈ ਪੁਸਵਿੰਦਰ ਸਿੰਘ, ਡਾਕਟਰ ਸੁਖਚੈਨ ਸਿੰਘ ਸਾਰੋਂ, ਅਮਨਦੀਪ ਸਿੰਘ, ਵਰਿਆਮ ਸਿੰਘ ਚੰਦੜ ਤੇ ਅਵਤਾਰ ਸਿੰਘ ਲਵਲੀ ਆਦਿ ਹਾਜ਼ਰ ਸਨ।

## ਕਾਤਰਾਂ

### ਚਾਇਨਾ ਡੋਰ ਬਰਾਮਦ ਕਰ ਮਾਮਲਾ ਦਰਜ

**ਮਲੋਟ (ਗੁਰਮੀਤ ਸਿੰਘ ਮੱਕੜ)**-ਥਾਣਾ ਸਿਟੀ ਪੁਲਿਸ ਨੇ ਚਾਇਨਾ ਡੋਰ ਬਰਾਮਦ ਕਰ ਇੱਕ ਵਿਅਕਤੀ 'ਤੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਸ ਪਾਰਟੀ ਗਸ਼ਤ ਦੇ ਦੌਰਾਨ ਰਵੀਦਾਸ ਨਗਰ ਮਲੋਟ ਸੀ ਤਾਂ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਦੀਪਕ ਕੁਮਾਰ ਵਾਸੀ ਪਟੇਲ ਨਗਰ ਮਲੋਟ ਆਪਣੀ ਦੁਕਾਨ 'ਤੇ ਚਾਇਨਾ ਡੋਰ ਵੇਚਦਾ ਹੈ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕਰਕੇ ਦੁਕਾਨ 'ਚ 12 ਚਰਖੜੀਆਂ ਚਾਇਨਾ ਡੋਰ ਬਰਾਮਦ ਕਰ ਲਈ। ਪੁਲਸ ਨੇ ਉਕਤ ਵਿਅਕਤੀ 'ਤੇ ਮੁਕੱਦਮਾ ਨੰ.10 ਧਾਰਾ 188 ਆਈ.ਪੀ.ਸੀ. ਤਹਿਤ ਦਰਜ ਕਰਕੇ ਉਕਤ ਵਿਅਕਤੀ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ।

### ਸਿਹਤ ਵਿਭਾਗ ਵੱਲੋਂ ਮਨਾਇਆ ਜਾ ਰਿਹਾ ਸੜਕ ਸੁਰੱਖਿਆ ਹਫ਼ਤਾ

**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਡਿਪਟੀ ਕਮਿਸਤਨਰ ਪੂਨਮਦੀਪ ਕੌਰ ਦੀ ਅਗਵਾਈ ਹੇਠ 11 ਜਨਵਰੀ ਤੋਂ 17 ਜਨਵਰੀ 2023 ਤੱਕ ਸੜਕ ਸੁਰੱਖਿਆ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਲੜੀ ਤਹਿਤ ਸਿਹਤ ਵਿਭਾਗ ਵੱਲੋਂ ਜਾਗਰੂਕਤਾ ਪੋਸਟਰ ਜਾਰੀ ਕੀਤਾ ਗਿਆ। ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਨੇ ਪੋਸਟਰ ਜਾਰੀ ਕਰਦਿਆਂ ਕਿਹਾ ਕਿ ਵਹੀਕਲ ਚਲਾਉਂਦੇ ਸਮੇਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਅਤੇ 18 ਸਾਲ ਤੋਂ ਘੱਟ ਉਮਰ 'ਚ ਵਹੀਕਲ ਨਾ ਚਲਾਉਣ ਸਬੰਧੀ ਜਾਣਕਾਰੀ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਡਰਾਇਵਿੰਗ ਕਰਦੇ ਸਮੇਂ ਮੋਬਾਇਲ ਦੀ ਵਰਤੋਂ ਅਤੇ ਨਸ਼ਿਆਂ ਦਾ ਸੇਵਨ ਨਾ ਕੀਤਾ ਜਾਵੇ। ਸਪੀਡ ਨਿਯਮਾਂ ਅਨੁਸਾਰ ਰੱਖੀ ਜਾਵੇ, ਗੱਡੀ ਚਲਾਉਣ ਸਮੇਂ ਸੀਟ ਬੈਲਟ ਦੀ ਵਰਤੋਂ ਕੀਤੀ ਜਾਵੇ, ਰੇਡੇ ਫਾਟਕ ਧਿਆਨ ਨਾਲ ਪਾਰ ਕਰਨੇ ਚਾਹੀਦੇ ਹਨ ਤੇ ਸਕੂਟਰ/ਮੋਟਰਸਾਈਕਲ ਚਲਾਉਣ ਸਮੇਂ ਹੈਲਮਟ ਦੀ ਵਰਤੋਂ ਕਰਨੀ ਚਾਹੀਦੀ ਹੈ। ਟ੍ਰੈਫਿਕ ਨਿਯਮਾਂ ਦੀ ਪਾਲਣਾ ਤੇ ਪੂਰੀ ਜਾਣਕਾਰੀ ਨਾਲ ਸੜਕੀ ਹਾਦਸਿਆਂ 'ਚ ਹੋ ਰਹੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਸਬੰਧੀ ਸਿਹਤ ਵਿਭਾਗ ਦੇ ਕ੍ਰਮਚਾਰੀਆਂ ਵੱਲੋਂ ਗਰੁੱਪ ਮੀਟਿੰਗਾਂ ਕਰਕੇ ਅਤੇ ਪ੍ਰੈਸ ਕਵਰੇਜ ਕਰਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਸਮੇਂ ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਸੂਚਨਾ ਅਫ਼ਸਰ, ਪਵਨ ਕੁਮਾਰ ਚੀਫ ਫਾਰਮੇਸੀ ਅਫ਼ਸਰ, ਗੁਰਮੇਲ ਸਿੰਘ ਢਿੱਲੋਂ ਹੈਲਥ ਇੰਸਪੈਕਟਰ, ਸਮੂਹ ਡਰਾਇਵਰ ਪਰਮਜੀਤ ਸਿੰਘ, ਰਵਿੰਦਰ ਸਿੰਘ, ਟੇਕ ਸਿੰਘ, ਗੁਰਮੇਲ ਸਿੰਘ ਤੇ ਸਿਹਤ ਕ੍ਰਮਚਾਰੀ ਸੁਰਿੰਦਰ ਸਿੰਘ, ਜਗਜੀਤ ਸਿੰਘ ਤੇ ਗੁਲਾਬ ਸਿੰਘ ਹਾਜ਼ਰ ਸਨ।

### ਆਪ ਸਰਕਾਰ ਨੇ 9 ਮਹੀਨਿਆਂ 'ਚ 25 ਹਜ਼ਾਰ ਨੌਕਰੀਆਂ ਦੇ ਕੇ ਆਪਣਾ ਵਾਅਦਾ ਨਿਭਾਇਆ : ਪ੍ਰੋ. ਬਲਜਿੰਦਰ ਕੌਰ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਚੰਗੀ ਸਿੱਖਿਆ ਅਤੇ ਵਧੀਆ ਸਿਹਤ ਸੇਵਾਵਾ ਦਿੱਤੀਆਂ ਜਾ ਰਹੀਆਂ ਹਨ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਇਨਾਂ ਵਿਚਾਰਾਂ ਆਮ ਆਦਮੀ ਪਾਰਟੀ ਪੰਜਾਬ ਦੇ ਚੀਫ ਵਿੱਪ ਪ੍ਰੋ. ਬਲਜਿੰਦਰ ਕੌਰ ਵਿਧਾਇਕ ਤਲਵੰਡੀ ਸਾਬੋ ਕੈਬਨਿਟ ਰੈਂਕ ਪੰਜਾਬ ਨੇ ਸ੍ਰੀ ਗੁਰੂ ਤੇਗ ਬਹਾਦਰ ਨਗਰ ਨਾਭਾ ਵਿਖੇ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂਵਾਲਾ ਦੇ ਗ੍ਰਹਿ ਵਿਖੇ ਗੱਲਬਾਤ ਕਰਦਿਆਂ ਕੀਤਾ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ। ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਨੂੰ ਮੁੜ ਤੋਂ ਵਿਕਾਸ ਅਤੇ ਤਰੱਕੀ ਦੇ ਰਾਹੇ ਪਾ ਕੇ ਖ਼ੁਸ਼ਹਾਲ ਬਣਾਉਣ ਲਈ ਵਚਨਬੱਧ ਹੈ ਅਤੇ ਸਰਕਾਰ ਨੇ ਮਹਿਜ਼ 9 ਮਹੀਨਿਆਂ ਵਿੱਚ 25 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਆਪਣਾ ਵਾਅਦਾ ਨਿਭਾਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਮਾਣ ਮਹਿਸੂਸ ਕਰ ਰਹੇ ਹਨ ਅਤੇ ਸਰਕਾਰ ਵੱਲੋਂ ਲਏ ਜਾ ਰਹੇ ਲੋਕ ਪੱਖੀ ਫੈਸਲਿਆਂ ਤੋਂ ਲੋਕ ਬੇਹੱਦ ਖੁਸ਼ ਹਨ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂਵਾਲਾ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਪ੍ਰੋ. ਬਲਜਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਖੰਡਿਤ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੀ ਭੁੱਲ ਬਖਸ਼ਾਉਣ ਲਈ ਅਖੰਡ ਪਾਠ ਸਾਹਿਬ ਕਰਵਾਉਣ ਦੀਆਂ ਤਿਆਰੀਆਂ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪਿੰਡ ਸ਼ੁਤਰਾਣਾ ਵਿਖੇ ਸ਼ਹੀਦੀ ਸਭਾ ਮੌਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਰਖਵਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਨੂੰ ਇੱਕ ਪਾਠੀ ਵੱਲੋਂ ਖੰਡਿਤ ਕੀਤੇ ਜਾਣ ਉਪਰੰਤ ਪਾਠੀ ਵਿਰੁੱਧ ਕਿਸੇ ਕਿਸਮ ਦੀ ਕੋਈ ਕਾਰਵਾਈ ਨਹੀਂ ਹੋਈ ਅਤੇ ਇਸ ਅਤਿ ਨਿੰਦਣਯੋਗ ਘਟਨਾ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਪਰ ਹੁਣ ਕਿਸੇ ਵਿਅਕਤੀ ਵੱਲੋਂ ਪਾਠੀ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਮਗਰੋਂ ਹੋ ਰਹੀ ਬਦਨਾਮੀ ਦੇ ਡਰੋਂ ਕਮੇਟੀ ਅਤੇ ਸੰਗਤਾਂ ਵੱਲੋਂ ਭੁੱਲ ਬਖਸ਼ਾਉਣ ਲਈ ਦੁਬਾਰਾ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹੈ। ਜਾਣਕਾਰੀ ਅਨੁਸਾਰ ਹਰ ਸਾਲ ਦੀ ਤਰ੍ਹਾਂ ਪਿੰਡ ਸ਼ੁਤਰਾਣਾ ਵਿਖੇ ਇਸ ਵਾਰ ਵੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਗੁਰਦੁਆਰਾ ਸਾਹਿਬ ਵਿੱਚ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਸਨ। ਪਾਠ ਦੌਰਾਨ ਹੋਰ ਪਾਠੀ ਸਿੰਘਾਂ ਦੀਆਂ ਡਿਊਟੀਆਂ ਵਿੱਚ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਨੇ ਵੀ ਡਿਊਟੀ ਲਗਾਉਣੀ ਸੀ ਪਰ ਗ੍ਰੰਥੀ ਸਿੰਘ ਵੱਲੋਂ ਆਪਣੀ ਜਗ੍ਹਾ 'ਤੇ ਆਪਣੀ ਪਤਨੀ ਦੇ ਰਿਸ਼ਤੇਦਾਰ ਲੜਕੇ ਨੂੰ ਪਾਠ ਦੌਰਾਨ ਡਿਊਟੀ ਦੇਣ ਲਈ ਲਗਾ ਦਿੱਤਾ ਗਿਆ। ਇਸ ਲੜਕੇ ਦੇ ਦੂਸਰੇ ਪਾਠੀ ਸਿੰਘਾਂ ਨਾਲੋਂ ਵੱਧ ਅੰਗ ਪਾਠ ਕਰਨ ਦਾ ਪਤਾ ਲੱਗਣ 'ਤੇ ਉਥੇ ਮੌਜੂਦ ਨੌਜਵਾਨਾਂ ਨੂੰ ਸ਼ੱਕ ਪੈ ਗਿਆ। ਜਦੋਂ ਉਨ੍ਹਾਂ ਸੀਸੀਟੀਵੀ ਕੈਮਰਿਆਂ ਰਾਹੀ ਦੇਖਿਆ ਤਾਂ ਸਾਫ ਨਜ਼ਰ ਆ ਰਿਹਾ ਸੀ ਕਿ ਉਕਤ ਪਾਠੀ ਵੱਲੋਂ ਪਾਠ ਦੌਰਾਨ ਲਾਈ ਗਈ ਹਰੇਕ ਡਿਊਟੀ ਵਿੱਚ ਮੋਬਾਈਲ ਫੋਨ ਚਲਾਉਂਦੇ ਦਿਖਾਈ ਦੇ ਰਿਹਾ ਸੀ। ਅਜਿਹਾ ਸ੍ਰੀ ਅਖੰਡ ਪਾਠ ਸਾਹਿਬ ਖੰਡਿਤ ਕਰਨ ਦੇ ਮਾਮਲੇ ਵਿੱਚ ਕਿਸੇ ਕਿਸਮ ਦੀ ਸਜ਼ਾ ਦੇਣ ਦੀ ਬਜਾਏ ਗੱਲ ਨੂੰ ਰਫਾ ਦਫਾ ਕਰਨ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਸਬੰਧੀ ਪੁੱਛੇ ਜਾਣ 'ਤੇ ਲੋਕ ਇਕ ਦੂਜੇ ਨੂੰ ਜ਼ਿੰਮੇਵਾਰ ਦੱਸ ਰਹੇ ਹਨ। ਮਾਮਲੇ ਸੰਬੰਧੀ ਐਸ ਜੀ ਪੀ ਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਘਟਨਾ ਸੰਬੰਧੀ ਕੋਈ ਸ਼ਿਕਾਇਤ ਨਹੀਂ ਆਈ। ਜੇਕਰ ਕੋਈ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਕੋਲ ਲਿਖਤੀ ਰੂਪ ਵਿੱਚ ਸ਼ਿਕਾਇਤ ਭੇਜੇਗਾ ਤਾਂ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੜਤਾਲ ਕਰਨ ਉਪਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ ਕਰਾਈ ਸਾਬਕਾ ਵਿਦਿਆਰਥੀਆਂ ਲਈ ਅਲੂਮਨੀ ਮੀਟ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਐਗਰੀਮ ਕਲੱਬ ਆਫ ਐਗਰੀਕਲਚਰ ਐਂਡ ਲਾਈਫ ਸਾਇੰਸਜ ਅਤੇ ਪੈਰਾਟੋਪੀਆ ਕਲੱਬ ਆਫ ਫੈਕਲਟੀ ਆਫ ਅਲਾਈਡ ਹੈਲਥ ਸਾਇੰਸਜ ਨੇ ਦੇਸ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੀ ਅਲੂਮਨੀ ਐਸੋਸੀਏਸ਼ਨ ਦੇ ਸਹਿਯੋਗ ਨਾਲ 14 ਜਨਵਰੀ ਨੂੰ ਅਲੂਮਨੀ ਮੀਟਿੰਗ-2023 ਦਾ ਆਯੋਜਨ ਕੀਤਾ।



ਪ੍ਰੋਗਰਾਮ ਦੀ ਸ਼ੁਰੂਆਤ ਸਾਬਕਾ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਨਾਲ ਹੋਈ, ਜਿਸ ਤੋਂ ਬਾਅਦ ਦੇਸ਼ ਭਗਤ ਯੂਨੀਵਰਸਿਟੀ ਦੇ ਉਪ ਪ੍ਰਧਾਨ ਡਾ. ਹਰਸ਼ ਸਦਾਵਰਤੀ, ਵਾਈਸ ਚਾਂਸਲਰ ਡਾ. ਵਰਿੰਦਰ ਸਿੰਘ ਦਾ ਜੀਵਨ ਵਿਗਿਆਨ ਦੀ ਪ੍ਰੋਫੈਸਰ ਡਾ. ਐਚ.ਕੇ. ਸਿੱਧੂ ਵੱਲੋਂ ਫੁੱਲਾਂ ਨਾਲ ਸਵਾਗਤ ਹੋਇਆ। ਰਵਾਇਤੀ ਦੀਵੇ ਜਗਾਉਣ ਦੀ ਰਸਮ ਅਤੇ ਡੀ.ਬੀ.ਯੂ ਗੀਤ ਤੋਂ ਬਾਅਦ ਡਾ. ਐਚ.ਕੇ. ਸਿੱਧੂ ਨੇ ਪਤਵੰਤਿਆਂ ਦਾ ਰਸਮੀ ਸਵਾਗਤ ਕੀਤਾ ਅਤੇ ਯੂਨੀਵਰਸਿਟੀ ਦੀ ਅਲੂਮਨੀ ਐਸੋਸੀਏਸ਼ਨ ਬਾਰੇ ਵਿਸਥਾਰ ਵਿੱਚ ਦੱਸਿਆ।

ਉਨ੍ਹਾਂ ਸਾਬਕਾ ਵਿਦਿਆਰਥੀਆਂ ਨੂੰ ਇਹ ਦੱਸਦਿਆਂ ਕਿ ਸਾਡੇ ਕੈਨੇਡਾ, ਜੰਮੂ, ਕਸ਼ਮੀਰ ਅਤੇ ਦਿੱਲੀ ਵਿੱਚ ਵੱਖਰੇ ਚੈਪਟਰ ਹਨ। ਉਨ੍ਹਾਂ ਅਲੂਮਨੀ ਐਸੋਸੀਏਸ਼ਨ ਦੇ ਸੰਚਾਲਨ ਬਾਰੇ ਵੀ ਚਰਚਾ ਕੀਤੀ। ਸਮਾਗਮ ਵਿੱਚ ਵਿਦਿਆਰਥੀਆਂ ਅਤੇ ਸਾਬਕਾ ਵਿਦਿਆਰਥੀਆਂ ਦੁਆਰਾ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਵਿਦਿਆਰਥੀ ਨਾਮੀ ਕੰਪਨੀਆਂ ਵਿੱਚ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਹਨ। ਖੇਤੀਬਾੜੀ ਅਤੇ ਜੀਵਨ ਵਿਗਿਆਨ ਦੀ ਪ੍ਰੋਫੈਸਰ ਡਾ. ਦੀਪਿੰਦਰਪਾਲ ਸਿੰਘ, ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਜਿਵੇਂ ਕਿ ਪੈਰਾਮੈਡੀਕਲ ਸਾਇੰਸ, ਫਿਜੀਓਥੈਰੇਪੀ ਅਤੇ ਐਗਰੀਕਲਚਰ ਵਿੱਚ ਨੌਕਰੀ ਦੇ ਵਧੀਆ ਮੌਕਿਆਂ ਬਾਰੇ ਦੱਸਿਆ।ਕੇਕ-ਮਿਲਾਉਣ ਦੀ ਰਸਮ ਤੋਂ ਬਾਅਦ , ਸਾਬਕਾ ਵਿਦਿਆਰਥੀਆਂ ਨੂੰ ਤੋਹਫੇ ਵੀ ਭੇਟ ਕੀਤੇ ਗਏ। ਫਿਜੀਓਥੈਰੇਪੀ ਵਿਭਾਗ ਦੀ ਡਾ. ਸਿਮਰਨਜੀਤ ਕੌਰ ਨੇ ਸਾਬਕਾ ਵਿਦਿਆਰਥੀਆਂ ਨੂੰ ਨਵੀਆਂ ਬੁਲੰਦੀਆਂ 'ਤੇ ਪੁਚਾਉਣ ਵਿੱਚ ਯੂਨੀਵਰਸਿਟੀਦੀ ਭੂਮਿਕਾ ਬਾਰੇ ਚਰਚਾ ਕੀਤੀ। ਉਨ੍ਹਾਂ ਮੈਨੇਜਮੈਂਟ, ਪ੍ਰਾਹੁਣਚਾਰੀ ਵਿਭਾਗ, ਆਈ.ਟੀ., ਮੀਡੀਆ ਵਿਦਿਆਰਥੀਆਂ, ਸਾਬਕਾ ਵਿਦਿਆਰਥੀਆਂ ਤੇ ਫੈਕਲਟੀ ਦਾ ਧੰਨਵਾਦ ਕੀਤਾ।

# ਬਾਬਾ ਫ਼ਰੀਦ ਕਾਲਜ ਦੇ ਫਿਜ਼ਿਕਸ ਵਿਭਾਗ ਵੱਲੋਂ ਟ੍ਰੇਨਿੰਗ ਸੈਸ਼ਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਾਬਾ ਫ਼ਰੀਦ ਕਾਲਜ ਬਠਿੰਡਾ ਦੀ ਫੈਕਲਟੀ ਆਫ਼ ਸਾਇੰਸਜ਼ ਦੇ ਫਿਜ਼ਿਕਸ ਵਿਭਾਗ ਨੇ ਬੀ ਐਸ ਸੀ (ਨਾਨ-ਮੈਡੀਕਲ), ਬੀ ਐਸ ਸੀ ਆਨਰਜ਼ (ਫਿਜ਼ਿਕਸ) ਅਤੇ ਐਮ ਐਸ ਸੀ (ਫਿਜ਼ਿਕਸ) ਦੇ ਵਿਦਿਆਰਥੀਆਂ ਲਈ ਮਾਈਕਰੋਸਾਫ਼ਟ ਆਫ਼ਿਸ ਬਾਰੇ ਟ੍ਰੇਨਿੰਗ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਬਾਰੇ ਹੁਨਰ ਵਿਕਾਸ ਦੇ ਸਿਖਲਾਈ ਸੈਸ਼ਨਾਂ ਦਾ ਆਯੋਜਨ ਕੀਤਾ ਅਤੇ ਈ ਡੀ ਐਕਸ ਪਲੇਟਫ਼ਾਰਮ ਦੇ ਸਹਿਯੋਗ ਨਾਲ ਮੂਕ ਕੋਰਸ (ਮਾਸਿਵ ਓਪਨ ਆਨਲਾਈਨ ਕੋਰਸ) ਦਾ ਪ੍ਰਬੰਧ ਕੀਤਾ। ਈ ਡੀ ਐਕਸ ਇੱਕ ਅਮਰੀਕੀ ਮੂਕ ਕੋਰਸ ਪ੍ਰਦਾਤਾ ਪਲੇਟਫ਼ਾਰਮ ਹੈ ਜੋ ਹਾਰਵਰਡ ਅਤੇ ਐਮ ਆਈ ਟੀ ਦੁਆਰਾ ਬਣਾਇਆ ਗਿਆ ਹੈ। ਇਸ ਪਲੇਟਫ਼ਾਰਮ 'ਤੇ ਜ਼ਿਆਦਾਤਰ ਵਿਦਿਆਰਥੀਆਂ ਨੇ 'ਬੇਸਿਕਸ ਆਫ਼ ਪਾਈਥਨ ਫ਼ਾਰ ਡਾਟਾ ਸਾਇੰਸ' ਕੋਰਸ ਦੀ ਚੋਣ ਕੀਤੀ ਜਦੋਂ ਕਿ ਕੁੱਝ ਨੇ ਵੱਖ-ਵੱਖ ਰੁਚੀਆਂ ਦਿਖਾਉਂਦੇ ਹੋਏ ਸੋਲਰ ਐਨਰਜੀ ਅਤੇ ਆਨਲਾਈਨ ਕੋਰਸ ਕਿਵੇਂ ਸਿੱਖਣਾ ਹੈ ਆਦਿ ਕੋਰਸ ਚੁਣੇ। ਪੂਰੇ ਸਿਖਲਾਈ ਪ੍ਰੋਗਰਾਮ ਨੂੰ ਦੋ ਸੈਸ਼ਨਾਂ ਵਿੱਚ ਵੰਡਿਆ ਗਿਆ ਸੀ। ਸਵੇਰ ਦੇ ਸੈਸ਼ਨ ਦੌਰਾਨ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਅਤੇ ਸ਼ਾਮ ਦੇ ਸੈਸ਼ਨ ਦੌਰਾਨ ਮਾਈਕਰੋਸਾਫ਼ਟ ਆਫ਼ਿਸ ਦੀ ਵਰਤੋਂ ਬਾਰੇ ਵਿਹਾਰਕ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਵਾਧੂ-ਪਾਠਕ੍ਰਮ ਗਤੀਵਿਧੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਮਾਈਕਰੋਸਾਫ਼ਟ ਆਫ਼ਿਸ ਦੇ ਵਾਤਾਵਰਨ ਬਾਰੇ ਵਿਹਾਰਕ ਰੂਪ ਵਿੱਚ ਜਾਗਰੂਕ ਕਰਨਾ ਸੀ। ਇਸ ਸਿਖਲਾਈ ਵਿੱਚ ਵੱਖ-ਵੱਖ ਐਮ.ਐਸ. ਆਫ਼ਿਸ ਟੂਲਜ਼ ਜਿਵੇਂ ਕਿ ਮਾਈਕਰੋਸਾਫ਼ਟ ਵਰਡ, ਐਕਸਲ, ਪਾਵਰ ਪੁਆਇੰਟ ਆਦਿ ਬਾਰੇ ਚਰਚਾ ਸ਼ਾਮਲ ਸੀ। ਇਸ ਪ੍ਰੋਗਰਾਮ ਦਾ ਹੋਰ ਮੁੱਖ ਮੰਤਵ ਪ੍ਰਤੀਯੋਗੀ ਇਮਤਿਹਾਨਾਂ ਬਾਰੇ ਸੂਝ-ਬੂਝ ਨੂੰ ਵਿਕਸਤ ਕਰਨਾ ਸੀ ਜੋ ਵਿਦਿਆਰਥੀਆਂ ਲਈ ਇੱਕ ਸੰਭਾਵੀ ਕੈਰੀਅਰ ਦਾ ਰਾਹ ਬਣ ਸਕੇ, ਜਿਸ ਨਾਲ ਉਨ੍ਹਾਂ ਦੀ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ ਤੋਂ ਤੁਰੰਤ ਬਾਅਦ ਕੈਰੀਅਰ ਨੂੰ ਪੂਰਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਈ.ਡੀ.ਐਕਸ ਮੂਕ ਕੋਰਸ ਰਾਹੀਂ ਨਾ ਸਿਰਫ਼ ਵਿਦਿਆਰਥੀਆਂ ਦੇ ਗਿਆਨ ਨੂੰ ਵਧਾਉਣਾ ਸੀ ਸਗੋਂ ਉਨ੍ਹਾਂ ਨੂੰ ਵਿਹਾਰਕ ਚਣੌਤੀਆਂ ਨਾਲ ਨਜਿੱਠਣ ਅਤੇ ਕਿਤਾਬਾਂ ਦੀ ਸੀਮਾ ਤੋਂ ਬਾਹਰ ਉਨ੍ਹਾਂ ਦੀ ਸਮਝ ਨੂੰ ਵਧਾਉਣ ਲਈ ਵਧੇਰੇ ਆਤਮ-ਵਿਸ਼ਵਾਸ ਵੀ ਪ੍ਰਦਾਨ ਕਰਨਾ ਸੀ। ਫਿਜ਼ਿਕਸ ਵਿਭਾਗ ਦੇ ਮੁਖੀ ਡਾ. ਸੁਧੀਰ ਮਿੱਤਲ ਨੇ ਵਿਦਿਆਰਥੀਆਂ ਨੂੰ ਮੂਕ ਕੋਰਸ ਅਤੇ ਹੋਰ ਹੁਨਰ ਵਿਕਾਸ ਪ੍ਰੋਗਰਾਮਾਂ ਨੂੰ ਪੂਰਾ ਕਰਨ ਅਤੇ ਆਈ ਬੀ ਐਮ ਤੋਂ ਪ੍ਰਮਾਣਿਤ ਪ੍ਰਮਾਣ ਪੱਤਰ ਪ੍ਰਾਪਤ ਕਰਨ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵੱਲੋਂ ਸਕਾਰਾਤਮਕ ਹੁੰਗਾਰਾ ਮਿਲਣ ਤੋਂ ਬਾਅਦ ਨੇੜਲੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੇ ਹੋਰ ਸੈਸ਼ਨ ਕਰਵਾਏ ਜਾਣਗੇ। ਬੀ ਐਫ ਜੀ ਆਈ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ, ਬਾਬਾ ਫ਼ਰੀਦ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਮਨੀਸ਼ ਬਾਂਸਲ ਅਤੇ ਫੈਕਲਟੀ ਆਫ਼ ਸਾਇੰਸਜ਼ ਦੇ ਡੀਨ ਡਾ. ਜਾਵੇਦ ਅਹਿਮਦ ਖ਼ਾਨ ਨੇ ਫਿਜ਼ਿਕਸ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਭਾਕਿਯੂ ਰਾਜੇਵਾਲ ਨੇ ਮੀਟਿੰਗ ਦੌਰਾਨ ਵਿਚਾਰਾਂ ਕੀਤੀਆਂ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਤੇ ਸ਼ੇਰਪੁਰ ਦੀ ਮੀਟਿੰਗ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਜੱਖਲਾਂ ਅਤੇ ਬਲਾਕ ਸ਼ੇਰਪੁਰ ਦੇ ਪ੍ਰਧਾਨ ਪ੍ਰੀਤਮ ਸਿੰਘ ਬਾਦਸ਼ਾਹਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੰਜ ਕਿਸਾਨ ਜਥੇਬੰਦੀਆਂ ਵੱਲੋਂ ਚੰਡੀਗੜ੍ਹ ਵਿੱਚ ਦਿੱਲੀ ਦੀ ਤਰਜ਼ 'ਤੇ ਸ਼ਾਂਤਮਈ ਕਿਸਾਨ ਅੰਦੋਲਨ ਕੀਤਾ ਜਾ ਰਿਹਾ ਹੈ, ਜਿਸ ਸਬੰਧੀ 20 ਜਨਵਰੀ ਨੂੰ ਕਿਸਾਨ ਭਵਨ ਚੰਡੀਗੜ੍ਹ ਵਿਖੇ ਕਿਸਾਨ ਕਨਵੈਨਸ਼ਨ ਕੀਤੀ ਜਾ ਰਹੀ ਹੈ, ਜਿਸ ਵਿੱਚ ਭਾਗ ਲੈਣ ਲਈ ਤੇ ਕਿਸਾਨਾਂ ਨੂੰ ਜਾਣ ਲਈ ਪ੍ਰੇਰਤ ਕੀਤਾ ਗਿਆ। ਕੋਹਰਾ ਪੈਣ ਕਾਰਨ ਕਿਸਾਨਾਂ ਨੂੰ ਬਿਜਲੀ ਸਪਲਾਈ 10 ਘੰਟੇ ਨਿਰਵਿਘਨ ਦੇਣ ਦੀ ਮੰਗ ਕੀਤੀ ਗਈ ਤੇ ਪਿੰਡਾਂ ਵਿੱਚ 24 ਘੰਟੇ ਬਿਜਲੀ ਸਪਲਾਈ ਵਿੱਚ ਸੁਧਾਰ ਕਰਨ ਦੀ ਮੰਗ ਕੀਤੀ ਗਈ। ਕਿਸਾਨ ਆਗੂ ਗੁਰਜੀਤ ਸਿੰਘ ਭੜੀ ਨੇ ਮੰਗ ਕੀਤੀ ਕਿ ਖੰਡ ਮਿੱਲ ਧੂਰੀ ਵੱਲ ਬਕਾਇਆ ਕਿਸਾਨਾਂ ਦੀ ਕਰੋੜਾ ਰੁਪਏ ਦੀ ਰਾਸ਼ੀ ਦੀ ਤੁਰੰਤ ਅਦਾਇਗੀ ਕਰਨ ਦੀ ਮੰਗ ਕੀਤੀ ਗਈ ਤੇ ਚਾਲੂ ਸਾਲ ਦੀ ਅਦਾਇਗੀ 14 ਦਿਨਾਂ ਅੰਦਰ ਕਰਾਉਣ ਦੀ ਮੰਗ ਕੀਤੀ ਗਈ। ਇਸ ਮੌਕੇ ਸਰਬਜੀਤ ਸਿੰਘ ਅਲਾਲ, ਭੁਪਿੰਦਰ ਸਿੰਘ ਭੁੱਲਰਹੇੜੀ, ਜਸਦੇਵ ਸਿੰਘ, ਦੀਦਾਰ ਸਿੰਘ, ਗੁਰਨਾਮ ਸਿੰਘ ਕੋਲਸੇੜੀ, ਮਲਕੀਤ ਸਿੰਘ ਪ੍ਰਧਾਨ, ਛੋਟਾ ਸਿੰਘ ਕਾਂਝਲਾ ਤੇ ਜਸਵੀਰ ਸਿੰਘ ਕਾਂਝਲਾ ਆਦਿ ਵੀ ਹਾਜ਼ਰ ਸਨ।



ਮੀਟਿੰਗ ਦੌਰਾਨ ਕਿਸਾਨ ਆਗੂ।

# ਸਾਬਕਾ ਪ੍ਰਧਾਨ ਰਜਨੀਸ਼ ਮਿੱਤਲ ਸੈਂਟੀ ਨੂੰ ਸਦਮਾ, ਪਿਤਾ ਦਾ ਦੇਹਾਂਤ

**ਨਾਭਾ (ਵਰਿੰਦਰ ਵਰਮਾ)**

ਨਗਰ ਕੌਂਸਲ ਨਾਭਾ ਦੇ ਸਾਬਕਾ ਪ੍ਰਧਾਨ ਅਤੇ ਕੌਂਸਲਰ ਰਜਨੀਸ਼ ਮਿੱਤਲ ਸੈਂਟੀ ਨੂੰ ਉਸ ਵੇਲੇ ਗਹਿਰਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਪਿਤਾ ਓਮ ਪ੍ਰਕਾਸ਼ ਮਿੱਤਲ ਦਾ ਅਚਾਨਕ ਦਿਹਾਂਤ ਹੋ ਗਿਆ, ਸਵ. ਓਮ ਪ੍ਰਕਾਸ਼ ਮਿੱਤਲ ਪਿਛਲੇ ਲੰਮੇ ਸਮੇਂ ਤੋਂ ਬਿਮਾਰ ਚਲ ਰਹੇ ਸਨ। ਸਵ. ਓਮ ਪ੍ਰਕਾਸ਼ ਮਿੱਤਲ ਦਾ ਅੰਤਿਮ ਸੰਸਕਾਰ ਅੱਜ ਬੌੜੀ ਰੋਡ ਸਥਿਤ ਸ਼ਮਸ਼ਾਨਘਾਟ ਵਿਖੇ ਕਰ ਦਿੱਤਾ ਗਿਆ ਹੈ। ਅੰਤਿਮ ਸੰਸਕਾਰ ਮੌਕੇ ਮਿੱਤਲ ਪਰਵਾਰ ਨਾਲ ਦੁੱਖ ਸਾਂਝਾ ਕਰਨ ਵਾਲਿਆਂ ਵਿੱਚ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਸਾਬਕਾ ਵਿਧਾਇਕ ਰਮੇਸ਼ ਸਿੰਗਲਾ, ਅਸ਼ੋਕ ਅਰੋੜਾ ਸ਼ਹਿਰੀ ਬਲਾਕ ਪ੍ਰਧਾਨ, ਐਡਵੋਕੇਟ ਗਿਆਨ ਸਿੰਘ ਮੂੰਗੋ ਪ੍ਰਧਾਨ ਬਾਰ ਐਸੋਸੀਏਸ਼ਨ, ਸਾਬਕਾ ਚੇਅਰਮੈਨ ਜਗਜੀਤ ਸਿੰਘ ਦੁਲੱਦੀ, ਤਹਿਸੀਲਦਾਰ ਸੁਖਜਿੰਦਰ ਸਿੰਘ ਟਿਵਾਣਾ, ਸਾਬਕਾ ਚੇਅਰਮੈਨ ਅਮਰਦੀਪ ਸਿੰਘ ਖੰਨਾ, ਸਾਬਕਾ ਚੇਅਰਮੈਨ ਓਮ ਪ੍ਰਕਾਸ਼ ਡੱਲਾ, ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਜਤਿੰਦਰ ਸਿੰਘ ਅਭੇਪੁਰ, ਸੰਤੋਖ ਸਿੰਘ ਸੇਠ, ਗੌਰਵ ਗਾਬਾ ਸੀ ਈ ਓ ਹੀਰਾ ਆਟੋ ਮੋਬਾਇਲਜ਼, ਸਾਬਕਾ ਪ੍ਰਧਾਨ ਪ੍ਰੇਮ ਗੋਇਲ, ਪ੍ਰਧਾਨ ਅਮਨ ਗੁਪਤਾ,ਬਲਵਿੰਦਰ ਸਿੰਘ ਬਿੱਟੂ ਢੀਂਗੀ, ਸਾਬਕਾ ਪ੍ਰਧਾਨ ਗੁਰਬਖਸੀਸ ਸਿੰਘ ਭੱਟੀ, ਸਾਬਕਾ ਪ੍ਰਧਾਨ ਗੁਰਸੇਵਕ ਸਿੰਘ ਗੋਲੂ, ਸ਼ਾਂਤੀ ਪ੍ਰਕਾਸ਼ ਛਾਬੜਾ ਪ੍ਰਧਾਨ ਬਹਾਵਲਪੁਰ ਬਿਰਾਦਰੀ ਵੈਲਫੇਅਰ ਸੋਸਾਇਟੀ, ਐਡਵੋਕੇਟ ਨਿਤਿਨ ਜੈਨ ਪ੍ਰਧਾਨ ਰੋਟਰੀ ਕਲੱਬ, ਦੀਪਕ ਨਾਗਪਾਲ, ਸੰਜੇ ਮੱਗੋ, ਐਡਵੋਕੇਟ ਰੋਹਿਤ ਜਿੰਦਲ, ਡਾ. ਮੁਲਖ ਰਾਜ, ਅਸ਼ੋਕ ਬਾਂਸਲ, ਦਰਸ਼ਨ ਅਰੋੜਾ, ਸਤੀਸ਼ ਕੁਮਾਰ ਭੜੋ, ਸੰਜੀਵ ਸਿਲਪਾ, ਰਾਜੇਸ਼ ਬਾਂਸਲ ਬੱਬੂ, ਕੌਂਸਲਰ ਅਸ਼ੋਕ ਬਿੱਟੂ, ਸੋਮਨਾਥ ਢੱਲ, ਸੰਦੀਪ ਸਿੰਘ ਹਿੰਦ ਕੰਬਾਈਨ, ਗੁਰਦੀਪ ਸਿੰਘ ਖਾਲਸਾ, ਚੋਧਰੀ ਵਿਜੇ ਕੁਮਾਰ, ਅਜੈਬ ਸਿੰਘ ਨਾਭਾ, ਪ੍ਰਧਾਨ ਵਪਾਰ ਵਿੰਗ ਰਮਨ ਜਿੰਦਲ ਭੋਲਾ, ਕੌਂਸਲਰ ਦਲੀਪ ਬਿੱਟੂ, ਬੱਲੂ ਬਾਂਸਲ, ਪ੍ਰਧਾਨ ਲਵਨੀਸ਼ ਲੱਕੀ, ਸਾਬਕਾ ਪ੍ਰਧਾਨ ਜਸਪਾਲ ਸਿੰਘ, ਜਸਵੰਤ ਕਪੂਰ, ਰਮੇਸ਼ ਤਲਵਾੜ, ਕ੍ਰਿਸ਼ਨ ਮੰਗਲਾ ਆਦਿ ਸ਼ਹਿਰ ਵਾਸੀ ਤੇ ਵੱਖ ਵੱਖ ਸੰਸਥਾਵਾਂ ਦੇ ਅਹੁਦੇਦਾਰ ਤੇ ਮੈਂਬਰ ਸਹਿਬਾਨ ਮੌਜੂਦ ਸਨ। ਸਵ. ਓਮ ਪ੍ਰਕਾਸ਼ ਮਿੱਤਲ ਨਮਿਤ ਫੁੱਲ ਚੁਗਣ ਦੀ ਰਸਮ ਬੁੱਧਵਾਰ ਨੂੰ ਸਵੇਰੇ 8 ਵਜੇ ਹੋਵੇਗੀ।





ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਕਿਹਾ ਕੀ ਸਵ. ਸੇਠ ਓਮ ਪ੍ਰਕਾਸ਼ ਮਿੱਤਲ ਬਹੁਤ ਹੀ ਮਿਲਣਸਾਰ ਤੇ ਨੇਕ ਦਿਲ ਇਨਸਾਨ ਸਨ ਜੋ ਸ਼ਹਿਰ ਦੀਆਂ ਵੱਖ ਵੱਖ ਧਾਰਮਿਕ ਸੰਸਥਾਵਾਂ ਨਾਲ ਜੁੜ ਕੇ ਸਮਾਜ ਸੇਵੀ ਕਾਰਜਾ ਵਿੱਚ ਮੋਹਰੀ ਹੋ ਕੇ ਵਿਚਰਦੇ ਸਨ।

# ਨੈਸ਼ਨਲ ਜੰਬੂਰੀ 'ਚ ਸਿਟੀ ਹਾਰਟ ਸਕੂਲ ਨੇ ਪ੍ਰਾਪਤ ਕੀਤੇ ਨੈਸ਼ਨਲ ਜੰਬੂਰੀ ਐਵਾਰਡ ਤੇ ਗੋਲਡ ਮੈਡਲ

**ਮਮਦੋਟ (ਜਸਬੀਰ ਸਿੰਘ ਕੰਬੋਜ)**

18ਵੀਂ ਨੈਸ਼ਨਲ ਜੰਬੂਰੀ ਕੈਂਪ ਭਾਰਤ ਸਕਾਊਟਸ ਐਂਡ ਗਾਈਡਜ, ਰਾਜਸਥਾਨ ਸਰਕਾਰ ਦੇ ਸਹਿਯੋਗ ਨਾਲ ਜ਼ਿਲ੍ਹਾ ਪਾਲੀ ਤਹਿਸੀਲ ਰੋਹਟ, ਰਾਜਸਥਾਨ ਵਿਖੇ 3 ਤੋਂ 10 ਜਨਵਰੀ ਤੱਕ ਲਾਈ ਗਈ। ਪੰਜਾਬ ਦੇ ਸਿੱਖਿਆ ਮੰਤਰੀ ਹਰਜੀਤ ਸਿੰਘ ਬੈਂਸ, ਸਟੇਟ ਆਰਗੇਨਾਈਜਿੰਗ ਕਮਿਸ਼ਨਰ ਪੰਜਾਬ ਓਂਕਾਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਕੰਵਲਜੀਤ ਸਿੰਘ ਧੰਜੂ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਰਜੀਵ ਛਾਬੜਾ, ਜ਼ਿਲ੍ਹਾ ਸਕੱਤਰ ਕਮ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਨੈਸ਼ਨਲ ਪੱਧਰ ਦੇ ਸਮਾਰੋਹ 'ਚ ਫ਼ਿਰੋਜ਼ਪੁਰ ਦੇ 68 ਸਕਾਊਟਸ ਐਂਡ ਗਾਈਡਜ ਨੇ ਭਾਗ ਲਿਆ, ਜਿਨ੍ਹਾਂ ਵਿੱਚੋਂ 14 ਵਿਦਿਆਰਥੀਆਂ ਨੇ ਹਿੱਸਾ ਲਿਆ। ਚਰਨਜੀਤ ਸਿੰਘ ਚਹਿਲ, ਡੀ.ਓ.ਸੀ. ਸਕਾਊਟ ਫ਼ਿਰੋਜ਼ਪੁਰ, ਸਰਬਜੀਤ ਕੌਰ ਡੀ.ਟੀ.ਸੀ. ਗਾਈਡ ਫ਼ਿਰੋਜ਼ਪੁਰ ਨੇ ਦੱਸਿਆ ਕਿ ਇਸ ਨੈਸ਼ਨਲ ਪੱਧਰ ਦੇ ਸਮਾਗਮ ਵਿੱਚ ਭਾਰਤ ਦੇ ਸਾਰੇ ਰਾਜਾਂ ਤੋਂ 37 ਹਜ਼ਾਰ ਵਿਦਿਆਰਥੀਆਂ ਨੇ ਭਾਗ ਲਿਆ। ਇਸ ਰਾਸ਼ਟਰੀ ਜੰਬੂਰੀ ਦਾ ਉਦਘਾਟਨ ਭਾਰਤ ਦੀ ਮਾਨਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਤੀ ਮੁਰਮੂ ਜੀ ਨੇ ਕੀਤਾ। ਇਸ ਰਾਸ਼ਟਰੀ ਜੰਬੂਰੀ 'ਚ ਸਿਟੀ ਹਾਰਟ ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋਏ ਲੋਹਾ ਮਨਵਾਇਆ। ਵਿਦਿਆਰਥੀਆਂ ਨੂੰ ਵੱਖ-ਵੱਖ ਰਾਜਾਂ ਦੇ ਕਲਚਰ, ਰਹਿਣ-ਸਹਿਣ ਤੇ ਖਾਣ-ਪੀਣ ਬਾਰੇ ਜਾਣਕਾਰੀ ਮਿਲੀ। ਨੈਸ਼ਨਲ ਜੰਬੂਰੀ ਰਾਜਸਥਾਨ ਵਿੱਚ ਸਿਟੀ ਹਾਰਟ ਸਕੂਲ ਦੀ ਟੀਮ ਨੇ ਐਡਵੈਂਚਰ ਗਤੀਵਿਧੀਆਂ, ਲੋਕ ਨਾਚ, ਭੰਗੜਾ ਤੇ ਪ੍ਰੇਡ ਵਿੱਚ ਆਪਣੇ ਜੌਹਰ ਦਿਖਾਏ ਅਤੇ ਨੈਸ਼ਨਲ ਜੰਬੂਰੀ ਅਵਾਰਡ ਪ੍ਰਾਪਤ ਕੀਤਾ।





ਵਿਦਿਆਰਥੀਆਂ ਦੇ ਵਾਪਸ ਸਕੂਲ ਪਰਤਣ ਤੇ ਸਕੂਲ ਦੀ ਪ੍ਰਿੰਸੀਪਲ ਰਜਨੀ ਸ਼ਰਮਾ ਅਤੇ ਸਟਾਫ ਨੇ ਇਹਨਾਂ ਵਿਦਿਆਰਥੀਆਂ ਅਤੇ ਨਾਲ ਗਏ ਯੂਨਿਟ ਲੀਡਰ ਹਰਪ੍ਰੀਤ ਸਿੰਘ ਤੇ ਮੈਡਮ ਦਮਨਪ੍ਰੀਤ ਕੌਰ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਤੇ ਸਕਾਊਟ ਮਾਸਟਰ ਮੰਗਤ ਸਿੰਘ ਤੇ ਹਰਦੀਪ ਸਿੰਘ ਨੇ ਇਨ੍ਹਾਂ ਵਿਦਿਆਰਥੀਆਂ ਤੇ ਉਹਨਾਂ ਦੇ ਮਾਪਿਆਂ ਨੂੰ ਨੈਸ਼ਨਲ ਜੰਬੂਰੀ ਐਵਾਰਡ ਤੇ ਗੋਲਡ ਮੈਡਲ ਪ੍ਰਾਪਤ ਕਰਨ 'ਤੇ ਵਧਾਈ ਦਿੱਤੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਬੀ ਕੇ ਯੂ (ਲੱਖੋਵਾਲ) ਵੱਡੇ ਕਾਫ਼ਲੇ ਨਾਲ ਮੋਹਾਲੀ ਮੋਰਚੇ 'ਚ ਪੁੱਜੇਗਾ



ਬੀ.ਕੇ.ਯੂ. (ਲੱਖੋਵਾਲ) ਦੀ ਮੀਟਿੰਗ 'ਚ ਸ਼ਾਮਲ ਕਿਸਾਨ ਆਗੂ ਤੇ ਅਹੁਦੇਦਾਰ।

**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਦੇ ਗ੍ਰਹਿ ਵਿਖੇ ਹੋਈ, ਜਿਸ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਚੰਡੀਗੜ੍ਹ ਵਿਖੇ ਚੱਲ ਰਹੇ ਪੱਕੇ ਮੋਰਚੇ ਵਿੱਚ ਸ਼ਿਰਕਤ ਕਰਨ ਲਈ ਭਲਕੇ ਯੂਨੀਅਨ ਦੇ ਵਰਕਰਾਂ ਤੇ ਅਹੁਦੇਦਾਰਾਂ ਵੱਲੋਂ ਵੱਡੇ ਕਾਫ਼ਲਿਆਂ ਦੇ ਰੂਪ ਜਾਣ ਸਬੰਧੀ ਚਰਚਾ ਕੀਤੀ ਗਈ ਤੇ ਪਾਸ ਕੀਤਾ ਗਿਆ ਕਿ ਯੂਨੀਅਨ ਦੇ ਵਰਕਰ ਅਤੇ ਅਹੁਦੇਦਾਰ ਸਵੇਰੇ 11 ਵਜੇ ਗੁਰਦੁਆਰਾ ਅੰਬ ਸਾਹਿਬ ਵਿਖੇ ਪੁੱਜਣਗੇ। ਇੱਥੋਂ ਹੀ ਵੱਡੇ ਕਾਫਲੇ ਦੇ ਰੂਪ ਵਿੱਚ ਮੋਰਚੇ ਵਾਲੇ ਸਥਾਨ ਲਈ ਰਵਾਨਾ ਹੋਣਗੇ। ਮੀਟਿੰਗ ਦੌਰਾਨ ਯੂਨੀਅਨ ਦੇ ਸੀਨੀਅਰ ਵਾਈਸ ਪ੍ਰਧਾਨ ਅਵਤਾਰ ਸਿੰਘ ਮੇਹਲੋਂ ਨੇ ਕਿਹਾ ਕਿ ਜਵਾਨੀ, ਹਵਾ, ਪਾਣੀ ਅਤੇ ਵਾਤਾਵਰਣ ਦੂਸ਼ਿਤ ਹੋਣ ਤੋਂ ਰੋਕਣ ਲਈ ਵੀ ਸਾਰੇ ਵਰਕਰਾਂ ਨੂੰ ਲਾਮਬੰਦ ਹੋਣਾ ਚਾਹੀਦਾ ਹੈ, ਕਿਉਂਕਿ ਜੇਕਰ ਅਸੀਂ ਅੱਜ ਲਾਮਬੰਦ ਨਾ ਹੋਏ ਤਾਂ ਮੁੜ ਵੇਲਾ ਸਾਡੇ ਹੱਥ ਨਹੀਂ ਲੱਗਣਾ। ਪਰਮਿੰਦਰ ਸਿੰਘ ਪਾਲ ਮਾਜਰਾ ਜਨਰਲ ਸਕੱਤਰ ਪੰਜਾਬ ਨੇ ਕਿਹਾ ਕਿ ਬੀ. ਕੇ. ਯੂ. (ਲੱਖੋਵਾਲ) ਪੰਜਾਬ ਦੇ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਦੇ ਦਿਸ਼ਾ ਨਿਰਦੇਸ਼ ਹੇਠ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿੱਚ ਬੰਦੀ ਸਿੰਘਾਂ ਤੇ ਹੋਰ ਸਜ਼ਾ ਪੂਰੀ ਕਰ ਚੁੱਕੇ ਵਿਅਕਤੀਆਂ ਨੂੰ ਰਿਹਾਅ ਕਰਨ ਸਬੰਧੀ ਯੂਨੀਅਨ ਵੱਲੋਂ ਵੱਡੇ-ਵੱਡੇ ਫਲੈਕਸ ਬੈਨਰ ਲਾਏ ਗਏ ਹਨ, ਤਾਂ ਜੁ ਆਮ ਲੋਕਾਂ ਨੂੰ ਪਤਾ ਲੱਗ ਸਕੇ ਕਿ ਦੇਸ ਦੇ ਹਾਕਮ ਕਿਸ ਤਰ੍ਹਾਂ ਘੱਟ ਗਿਣਤੀ ਸਿੱਖਾਂ ਉੱਪਰ ਅੱਤਿਆਚਾਰ ਕਰ ਰਹੇ ਹਨ ਅਤੇ ਸਜ਼ਾ ਪੂਰੀ ਹੋਣ ਉਪਰੰਤ ਵੀ ਜੇਲ੍ਹਾਂ ਵਿੱਚ ਸੜ ਰਹੇ।

ਯੂਨੀਅਨ ਬੰਦੀ ਸਿੰਘਾਂ ਦੀ ਰਿਹਾਈ ਲਈ ਪੂਰੀ ਤਰ੍ਹਾਂ ਹਾਅ ਦਾ ਨਾਅਰਾ ਮਾਰਦੀ ਹੈ। ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਕਿਹਾ ਕਿ ਸਮਾਂ ਮੰਗ ਕਰਦਾ ਹੈ ਕਿ ਅਸੀਂ ਆਪਣੇ ਤੇ ਪੰਜਾਬ ਦੇ ਹੱਕਾਂ ਲਈ ਇਕੱਠੇ ਹੋਈਏ। ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਦਾ ਹਿੱਸਾ ਬਣੀਏ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਸੇਵਕ ਸਿੰਘ ਬਲਾਕ ਪ੍ਰਧਾਨ ਸਮਰਾਲਾ, ਅੰਮ੍ਰਿਤ ਸਿੰਘ ਰਾਜੇਵਾਲ ਬਲਾਕ ਪ੍ਰਧਾਨ ਖੰਨਾ, ਗੁਰਦੀਪ ਸਿੰਘ ਮਿੱਠੂ ਜਟਾਣਾ ਬਲਾਕ ਪ੍ਰਧਾਨ ਦੋਰਾਹਾ, ਗਿਆਨ ਸਿੰਘ ਮੰਡ ਪ੍ਰਧਾਨ ਬਲਾਕ ਲੁਧਿਆਣਾ-2, ਮਾਛੀਵਾੜਾ ਸਾਹਿਬ ਤੋਂ ਹਜਾਰਾ ਸਿੰਘ ਸਰਪੰਚ, ਰਵਿੰਦਰ ਸਿੰਘ, ਕੁਲਵਿੰਦਰ ਸਿੰਘ ਅਕਾਲਗੜ੍ਹ, ਅਜੈਬ ਸਿੰਘ, ਮਿੰਦਰ ਸਿੰਘ ਸੈਂਸੋਵਾਲ, ਸਰਪੰਚ ਸੁਖਦੇਵ ਸਿੰਘ ਰੁਪਾਲੋਂ, ਸਰਪੰਚ ਸੁਰਿੰਦਰ ਸਿੰਘ ਖੱਟਰਾਂ, ਰਣਧੀਰ ਸਿੰਘ ਖੱਟਰਾਂ, ਕੁਲਵਿੰਦਰ ਸਿੰਘ ਸਰਵਰਪੁਰ, ਹਰਦੀਪ ਸਿੰਘ, ਸੁਰਿੰਦਰ ਸਿੰਘ ਭਰਥਲਾ, ਪਰਮਿੰਦਰ ਸਿੰਘ, ਬਲਜਿੰਦਰ ਸਿੰਘ ਕਾਕਾ ਪੰਚ, ਮਲਕੀਤ ਸਿੰਘ, ਜਸਵੰਤ ਸਿੰਘ ਢੀਂਡਸਾ, ਕਸ਼ਮੀਰਾ ਸਿੰਘ, ਕੁਲਵੰਤ ਸਿੰਘ, ਜਗਤਾਰ ਸਿੰਘ ਮਾਦਪੁਰ, ਜਗਜੀਤ ਸਿੰਘ, ਰਹਿੰਦਰ ਸਿੰਘ, ਵਰਿੰਦਰ ਸਿੰਘ ਮੁੱਤੋ, ਘੋਲੀ ਬਾਬਾ ਬਲਿਹਾਰ ਸਿੰਘ ਦੀਵਾਲਾ, ਹਰਗੁਰਮੁਖ ਸਿੰਘ ਦਿਆਲਪੁਰਾ, ਸੁਰਮੁਖ ਸਿੰਘ ਭੰਗਲਾਂ ਗੱਗੂ, ਜੱਸੂ ਦੀਪੀ, ਦੀਪਾ ਗੱਗੀ, ਜੱਸਾ ਢੀਂਡਸਾ ਯੂਥ ਵਰਕਰ, ਬਹਾਦਰ ਸਿੰਘ, ਮਲਕੀਤ ਸਿੰਘ, ਹਰਜਿੰਦਰ ਸਿੰਘ ਪਪੜੌਦੀ, ਸਤਵੰਤ ਸਿੰਘ ਤੇ ਚਰਨਜੀਤ ਸਿੰਘ ਸਰਪੰਚ ਪਾਲਮਾਜਰਾ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਟੂਰਨਾਮੈਂਟ ਦੀ 100 ਮੀਟਰ ਦੌੜ 'ਚ ਜਸ਼ਨ ਨੇ ਪਹਿਲਾ ਸਥਾਨ ਮੱਲਿਆ

**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**

ਨਹਿਰੂ ਯੁਵਾ ਕੇਂਦਰ ਨੇ ਜ਼ਿਲ੍ਹਾ ਪੱਧਰੀ ਟੂਰਨਾਮੈਂਟ ਜ਼ਿਲ੍ਹਾ ਯੂਥ ਅਫ਼ਸਰ ਮੈਡਮ ਓਮਕਾਰ ਸਵਾਮੀ ਦੀ ਪ੍ਰਧਾਨਗੀ ਹੇਠ ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ ਅਸਪਾਲ ਕਲਾਂ ਦੇ ਸਹਿਯੋਗ ਨਾਲ ਕਰਾਇਆ। ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਬਲਵਿੰਦਰ ਸਿੰਘ ਸਾਬਕਾ ਫੌਜੀ, ਨਿਰਮਲ ਸਿੰਘ ਬਦਰਾ ਤੇ ਸਿਮਰਨਜੀਤ ਸਿੰਘ ਜਵੰਧਾ ਨੇ ਸ਼ਿਰਕਤ ਕੀਤੀ। ਕਲੱਬ ਪ੍ਰਧਾਨ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਖੇਡਾਂ ਸਾਡੇ ਸਮਾਜਿਕ ਜੀਵਨ ਦਾ ਅਨਿੱਖੜਵਾਂ ਅੰਗ ਹਨ ਤੇ ਖੇਡਾਂ ਨਾਲ ਜਿੱਥੇ ਦੇਸ਼ ਨੂੰ ਚੰਗੇ ਖਿਡਾਰੀ ਮਿਲਦੇ ਹਨ, ਉਥੇ ਨੌਜਵਾਨ ਨਸ਼ੇ ਜਿਹੀਆਂ ਅਲਾਮਤਾਂ ਤੋਂ ਦੂਰ ਰਹਿਣ ਲਈ ਪ੍ਰੇਰਤ ਹੁੰਦੇ ਹਨ। ਟੂਰਨਾਮੈਂਟ ਵਿੱਚ 100 ਮੀਟਰ, 200 ਮੀਟਰ ਦੌੜਾਂ, ਕਬੱਡੀ, ਵਾਲੀਬਾਲ, ਲੰਬੀ ਛਾਲ, ਰੱਸਾਕਸ਼ੀ, ਸ਼ਾਟਪੁੱਟ ਦੇ ਮੁਕਾਬਲੇ ਕਰਾਏ ਗਏ, ਜਿਸ ਵਿੱਚ ਵੱਖ-ਵੱਖ ਪਿੰਡਾਂ ਤੋਂ ਮੁੰਡੇ-ਕੁੜੀਆਂ ਨੇ ਭਾਗ ਲਿਆ।

ਟੂਰਨਾਮੈਂਟ ਵਿੱਚ ਰੈਫਰੀ ਦੀ ਭੂਮਿਕਾ ਗੁਰਜਿੰਦਰ ਸਿੰਘ ਢਿੱਲੋਂ ਤੇ ਲਖਵਿੰਦਰ ਸਿੰਘ ਬਰਾੜ ਵਲੋਂ ਬਾਖੂਬੀ ਨਾਲ ਨਿਭਾਈ ਗਈ। 100 ਮੀਟਰ ਦੌੜ ਵਿਚ ਜਸਨ ਸਿੰਘ ਨੇ ਪਹਿਲਾ, ਮਨਜੀਤ ਸਰਮਾ ਨੇ ਦੂਜਾ, ਬਲਰਾਮ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਕੁੜੀਆਂ ਦੀ 100 ਮੀਟਰ ਦੌੜ ਵਿੱਚ ਗਗਨਦੀਪ ਕੌਰ ਨੇ ਪਹਿਲਾ, ਤਰਨਵੀਰ ਕੌਰ ਨੇ ਦੂਜਾ ਤੇ ਸੁਖਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। 200 ਮੀਟਰ ਕੁੜੀਆਂ ਦੀ ਦੌੜ ਵਿੱਚ ਨਵਜੋਤ ਕੌਰ ਨੇ ਪਹਿਲਾ, ਖੁਸ਼ਪ੍ਰੀਤ ਕੌਰ ਨੇ ਦੂਜਾ, ਸੁਖਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। 200 ਮੀਟਰ ਮੁੰਡਿਆਂ ਦੀ ਦੌੜ ਵਿਚ ਦਵਿੰਦਰ ਸਿੰਘ ਨੇ ਪਹਿਲਾ, ਜਸ਼ਨ ਸਿੰਘ ਨੇ ਦੂਜਾ ਤੇ ਲਖਬੀਰ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। ਕਬੱਡੀ ਵਿਚ ਪਹਿਲਾ ਸਥਾਨ ਅਸਪਾਲ ਕਲਾਂ ਦੀ ਟੀਮ ਨੇ ਹਾਸਲ ਕੀਤਾ ਤੇ ਦੂਜਾ ਸਥਾਨ ਬਦਰਾ ਦੀ ਟੀਮ ਨੇ ਹਾਸਲ ਕੀਤਾ। ਵਾਲੀਬਾਲ ਵਿੱਚ ਪਹਿਲੇ ਸਥਾਨ 'ਤੇ ਕੋਟਦੁੰਨਾ ਦੀ ਟੀਮ, ਦੂਜੇ ਸਥਾਨ 'ਤੇ ਪਿੰਡ ਪੰਧੇਰ ਦੀ ਟੀਮ ਅਤੇ ਤੀਜੇ ਸਥਾਨ 'ਤੇ ਅਸਪਾਲ ਕਲਾਂ ਬੀ ਟੀਮ ਰਹੀ। ਲੰਬੀ ਛਾਲ ਮੁੰਡਿਆਂ ਵਿਚ ਅਰਮਾਨ ਸਰਮਾ ਨੇ ਪਹਿਲਾ, ਦਿਲਪ੍ਰੀਤ ਸਿੰਘ ਨੇ ਦੂਜਾ ਅਤੇ ਅਰਮਾਨ ਜਵੰਧਾ ਨੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਲੰਬੀ ਛਾਲ ਕੁੜੀਆਂ ਵਿਚ ਅੱਕੋ ਕੌਰ ਨੇ ਪਹਿਲਾ, ਸੁਖਦੀਪ ਕੌਰ ਨੇ ਦੂਜਾ ਤੇ ਅਮਨਜੋਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ। ਰੱਸਾਕਸ਼ੀ 'ਚ ਕੁੜੀਆਂ ਵਿੱਚ ਪਹਿਲਾ ਸਥਾਨ ਪੱਖੋਂ ਕਲਾਂ ਦੀ ਟੀਮ, ਦੂਜਾ ਸਥਾਨ ਲੌਂਗਪੁਰੀ ਸਕੂਲ ਪੱਖੋ ਕਲਾਂ ਟੀਮ ਤੇ ਤੀਜਾ ਸਥਾਨ ਬਦਰਾ ਦੀ ਟੀਮ ਨੇ ਹਾਸਲ ਕੀਤਾ। ਰੱਸਾਕਸ਼ੀ ਮੁੰਡਿਆਂ ਵਿੱਚ ਪਹਿਲਾ ਸਥਾਨ ਅਸਪਾਲ ਕਲਾਂ ਏ, ਦੂਜਾ ਸਥਾਨ ਅਸਪਾਲ ਕਲਾਂ ਬੀ ਤੇ ਤੀਜਾ ਸਥਾਨ ਬਦਰਾ ਦੀ ਟੀਮ ਨੇ ਹਾਸਲ ਕੀਤਾ। ਸ਼ਾਟਪੁੱਟ ਵਿੱਚ ਪਹਿਲਾ ਸਥਾਨ ਖੁਸਪ੍ਰੀਤ ਕੌਰ, ਦੂਜਾ ਸਥਾਨ ਹਰਮਨਪ੍ਰੀਤ ਕੌਰ ਤੇ ਤੀਜਾ ਸਥਾਨ ਵੀਰਪਾਲ ਕੌਰ ਨੇ ਹਾਸਲ ਕੀਤਾ। ਦਵਿੰਦਰ ਸਿੰਘ ਨੇ ਨਹਿਰੂ ਯੁਵਾ ਕੇਂਦਰ ਵਲੋਂ ਕਰਾਏ ਇਸ ਜ਼ਿਲ੍ਹਾ ਪੱਧਰੀ ਖੇਡ ਟੂਰਨਾਮੈਂਟ ਲਈ ਨਹਿਰੂ ਯੁਵਾ ਕੇਂਦਰ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਅਰਸ਼ਦੀਪ ਸਿੰਘ , ਜਸਕਰਨ ਸਿੰਘ ਢਿੱਲੋਂ (ਸੁਪਰਡੈਂਟ ਗੁਰੂ ਗੋਬਿੰਦ ਸਿੰਘ ਕਾਲਜ ਸੰਘੇੜਾ) ਆਦਿ ਹਾਜ਼ਿਰ ਸਨ।



18-JAN-PAGE-1.qxd 1/17/2023 9:54 PM Page 1

ਬੁੱਧਵਾਰ, 18 ਜਨਵਰੀ, 2023
5 ਮਾਘ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 229

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 18 JANUARY, 2023
ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

## ਨੱਢਾ ਹੋਰ ਡੇਢ ਸਾਲ ਪ੍ਰਧਾਨ



**ਨਵੀਂ ਦਿੱਲੀ :** ਭਾਜਪਾ ਦੀ ਕੌਮੀ ਕਾਰਜਕਾਰਨੀ ਨੇ ਮੰਗਲਵਾਰ ਸਰਬਸੰਮਤੀ ਨਾਲ ਪਾਰਟੀ ਪ੍ਰਧਾਨ ਜੇ ਪੀ ਨੱਢਾ ਦਾ ਕਾਰਜਕਾਲ ਜੂਨ 2024 ਤੱਕ ਵਧਾਉਣ ਨੂੰ ਮਨਜ਼ੂਰੀ ਦੇ ਦਿੱਤੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪ੍ਰੈੱਸ ਕਾਨਫਰੰਸ ’ਚ ਇਹ ਜਾਣਕਾਰੀ ਦਿੰਦਿਆਂ ਨੱਢਾ ਦੀ ਅਗਵਾਈ ਦੀ ਤਾਰੀਫ ਵੀ ਕੀਤੀ ਅਤੇ ਕਿਹਾ ਕਿ ਉਨ੍ਹਾ ਦੀ ਪ੍ਰਧਾਨਗੀ ਹੇਠ ਭਾਜਪਾ ਨੇ ਕਈ ਅਹਿਮ ਚੋਣਾਂ ਜਿੱਤੀਆਂ ਹਨ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਨੱਢਾ ਦਾ ਕਾਰਜਕਾਲ ਜੂਨ 2024 ਤੱਕ ਵਧਾਉਣ ਦਾ ਪ੍ਰਸਤਾਵ ਰੱਖਿਆ, ਜਿਸ ਨੂੰ ਸਾਰੇ ਮੈਂਬਰਾਂ ਨੇ ਸਵੀਕਾਰ ਕਰ ਲਿਆ।

## ਰਿਜ਼ਰਵ ਬੈਂਕ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਵਿਰੁੱਧ ਚਿਤਾਵਨੀ

**ਮੁੰਬਈ :** ਭਾਰਤੀ ਰਿਜਰਵ ਬੈਂਕ ਨੇ ਕੁਝ ਰਾਜਾਂ ਵਿਚ ਪੁਰਾਣੀ ਪੈਨਸ਼ਨ ਪ੍ਰਣਾਲੀ ਨੂੰ ਲਾਗੂ ਕਰਨ ਵਿਰੁੱਧ ਚਿਤਾਵਨੀ ਦਿੱਤੀ ਹੈ। ਕੇਂਦਰੀ ਬੈਂਕ ਨੇ ਕਿਹਾ ਹੈ ਕਿ ਰਾਜਾਂ ਦੇ ਪੱਧਰ ’ਤੇ ਵਿੱਤੀ ਸਥਿਤੀ ਨੂੰ ਲੈ ਕੇ ਵੱਡਾ ਖਤਰਾ ਹੈ ਅਤੇ ਆਉਣ ਵਾਲੇ ਸਾਲਾਂ ’ਚ ਉਨ੍ਹਾਂ ਲਈ ਅਜਿਹੀ ਦੇਣਦਾਰੀ ਵਧੇਗੀ, ਜਿਸ ਲਈ ਪੈਸੇ ਦੀ ਕੋਈ ਵਿਵਸਥਾ ਨਹੀਂ ਹੈ।

## ਚੰਡੀਗੜ੍ਹ ’ਚ ਫਿਰ ਭਾਜਪਾ ਮੇਅਰ



**ਚੰਡੀਗੜ੍ਹ :** ਮੇਅਰ ਦੀ ਚੋਣ ਵਿਚ ਮੰਗਲਵਾਰ ਭਾਜਪਾ ਦੇ ਅਨੂਪ ਗੁਪਤਾ ਨੇ ‘ਆਪ’ ਦੇ ਜਸਬੀਰ ਸਿੰਘ ਲਾਡੀ ਨੂੰ 14 ਦੇ ਮੁਕਾਬਲੇ 15 ਵੋਟਾਂ ਨਾਲ ਹਰਾ ਦਿੱਤਾ। ਕੁੱਲ 29 ਵੋਟਾਂ ਪੋਲ ਹੋਈਆਂ। ਸਭ ਤੋਂ ਪਹਿਲਾਂ ਸੰਸਦ ਮੈਂਬਰ ਕਿਰਨ ਖੇਰ ਨੇ ਆਪਣੀ ਵੋਟ ਭੁਗਤਾਈ। ਨਿਗਮ ’ਚ ਭਾਜਪਾ ਕੋਲ ਇੱਕ ਸੰਸਦ ਮੈਂਬਰ ਦੀ ਵੋਟ ਸਮੇਤ 15 ਵੋਟਾਂ ਹਨ, ਜਦਕਿ ਵਿਰੋਧੀ ਧਿਰ ਆਮ ਆਦਮੀ ਪਾਰਟੀ ਕੋਲ ਆਪਣੇ ਕੌਂਸਲਰਾਂ ਦੀਆਂ 14 ਵੋਟਾਂ ਹਨ। ਕਾਂਗਰਸ ਨੇ ਚੋਣ ਵਿਚ ਹਿੱਸਾ ਨਹੀਂ ਲਿਆ। ਸ਼੍ਰੋਮਣੀ ਅਕਾਲੀ ਦਲ ਦੇ ਇੱਕੋ-ਇੱਕ ਕੌਂਸਲਰ ਨੇ ਵੀ ਚੋਣ ਪ੍ਰਕਿਰਿਆ ’ਚ ਹਿੱਸਾ ਨਹੀਂ ਲਿਆ। ਪਹਿਲਾਂ ਵੀ ਭਾਜਪਾ ਦਾ ਮੇਅਰ ਸੀ।

## ਸਿੱਖ ਹੋਣ ਕਰਕੇ ਨਫਰਤ ਦਾ ਸ਼ਿਕਾਰ



**ਵਾਸ਼ਿੰਗਟਨ :** ਰਿਪਬਲਿਕਨ ਨੈਸ਼ਨਲ ਕਮੇਟੀ ਦੀ ਚੇਅਰ ਵਿਮੈਨ ਲਈ ਚੋਣ ਲੜ ਰਹੀ ਉੱਘੀ ਭਾਰਤੀ-ਅਮਰੀਕੀ ਅਟਾਰਨੀ ਹਰਮੀਤ ਢਿੱਲੋਂ ਨੇ ਦੋਸ਼ ਲਾਇਆ ਹੈ ਕਿ ਉਹ ਆਪਣੇ ਸਿੱਖ ਧਰਮ ਕਾਰਨ ਆਪਣੀ ਹੀ ਪਾਰਟੀ ਦੇ ਸਾਥੀ ਆਗੂਆਂ ਦੀ ਨਫਰਤ ਦਾ ਸ਼ਿਕਾਰ ਹੋ ਰਹੀ ਹੈ। ਉਸ ਨੇ ਕਿਹਾ ਕਿ ਉਹ ਇਸ ਸਭ ਦੇ ਬਾਵਜੂਦ ਪਿੱਛੇ ਨਹੀਂ ਹਟੇਗੀ ਤੇ ਸਿਖਰਲੇ ਸਥਾਨ ਦੀ ਦੌੜ ’ਚ ਬਰਕਰਾਰ ਰਹੇਗੀ। 54 ਸਾਲਾ ਢਿੱਲੋਂ ਕੈਲੀਫੋਰਨੀਆ ਰਿਪਬਲਿਕਨ ਪਾਰਟੀ ਦੀ ਕੋ-ਚੇਅਰ ਹੈ। ਇਸ ਵਾਰ ਉਹ ਮੁਖੀ ਦੇ ਅਹੁਦੇ ਲਈ ਸ਼ਕਤੀਸ਼ਾਲੀ ਰੋਨਾ ਮੈਕਡੇਨੀਅਲ ਨਾਲ ਮੁਕਾਬਲਾ ਕਰ ਰਹੀ ਹੈ।

## ਚੀਨ ਨੂੰ ਕੋਰੋਨਾ ਦੀ ਮਾਰ

**ਬੀਜਿੰਗ :** ਕੋਰੋਨਾ ਵਾਇਰਸ ਨਾਲ ਨਜਿੱਠਣ ਲਈ ਪਿਛਲੇ ਸਾਲ ਲਾਈਆਂ ਗਈਆਂ ਪਾਬੰਦੀਆਂ ਅਤੇ ਰੀਅਲ ਅਸਟੇਟ ਖੇਤਰ ਵਿਚ ਆਈ ਮੰਦੀ ਕਾਰਨ ਚੀਨ ਦੀ ਆਰਥਿਕ ਵਿਕਾਸ ਦਰ 2022 ਵਿਚ ਤਿੰਨ ਫੀਸਦੀ ’ਤੇ ਆ ਗਈ ਹੈ। ਦੁਨੀਆ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ’ਚ ਇਹ 50 ਸਾਲਾਂ ’ਚ ਦੂਜੀ ਸਭ ਤੋਂ ਘੱਟ ਵਿਕਾਸ ਦਰ ਹੈ। ਇਸ ਤੋਂ ਪਹਿਲਾਂ 1974 ’ਚ ਚੀਨ ਦੀ ਵਿਕਾਸ ਦਰ 2.3 ਫੀਸਦ ਸੀ।

## ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁਨਾਲ ਦੀ ਆਸਟਰੇਲੀਆ ’ਚ ਮੌਤ

**ਮੈਲਬੋਰਨ :** ਆਸਟਰੇਲੀਆ ਦੇ ਕੈਨਬਰਾ ’ਚ ਕਾਰ ਹਾਦਸੇ ’ਚ ਪੰਜਾਬ ਦੇ 21 ਸਾਲਾ ਵਿਦਿਆਰਥੀ ਦੀ ਮੌਤ ਹੋ ਗਈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਕੁਨਾਲ ਚੋਪੜਾ, ਜਿਸ ਕੋਲ ਆਸਟਰੇਲੀਆ ਦਾ ਵਿਦਿਆਰਥੀ ਵੀਜ਼ਾ ਸੀ, ਸਵੇਰੇ ਕੰਮ ਤੋਂ ਵਾਪਸ ਆ ਰਿਹਾ ਸੀ, ਜਦੋਂ ਪਿਛਲੇ ਹਫਤੇ ਕੈਨਬਰਾ ’ਚ ਵਿਲੀਅਮ ਹੋਵਲ ਡਰਾਈਵ ’ਤੇ ਟਰੱਕ ਨਾਲ ਉਸ ਦੀ ਕਾਰ ਟਕਰਾਅ ਗਈ।

## ਮੱਕੀ ਦਾ ਨਾਂਅ ਕਾਲੀ ਸੂਚੀ ’ਚ

**ਸੰਯੁਕਤ ਰਾਸ਼ਟਰ :** ਸੰਯੁਕਤ ਰਾਸ਼ਟਰ ਨੇ ਪਾਕਿਸਤਾਨ ਅਧਾਰਤ ਦਹਿਸ਼ਤਗਰਦ ਜਥੇਬੰਦੀ ਲਸ਼ਕਰ-ਏ-ਤਈਬਾ ਦੇ ਉਪ ਮੁਖੀ ਅਬਦੁਲ ਰਹਿਮਾਨ ਮੱਕੀ ਦਾ ਨਾਂਅ ਕੌਮਾਂਤਰੀ ਦਹਿਸ਼ਤਗਰਦਾਂ ਦੀ ਕਾਲੀ ਸੂਚੀ ਵਿਚ ਪਾ ਦਿੱਤਾ ਹੈ। ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੀ ਅਲ-ਕਾਇਦਾ ਪਾਬੰਦੀ ਕਮੇਟੀ ਨੇ ਮੱਕੀ ਦਾ ਨਾਂਅ ਆਪਣੀ ਪਾਬੰਦੀ ਸੂਚੀ ’ਚ ਸ਼ਾਮਲ ਕੀਤਾ। ਇਸ ਸੂਚੀ ’ਚ ਸ਼ਾਮਲ ਲੋਕਾਂ ਦੀ ਜਾਇਦਾਦ ਜ਼ਬਤ ਕਰਨ, ਉਨ੍ਹਾਂ ਦੀ ਯਾਤਰਾ ਅਤੇ ਹਥਿਆਰਾਂ ’ਤੇ ਪਾਬੰਦੀ ਲਗਾਉਣ ਦੀ ਵਿਵਸਥਾ ਹੈ।

## ਵਿਸ਼ੇਸ਼ ਸਪਲੀਮੈਂਟ



ਗਣਤੰਤਰ ਦਿਵਸ ਮੌਕੇ **ਸਮਰਾਲਾ** ਤੋਂ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ ਸੁਰਜੀਤ ਸਿੰਘ ਨਾਲ 98154-61301 ’ਤੇ ਸੰਪਰਕ ਕਰੋ।

-ਜਨਰਲ ਮੈਨੇਜਰ

# ਮਾਨ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦੇ ਹੁਕਮ




**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਟਵੀਟ ਕੀਤਾ-ਪੰਜਾਬ ਦੀ ਆਬੋ-ਹਵਾ ਕਿਸੇ ਨੂੰ ਵੀ ਖਰਾਬ ਨਹੀਂ ਕਰਨ ਦਿੱਤੀ ਜਾਵੇਗੀ।...ਇਸ ਕਰਕੇ ਕਾਨੂੰਨੀ ਮਾਹਰਾਂ ਨਾਲ ਸਲਾਹ ਕਰਨ ਤੋਂ ਬਾਅਦ ਲੋਕਹਿੱਤ ’ਚ ਵੱਡਾ ਫੈਸਲਾ ਲਿਆ ਹੈ। ਭਵਿੱਖ ’ਚ ਵੀ ਜੇ ਕੋਈ ਵਾਤਾਵਰਨ ਵਿਗਾੜਨ ਦੀ ਕੋਸ਼ਿਸ਼ ਕਰੇਗਾ, ਬਖਸ਼ਿਆ ਨਹੀਂ ਜਾਵੇਗਾ। ਸ਼ਰਾਬ ਫੈਕਟਰੀ ਖਿਲਾਫ ਛੇ ਮਹੀਨਿਆਂ ਤੋਂ ਪੱਕਾ ਮੋਰਚਾ ਲੱਗਿਆ ਹੋਇਆ ਹੈ। ਮੋਰਚੇ ਲਾਉਣ ਵਾਲੇ ਕਿਸਾਨਾਂ ਦਾ ਕਹਿਣਾ ਹੈ ਕਿ ਸ਼ਰਾਬ ਫੈਕਟਰੀ ਕਰਕੇ ਇਲਾਕੇ ’ਚ ਪਾਣੀ ਗੰਧਲਾ ਹੋ ਗਿਆ ਹੈ ਅਤੇ ਗੰਧਲੇ ਪਾਣੀ ਕਰਕੇ ਲੋਕਾਂ ਨੂੰ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਮੰਨਦਿਆਂ ਸ਼ਰਾਬ ਫੈਕਟਰੀ ਬੰਦ ਕਰਨ ਦੇ ਹੁਕਮ ਦਿੱਤੇ ਹਨ।

ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੇ ਪ੍ਰਧਾਨ ਅਮੋਲਕ ਸਿੰਘ ਅਤੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਭਗਵੰਤ ਮਾਨ ਸਰਕਾਰ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਬੰਦ ਕਰਨ ਦੇ ਐਲਾਨ ਨੂੰ ਲੋਕਾਂ ਦੇ ਇਕਜੁੱਟ ਅਤੇ ਸਿਰੜੀ ਸੰਗਰਾਮ ਦੀ ਜਿੱਤ ਕਰਾਰ ਦਿੱਤਾ ਹੈ। ਪਲਸ ਮੰਚ ਨੇ ਕਿਹਾ ਹੈ ਕਿ ਦਿੱਲੀ ਮੋਰਚੇ ਵਾਂਗ ਜ਼ੀਰਾ ਮੋਰਚੇ ਦੀ ਸਫਲਤਾ ’ਚ ਕਿਰਤੀ ਕਿਸਾਨ, ਵਿਦਿਆਰਥੀ, ਨੌਜਵਾਨ, ਰੰਗਕਰਮੀ, ਲੇਖਕ, ਸਾਹਿਤਕਾਰ, ਗੀਤਕਾਰ ਗਾਇਕ, ਤਰਕਸ਼ੀਲ, ਜਮਹੂਰੀ ਹੱਕਾਂ ਦੇ ਅਲੰਬਰਦਾਰ ਲੋਕਾਂ ਦੀ ਸ਼ਕਤੀ ਦਾ ਜਾਦੂ ਹੈ। ਉਨ੍ਹਾਂ ਕਿਹਾ ਕਿ ਐਨੇ ਲੰਮੇ ਅਰਸੇ ਤੋਂ ਫੈਕਟਰੀ ਚਲਦੀ ਰਹਿਣੀ ਅਤੇ ਲੋਕਾਂ ਦੀ ਜਾਨ ਮਾਲ ਨਾਲ ਖਿਲਵਾੜ ਕਰਨ ਲਈ ਵੰਨ ਸੁਵੰਨੀਆਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੇ ਆਗੂ ਜ਼ਿੰਮੇਵਾਰ ਹਨ ਜੋ ਅੱਜ ਮੋਮੋਠੱਗਣੀਆਂ ਮਾਰ ਕੇ ਸੱਚੇ ਸਾਬਤ ਹੋਣ ਦੀ ਨੌਟੰਕੀ ਕਰ ਰਹੇ ਹਨ। ਇਸ ਮੁੱਦੇ ਨੇ ਇੱਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਦੀ ਬਾਂਹ ਫੜਨ ਅਤੇ ਉਨ੍ਹਾਂ ਦੇ ਹੱਕਾਂ ਲਈ ਜੂਝਣ ਲਈ ਲੋਕ ਪੱਖੀ ਜਥੇਬੰਦੀਆਂ ਹੀ ਸੁਹਿਰਦ ਹਨ। ਪਲਸ ਮੰਚ ਨੇ ਇਹ ਵੀ ਕਿਹਾ ਹੈ ਕਿ ਜਦੋਂ ਤੱਕ ਇਸ ਐਲਾਨ ਨੂੰ ਅਮਲੀ ਜਾਮਾ ਨਹੀਂ ਪਹਿਨਾਇਆ ਜਾਂਦਾ, ਉਸ ਵੇਲੇ ਤੱਕ ਚੌਕਸ ਰਹਿਣਾ ਬਹੁਤ ਜ਼ਰੂਰੀ ਹੈ। ਪਲਸ ਮੰਚ ਨੇ ਇਹ ਵੀ ਜ਼ੋਰਦਾਰ ਮੰਗ ਕੀਤੀ ਹੈ ਕਿ ਫੈਕਟਰੀ ਦੇ ਪ੍ਰਦੂਸ਼ਣ ਕਾਰਨ ਲੋਕਾਂ ਦੇ ਹੋਏ ਜਾਨੀ ਅਤੇ ਮਾਲੀ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ ਕਿਉਂਕਿ ਹੁਣ ਫੈਕਟਰੀ ਬੰਦ ਕਰਨ ਦੇ ਫੈਸਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਦੀ ਧਿਰ ਜਾਇਜ਼ ਅਵਾਜ਼ ਬੁਲੰਦ ਕਰਦੀ ਆਈ ਹੈ ਅਤੇ ਫੈਕਟਰੀ ਮਾਲਕ ਲੋਕਾਂ ਦੀ ਜਾਨ ਮਾਲ ਦੇ ਹਰਜੇ ਦੇ ਜ਼ਿੰਮੇਵਾਰ ਹਨ।

# ਕਾਂਗਰਸ ਤੇ ਸੰਘ ਵਿਚਾਲੇ ਵਿਚਾਰਧਾਰਕ ਲੜਾਈ ਚੱਲ ਰਹੀ : ਰਾਹੁਲ ਗਾਂਧੀ




**ਹੁਸ਼ਿਆਰਪੁਰ :** ਚਾਚੇ ਦੇ ਬੇਟੇ ਵਰੁਣ ਗਾਂਧੀ ਦੇ ਭਾਰਤ ਜੋੜੋ ਯਾਤਰਾ ’ਚ ਸ਼ਾਮਲ ਹੋਣ ਤੇ ਉਸ ਦੀ ਕਾਂਗਰਸ ਵਿਚ ਐਂਟਰੀ ਦੀਆਂ ਕਿਆਸਅਰਾਈਆਂ ’ਤੇ ਵਿਰਾਮ ਲਾਉਂਦਿਆਂ ਰਾਹੁਲ ਗਾਂਧੀ ਨੇ ਮੰਗਲਵਾਰ ਕਿਹਾ ਕਿ ਉਨ੍ਹਾਂ ਦੀਆਂ ਵਿਚਾਰਧਾਰਾਵਾਂ ਮੇਲ ਨਹੀਂ ਖਾਂਦੀਆਂ। ਉਨ੍ਹਾ ਪੱਤਰਕਾਰਾਂ ਨੂੰ ਦੱਸਿਆ ਕਿ ਵਰੁਣ ਗਾਂਧੀ ਨੇ ਆਰ ਐੱਸ ਐੱਸ ਦੀ ਵਿਚਾਰਧਾਰਾ ਨੂੰ ਪ੍ਰਵਾਨ ਤੇ ਆਤਮਸਾਤ ਕਰ ਲਿਆ ਹੈ, ਜਦਕਿ ਉਹ ਕਦੇ ਵੀ ਪ੍ਰਵਾਨ ਨਹੀਂ ਕਰ ਸਕਦੇ।

ਰਾਹੁਲ ਨੇ ਕਿਹਾ-ਮੈਂ ਕਦੇ ਵੀ ਆਰ ਐੱਸ ਐੱਸ ਦੇ ਦਫਤਰ ਨਹੀਂ ਜਾ ਸਕਦਾ, ਉਸ ਤੋਂ ਪਹਿਲਾਂ ਤੁਹਾਨੂੰ ਮੇਰਾ ਗਲ ਵੱਢਣਾ ਪੈਣਾ। ਮੇਰੇ ਪਰਵਾਰ ਦੀ ਇਕ ਵਿਚਾਰਧਾਰਾ ਹੈ, ਸੋਚ ਪ੍ਰਣਾਲੀ ਹੈ। ਮੈਂ ਉਸ ਨੂੰ (ਵਰੁਣ ਫਿਰੋਜ਼ ਗਾਂਧੀ) ਨੂੰ ਮਿਲ ਸਕਦਾ ਹਾਂ, ਜੱਫੀ ਪਾ ਸਕਦਾ ਹਾਂ, ਪਰ ਆਰ ਐੱਸ ਐੱਸ ਦੀ ਵਿਚਾਰਧਾਰਾ ਨੂੰ ਪ੍ਰਵਾਨ ਕਰਨਾ ਅਸੰਭਵ ਹੈ।

ਉਨ੍ਹਾ ਕਿਹਾ ਕਿ ਆਰ ਐੱਸ ਐੱਸ ਤੇ ਕਾਂਗਰਸ ਵਿਚਾਲੇ ਵਿਚਾਰਧਾਰਕ ਲੜਾਈ ਚੱਲ ਰਹੀ ਹੈ। ਰਾਹੁਲ ਗਾਂਧੀ ਨੇ ਇਕ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਵਰੁਣ ਗਾਂਧੀ ਨੇ ਭਾਜਪਾ ਦੀ ਵਿਚਾਰਧਾਰਕ ਜੜ੍ਹ ਆਰ ਐੱਸ ਐੱਸ ਵੱਲੋਂ ਕੀਤੇ ਜਾ ਰਹੇ ਕੰਮ ਦੀ ਪ੍ਰਸੰਸਾ ਕੀਤੀ। ਰਾਹੁਲ ਨੇ ਕਿਹਾ-ਵਰ੍ਹਿਆਂ ਪਹਿਲਾਂ ਫਿਰੋਜ਼ ਨੇ ਮੈਨੂੰ ਦੱਸਿਆ ਕਿ ਆਰ ਐੱਸ ਐੱਸ ਦੇਸ਼ ਵਿਚ ਮਹਾਨ ਕੰਮ ਕਰ ਰਹੀ ਹੈ। ਮੈਂ ਉਸ ਨੂੰ ਕਿਹਾ ਕਿ ਆਪਣੇ ਪਰਵਾਰ ਦਾ ਇਤਿਹਾਸ ਪੜ੍ਹ ਤੇ ਸਮਝ। ਜੇ ਤੂੰ ਆਪਣੇ ਪਰਵਾਰ ਦੀ ਵਿਚਾਰਧਾਰਾ ਨੂੰ ਸਮਝਿਆ ਹੁੰਦਾ ਤਾਂ ਕਦੇ ਇਹ ਨਾ ਕਹਿੰਦਾ। ਰਾਹੁਲ ਨੇ ਇਹ ਵੀ ਕਿਹਾ ਕਿ ਦੇਸ਼ ਦੀਆਂ ਸਾਰੀਆਂ ਸੰਸਥਾਵਾਂ ਉੱਤੇ ਆਰ ਐੱਸ ਐੱਸ ਤੇ ਭਾਜਪਾ ਦਾ ਕੰਟਰੋਲ ਹੈ ਅਤੇ ਮੀਡੀਆ, ਨੌਕਰਸ਼ਾਹੀ, ਚੋਣ ਕਮਿਸ਼ਨ ਅਤੇ ਨਿਆਂਪਾਲਿਕਾ ਦਬਾਅ ਹੇਠ ਹਨ।

ਰਾਹੁਲ ਗਾਂਧੀ ਦੀ ਅਗਵਾਈ ਵਿਚ ‘ਭਾਰਤ ਜੋੜੋ ਯਾਤਰਾ’ ਮੰਗਲਵਾਰ ਸਵੇਰੇ ਟਾਂਡਾ ਤੋਂ ਮੁੜ ਸ਼ੁਰੂ ਹੋਈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਹਰੀਸ਼ ਚੌਧਰੀ ਅਤੇ ਰਾਜਕੁਮਾਰ ਚੱਬੇਵਾਲ ਸਮੇਤ ਪਾਰਟੀ ਦੇ ਸੀਨੀਅਰ ਆਗੂ ਰਾਹੁਲ ਦੇ ਨਾਲ ਨਜ਼ਰ ਆਏ। ਯਾਤਰਾ ਦੌਰਾਨ ਰਾਹੁਲ ਨੇ ਔਰਤਾਂ ਦੇ ਸਮੂਹ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨਾਲ ਤਸਵੀਰਾਂ ਖਿਚਵਾਈਆਂ।

## ਸੁਰੱਖਿਆ ’ਚ ਸੰਨ੍ਹ ਦਾ ਰਾਹੁਲ ਵੱਲੋਂ ਖੰਡਨ

**ਜਲੰਧਰ :** ਭਾਰਤ ਜੋੜੋ ਯਾਤਰਾ ਮੰਗਲਵਾਰ ਸਵੇਰੇ ਜਦੋਂ ਟਾਂਡਾ ਤੋਂ ਸ਼ੁਰੂ ਹੋਈ ਤਾਂ ਸੁਰੱਖਿਆ ਘੇਰੇ ਨੂੰ ਤੋੜ ਕੇ ਇਕ ਨੌਜਵਾਨ ਨੇ ਰਾਹੁਲ ਨੂੰ ਜੱਫੀ ਪਾਉਣ ਦੀ ਕੋਸ਼ਿਸ਼ ਕੀਤੀ। ਨੌਜਵਾਨ ਜ਼ੈੱਡ ਪਲੱਸ ਸੁਰੱਖਿਆ ਘੇਰਾ ਤੋੜ ਕੇ ਉਨ੍ਹਾ ਕੋਲ ਆ ਗਿਆ ਤੇ ਜੱਫੀ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਕਾਂਗਰਸੀ ਆਗੂਆਂ ਤੇ ਜਵਾਨਾਂ ਨੇ ਤੁਰੰਤ ਪਿੱਛੇ ਧੱਕ ਦਿੱਤਾ, ਪਰ ਪੁਲਸ ਤੇ ਖੁਦ ਰਾਹੁਲ ਨੇ ਸੁਰੱਖਿਆ ’ਚ ਸੰਨ੍ਹ ਲੱਗਣ ਦੀ ਤਰਦੀਦ ਕੀਤੀ ਹੈ।

ਰਾਹੁਲ ਗਾਂਧੀ ਨੇ ਹੁਸ਼ਿਆਰਪੁਰ ’ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨੌਜਵਾਨ ਨੇ ਸੁਰੱਖਿਆ ਘੇਰਾ ਨਹੀਂ ਤੋੜਿਆ। ਉਹ ਸੁਰੱਖਿਆ ਚੈਕਿੰਗ ਤੋਂ ਬਾਅਦ ਉਥੇ ਪੁੱਜਾ ਸੀ, ਪਰ ਜ਼ਿਆਦਾ ਉਤਾਵਲੇਪਣ ’ਚ ਉਸ ਨੇ ਉਨ੍ਹਾ ਨੂੰ ਜੱਫੀ ਪਾਉਣ ਦੀ ਕੋਸ਼ਿਸ਼ ਕੀਤੀ।

ਆਈ ਜੀ ਜੀ ਐੱਸ ਢਿੱਲੋਂ ਨੇ ਕਿਹਾ ਕਿ ਰਾਹੁਲ ਨੇ ਖੁਦ ਨੌਜਵਾਨ ਨੂੰ ਕੋਲ ਸੱਦਿਆ ਸੀ ਤੇ ਸੁਰੱਖਿਆ ’ਚ ਸੰਨ੍ਹ ਲੱਗਣ ਵਾਲੀ ਕੋਈ ਗੱਲ ਨਹੀਂ।

## ਚੀਨ ਦੀ ਅਬਾਦੀ ’ਚ ਕਮੀ



**ਬੀਜਿੰਗ :** ਚੀਨ ਨੇ ਬਜ਼ੁਰਗਾਂ ਦੀ ਵਧਦੀ ਆਬਾਦੀ ਅਤੇ ਘਟਦੀ ਜਨਮ ਦਰ ਦੇ ਕਾਰਨ ਹਾਲ ਹੀ ਦੇ ਸਾਲਾਂ ’ਚ ਪਹਿਲੀ ਵਾਰ ਕੁੱਲ ਆਬਾਦੀ ’ਚ ਗਿਰਾਵਟ ਦਾ ਐਲਾਨ ਕੀਤਾ ਹੈ। ਨੈਸ਼ਨਲ ਬਿਊਰੋ ਆਫ ਸਟੈਟਿਸਟਿਕਸ ਅਨੁਸਾਰ ਦੇਸ਼ ’ਚ ਪਿਛਲੇ ਸਾਲ ਦੇ ਮੁਕਾਬਲੇ 2022 ਦੇ ਅੰਤ ’ਚ 850,000 ਆਬਾਦੀ ਘਟੀ। ਬਿਊਰੋ ਸਿਰਫ ਮੁੱਖ ਭੂਮੀ ਚੀਨ ਦੀ ਆਬਾਦੀ ਦੀ ਗਿਣਤੀ ਕਰਦਾ ਹੈ, ਹਾਂਗਕਾਂਗ, ਮਕਾਓ ਅਤੇ ਸਵੈ-ਸ਼ਾਸਨ ਵਾਲੇ ਤਾਇਵਾਨ ਦੇ ਨਾਲ-ਨਾਲ ਵਿਦੇਸ਼ੀ ਨਿਵਾਸੀਆਂ ਨੂੰ ਛੱਡ ਦਿੰਦਾ ਹੈ। ਬਿਊਰੋ ਨੇ ਕਿਹਾ ਕਿ ਦੇਸ਼ ਦੀ ਆਬਾਦੀ 1.041 ਕਰੋੜ ਮੌਤਾਂ ਦੇ ਮੁਕਾਬਲੇ 9.56 ਲੱਖ ਜਨਮ ਦੇ ਨਾਲ 1.411.75 ਅਰਬ ਰਹਿ ਗਈ ਹੈ। ਇਨ੍ਹਾਂ ਵਿੱਚੋਂ 72.206 ਕਰੋੜ ਪੁਰਸ਼ ਅਤੇ 68.969 ਕਰੋੜ ਔਰਤਾਂ ਹਨ। ਚੀਨ ਲੰਬੇ ਸਮੇਂ ਤੋਂ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਰਿਹਾ ਹੈ ਪਰ ਭਾਰਤ ਜਲਦੀ ਹੀ ਇਸ ਨੂੰ ਪਛਾੜ ਸਕਦਾ ਹੈ।

## ਯੂ ਏ ਈ ਵਿਚੋਲਾ ਬਣ ਸਕਦੈ : ਸ਼ਰੀਫ



**ਇਸਲਾਮਾਬਾਦ :** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ ਨੇ ਕਸ਼ਮੀਰ ਸਮੇਤ ਸਾਰੇ ਬਕਾਇਆ ਮਾਮਲਿਆਂ ’ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗੱਲਬਾਤ ਦੀ ਪੇਸ਼ਕਸ਼ ਕੀਤੀ ਹੈ। ਸ਼ਰੀਫ ਦਾ ਮੰਨਣਾ ਹੈ ਕਿ ਸੰਯੁਕਤ ਅਰਬ ਅਮੀਰਾਤ (ਯੂ ਏ ਈ) ਦੀ ਇਸ ਮਾਮਲੇ ’ਚ ਮਦਦ ਲਈ ਜਾ ਸਕਦੀ ਹੈ। ਟੀ ਵੀ ਚੈਨਲ ਨੂੰ ਇੰਟਰਵਿਊ ’ਚ ਸ਼ਰੀਫ ਨੇ ਕਿਹਾ-ਭਾਰਤੀ ਲੀਡਰਸ਼ਿਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੇਰਾ ਸੰਦੇਸ਼ ਹੈ ਕਿ ਆਓ ਮੇਜ਼ ’ਤੇ ਬੈਠੀਏ ਅਤੇ ਕਸ਼ਮੀਰ ਵਰਗੇ ਭਖਦੇ ਮੁੱਦਿਆਂ ਨੂੰ ਹੱਲ ਕਰਨ ਲਈ ਗੰਭੀਰ ਅਤੇ ਸੁਹਿਰਦ ਗੱਲਬਾਤ ਕਰੀਏ।

ਉਨ੍ਹਾ ਕਿਹਾ ਕਿ ਹਾਲ ਹੀ ਦੀ ਅਮੀਰਾਤ ਦੀ ਯਾਤਰਾ ’ਚ ਯੂ ਏ ਈ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਇਦ ਕੋਲ ਇਹ ਮਾਮਲਾ ਰੱਖਿਆ ਸੀ। ਜ਼ਾਇਦ ਦੇ ਪਾਕਿਸਤਾਨ ਤੇ ਭਾਰਤ ਨਾਲ ਚੰਗੇ ਸੰਬੰਧ ਹਨ। ਉਹ ਦੋਹਾਂ ਦੇਸ਼ਾਂ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਉਣ ਲਈ ਬਹੁਤ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਬਾਰੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ।

## ਬਠਿੰਡਾ ਤੇ ਫਰੀਦਕੋਟ ਦਾ ਤਾਪਮਾਨ ਜ਼ੀਰੋ ਡਿਗਰੀ ਤੋਂ ਥੱਲੇ ਰਿਹਾ



**ਚੰਡੀਗੜ੍ਹ :** ਬਠਿੰਡਾ ਤੇ ਫਰੀਦਕੋਟ ’ਚ ਘੱਟੋ-ਘੱਟ ਤਾਪਮਾਨ ਮਨਫੀ ਇਕ ਡਿਗਰੀ ਦਰਜ ਕੀਤਾ ਗਿਆ। ਅੰਮ੍ਰਿਤਸਰ ’ਚ 1.4, ਲੁਧਿਆਣਾ ’ਚ 1.6, ਪਟਿਆਲਾ, ਪਠਾਨਕੋਟ, ਗੁਰਦਾਸਪੁਰ, ਮੋਗਾ ਅਤੇ ਮੁਹਾਲੀ ’ਚ ਕ੍ਰਮਵਾਰ 2, 2.9, 2.8, 0.8 ਅਤੇ 6.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਚੰਡੀਗੜ੍ਹ ਦਾ ਘੱਟੋ-ਘੱਟ ਤਾਪਮਾਨ 5.7 ਡਿਗਰੀ ਰਿਹਾ। ਹਰਿਆਣਾ ’ਚ ਹਿਸਾਰ ਮਨਫੀ 1.3 ਡਿਗਰੀ ਨਾਲ ਸਭ ਤੋਂ ਠੰਢਾ ਰਿਹਾ।

## ਭਾਜਪਾ ਦੀ ਜਗੀਰੂ ਸੋਚ : ਕੇਜਰੀਵਾਲ



**ਨਵੀਂ ਦਿੱਲੀ :** ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਦਿੱਲੀ ਵਿਧਾਨ ਸਭਾ ’ਚ ਫਿਨਲੈਂਡ ’ਚ ਅਧਿਆਪਕਾਂ ਦੀ ਸਿਖਲਾਈ ਪ੍ਰੋਗਰਾਮ ਦੇ ਮੁੱਦੇ ’ਤੇ ਕਿਹਾ ਕਿ ਫਿਨਲੈਂਡ ’ਚ ਅਧਿਆਪਕਾਂ ਦੀ ਸਿਖਲਾਈ ਦੇ ਪ੍ਰਸਤਾਵ ਨੂੰ ਐੱਲ ਜੀ ਦਾ ਇਨਕਾਰ ਜਗੀਰੂ ਮਾਨਸਿਕਤਾ ਦੀ ਮਿਸਾਲ ਹੈ। ਉਨ੍ਹਾ ਕਿਹਾ-ਭਾਵੇਂ ਭਾਜਪਾ ਦੇ ਸੰਸਦ ਮੈਂਬਰਾਂ ਨੇ ਖੁਦ ਵਿਦੇਸ਼ਾਂ ’ਚ ਪੜ੍ਹਾਈ ਕੀਤੀ ਹੈ ਪਰ ਉਹ ਗਰੀਬ ਬੱਚਿਆਂ ਲਈ ਸਿੱਖਿਆ ਪ੍ਰਣਾਲੀ ’ਚ ਕੋਈ ਸੁਧਾਰ ਨਹੀਂ ਹੋਣ ਦੇਣਗੇ। ਇਹ ਜਗੀਰੂ ਮਾਨਸਿਕਤਾ ਦੀ ਉਦਾਹਰਣ ਹੈ। ਐਲ ਜੀ ਕੌਣ ਹੈ? ਉਹ ਕਿੱਥੋਂ ਆਇਆ ਹੈ? ਅਸੀਂ ਚੁਣੀ ਹੋਈ ਸਰਕਾਰ ਹਾਂ। ਜੇ ਅਸੀਂ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ ਤਾਂ ਉਹ ਫਾਈਲ ਨੂੰ ਰੋਕਣ ਵਾਲਾ ਕੌਣ ਹੈ?

ਸ੍ਰੀ ਕੇਜਰੀਵਾਲ ਨੇ ਦਿੱਲੀ ਦੇ ਐੱਲ ਜੀ ਦੀ ਤੁਲਨਾ ਵਾਇਸਰਾਏ ਨਾਲ ਕੀਤੀ।

## ਕੇਂਦਰ ਨੇ ‘ਆਪ’ ਦਾ ਮਾਮਲਾ ਸੁਪਰੀਮ ਕੋਰਟ ’ਚ ਚੁੱਕਿਆ

**ਨਵੀਂ ਦਿੱਲੀ :** ਕੇਂਦਰ ਨੇ ਦਿੱਲੀ ਸਰਕਾਰ ਦੇ ਕੰਮਕਾਜ ਵਿਚ ਉਪ ਰਾਜਪਾਲ ਦੇ ਦਫਤਰ ਦੀ ਕਥਿਤ ਦਖਲਅੰਦਾਜ਼ੀ ਖਿਲਾਫ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਵੱਲੋਂ ਕੀਤੇ ਜਾ ਰਹੇ ਵਿਰੋਧ ਦਾ ਮਾਮਲਾ ਮੰਗਲਵਾਰ ਸੁਪਰੀਮ ਕੋਰਟ ਵਿਚ ਉਠਾਇਆ ਤੇ ਇਸ ਪ੍ਰਦਰਸ਼ਨ ਨੂੰ ਬੇਲੋੜਾ ਤੇ ਬੇਤੁਕਾ ਕਰਾਰ ਦਿੱਤਾ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਜਦੋਂ ਸੇਵਾਵਾਂ ਦੇ ਨਿਯੰਤਰਣ ਨੂੰ ਲੈ ਕੇ ਕੇਂਦਰ ਤੇ ਦਿੱਲੀ ਸਰਕਾਰ ਵਿਚਾਲੇ ਵਿਵਾਦ ਦੀ ਸੁਣਵਾਈ ਲਈ ਬੈਠੀ ਤਾਂ ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਵਿਰੋਧ ਦਾ ਮਾਮਲਾ ਚੁੱਕਿਆ।




## ਅੱਜ-ਨਾਮਾ

ਰਾਜਸਥਾਨ ਵੱਲ ਪੁਲਸ ਦੀ ਇੱਕ ਅਫਸਰ,
ਖੁਦ ਹੀ ਪੁਲਸੀਆਂ ਕਰੀ ਗ੍ਰਿਫਤਾਰ ਮੀਆਂ।
ਅਹੁਦਾ ਵੱਡਾ ਸੀ, ਚਰਚਾ ਵੀ ਬੜੀ ਉਸ ਦੀ,
ਨਿਕਲ ਪਈ ਮਾਰਨ ਕਰੋੜ ਦੀ ਮਾਰ ਮੀਆਂ।
ਰੱਖਿਆ ਸੀਗਾ ਦਲਾਲ ਇੱਕ ਬਹੁਤ ਚਾਤੁਰ,
ਲਾਉਂਦਾ ਡੀਲ ਵੀ ਜਿਹੜਾ ਸੀ ਪਾਰ ਮੀਆਂ।
ਜਿਸ ਥਾਂ ਰਿਸ਼ਵਤ ਦੀ ਪੰਡ ਨੂੰ ਝਪਟਣਾ ਸੀ,
ਸ਼ਿਕਾਰੀ ਹੋ ਗਏ ਫਿਰ ਖੁਦ ਸ਼ਿਕਾਰ ਮੀਆਂ।
ਮਗਰੋਂ ਪਾਉਂਦੀ ਦੁਹਾਈ ਸੀ ਬੜੀ ਸੁਣਿਆ,
ਕੋਈ ਨਹੀਂ ਬੀਬੀ ਦੀ ਚੱਲੀ ਹੈ ਵਾਹ ਮੀਆਂ।
ਇਹੋ ਜਿਹੇ ਪੱਕੇ ਸਬੂਤਾਂ ਨਾਲ ਪਿਆ ਘੇਰਾ,
ਬਚਿਆ ਭੱਜਣ ਨੂੰ ਕੋਈ ਨਹੀਂ ਰਾਹ ਮੀਆਂ।

-ਤੀਸ ਮਾਰ ਖਾਂ

## 31 ਮਾਰਚ ਤੱਕ ਖੇਤੀ ਨੀਤੀ ਘੜਨ ਲਈ 11 ਮੈਂਬਰੀ ਕਮੇਟੀ ਕਾਇਮ : ਧਾਲੀਵਾਲ




**ਚੰਡੀਗੜ੍ਹ (ਗੁਰਜੀਤ ਬਿੱਲਾ)**

ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਹੈ ਕਿ ਨਵੀਂ ਖੇਤੀ ਨੀਤੀ 31 ਮਾਰਚ ਤੱਕ ਤਿਆਰ ਕਰ ਲਈ ਜਾਵੇਗੀ। ਇਸ ਲਈ ਖੇਤੀਬਾੜੀ ਮਾਹਰਾਂ ਦੀ 11 ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ। ਉਨ੍ਹਾ ਪ੍ਰੈੱਸ ਕਾਨਫਰੰਸ ਵਿਚ ਦੱਸਿਆ ਕਿ 11 ਮੈਂਬਰੀ ਕਮੇਟੀ ’ਚ ਸਕੱਤਰ ਖੇਤੀਬਾੜੀ ਰਾਹੁਲ ਤਿਵਾੜੀ ਨੂੰ ਮੈਂਬਰ, ਚੇਅਰਮੈਨ ਪੰਜਾਬ ਰਾਜ ਕਿਸਾਨ ਅਤੇ ਖੇਤ ਕਾਮੇ ਕਮਿਸ਼ਨ ਡਾ. ਸੁਖਪਾਲ ਸਿੰਘ ਨੂੰ ਕਨਵੀਨਰ, ਵਾਈਸ ਚਾਂਸਲਰ ਪੀ ਏ ਯੂ ਲੁਧਿਆਣਾ ਡਾ. ਐੱਸ ਐੱਸ ਗੋਸਲ, ਵਾਈਸ ਚਾਂਸਲਰ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਡਾ. ਇੰਦਰਜੀਤ ਸਿੰਘ, ਅਰਥਸ਼ਾਸਤਰੀ ਡਾ. ਸੁੱਚਾ ਸਿੰਘ ਗਿੱਲ, ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਡਾ. ਬੀ ਐੱਸ ਘੁੰਮਣ, ਸਾਬਕਾ ਡਾਇਰੈਕਟਰ ਬਾਗਬਾਨੀ ਪੰਜਾਬ ਡਾ. ਗੁਰਕੰਵਲ ਸਿੰਘ, ਸਲਾਹਕਾਰ ਪੰਜਾਬ ਜਲ ਨਿਯੰਤਰਨ ਅਤੇ ਵਿਕਾਸ ਅਥਾਰਟੀ ਰਾਜੇਸ਼ ਵਸ਼ਿਸ਼ਟ, ਸਾਬਕਾ ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਬਲਵਿੰਦਰ ਸਿੰਘ ਸਿੱਧੂ, ਪ੍ਰਧਾਨ ਪੀ ਏ ਯੂ ਕਿਸਾਨ ਕਲੱਬ ਅਮਰਿੰਦਰ ਸਿੰਘ ਅਤੇ ਚੇਅਰਮੈਨ ਪਨਸੀਡ ਮਹਿੰਦਰ ਸਿੰਘ ਸਿੱਧੂ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਹੈ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ 12 ਫਰਵਰੀ ਨੂੰ ਪਹਿਲੀ ਸਰਕਾਰ-ਕਿਸਾਨ ਮਿਲਣੀ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਕੀਤੀ ਜਾਵੇਗੀ, ਜਿਸ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਭਗਵੰਤ ਮਾਨ ਹੋਣਗੇ। ਮਿਲਣੀ ’ਚ ਪੰਜਾਬ ਦੇ ਹਰ ਕੋਨੇ ਤੋਂ 2500 ਤੋਂ ਵੱਧ ਅਗਾਂਹਵਧੂ ਕਿਸਾਨ ਭਾਗ ਲੈਣਗੇ। ਮਿਲਣੀ ਦੌਰਾਨ ਕਿਸਾਨਾਂ ਨਾਲ ਖੇਤੀ ਨੀਤੀ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਕੀਮਤੀ ਸੁਝਾਅ ਲਏ ਜਾਣਗੇ।

ਉਨ੍ਹਾ ਕਿਹਾ ਕਿ ਨਵੀਂ ਖੇਤੀ ਨੀਤੀ ’ਚ ਬਾਸਮਤੀ ਨੂੰ ਪਰਮਲ ਝੋਨੇ ਦੇ ਬਦਲ ਵਜੋਂ ਅਪਨਾਉਣ ਅਤੇ ਬਾਸਮਤੀ ਐਕਸਪੋਰਟ ਨੂੰ ਉਤਸ਼ਾਹਤ ਕਰਨ ਦੀ ਤਜਵੀਜ਼ ਵੀ ਸ਼ਾਮਲ ਕੀਤੀ ਜਾਵੇਗੀ। ਧਾਲੀਵਾਲ ਨੇ ਕਿਹਾ ਕਿ ਛੇਤੀ ਹੀ ਪੰਜਾਬ ਦੇ ਕਿਸਾਨਾਂ ਨੂੰ ਜ਼ਹਿਰ ਮੁਕਤ ਖੇਤੀ ਮਾਡਲ ਦਿੱਤਾ ਜਾਵੇਗਾ।

### ਕਿਸਾਨਾਂ ਲਈ ‘ਬੀਜ’ ਐਪ ਲਾਂਚ

**ਚੰਡੀਗੜ੍ਹ :** ਪੰਜਾਬ ਸਰਕਾਰ ਨੇ ਮੰਗਲਵਾਰ ਕਿਸਾਨਾਂ ਲਈ ਮੋਬਾਈਲ ਐਪ ‘ਬੀਜ’ ਲਾਂਚ ਕੀਤੀ ਤਾਂ ਜੋ ਉਹ ਇਸ ਗੱਲ ਦੀ ਜਾਣਕਾਰੀ ਹਾਸਲ ਕਰ ਸਕਣ ਕਿ ਉਨ੍ਹਾਂ ਵੱਲੋਂ ਖਰੀਦਿਆ ਗਿਆ ਬੀਜ ਮਨਜ਼ੂਰਸ਼ੁਦਾ ਹੈ ਜਾਂ ਨਹੀਂ। ਐਪ ਲਾਂਚ ਕਰਦਿਆਂ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੂਬੇ ਦੇ ਕਪਾਹ ਉਤਪਾਦਕਾਂ ਨੂੰ ਗੈਰ-ਮਨਜ਼ੂਰਸ਼ੁਦਾ ਬੀਜ ਖਰੀਦ ਕੇ ਭਾਰੀ ਨੁਕਸਾਨ ਝੱਲਣਾ ਪਿਆ ਤੇ ਇਸ ਤੋਂ ਬਚਣ ਲਈ ਸਰਕਾਰ ਨੇ ਇਹ ਐਪ ਲਾਂਚ ਕੀਤੀ ਹੈ।

## ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੀ ਦੋ ਰੋਜ਼ਾ ਬੈਠਕ ਕੁਲਬਰਗੀ ’ਚ



ਵੀ.ਐੱਸ. ਨਿਰਮਲ ਤੇ ਗੁਲਜ਼ਾਰ ਗੋਰੀਆ।

**ਸ਼ਾਹਕੋਟ (ਗਿਆਨ ਸੈਦਪੁਰੀ)**

ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਦੇ ਜਨਰਲ ਸਕੱਤਰ ਕਾਮਰੇਡ ਵੀ.ਐੱਸ. ਨਿਰਮਲ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਇੱਕ ਲਿਖਤੀ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਅੰਦੋਲਨ ਦੀ ਕੌਮੀ ਕਮੇਟੀ ਦੀ ਦੋ ਦਿਨਾਂ ਬੈਠਕ 29 ਅਤੇ 30 ਜਨਵਰੀ ਨੂੰ ਹੋਵੇਗੀ। ਕਰਨਾਟਕ ਦੇ ਸ਼ਹਿਰ ਕੁਲਬਰਗੀ ਵਿੱਚ ਹੋਣ ਵਾਲੀ ਮੀਟਿੰਗ ਵਿੱਚ ਪੰਜਾਬ ਤੋਂ ਇੱਕ ਚਾਰ ਮੈਂਬਰੀ ਵਫਦ ਵੀ ਭਾਗ ਲਵੇਗਾ।

ਆਗੂਆਂ ਨੇ ਲੰਘੇ ਨਵੰਬਰ ਮਹੀਨੇ ਦਿੱਲੀ ਦੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਭਵਨ ਵਿੱਚ ‘ਦਲਿਤਾਂ’ ਉੱਪਰ ਵਧਦੇ ਹਮਲਿਆਂ ਵਿਰੁੱਧ ਕੁਲ ਹਿੰਦ ਕਨਵੈਨਸ਼ਨ ਦੌਰਾਨ ਉੱਭਰੇ ਨੁਕਤਿਆਂ ਦੇ ਹਵਾਲੇ ਨਾਲ ਕਿਹਾ ਕਿ ਦੇਸ਼ ਵਿੱਚ ਵੱਖ-ਵੱਖ ਰੂਪਾਂ ’ਚ ਦਲਿਤਾਂ ਨੂੰ ਛੂਤ-ਛਾਤ ਅਤੇ ਭੇਦ-ਭਾਵ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਭਾਜਪਾ ਦੇ ਸੱਤਾ ਸੰਭਾਲਣ ਦੇ ਸਮੇਂ ਤੋਂ ਇਸ ਵੱਲੋਂ ਅਪਣਾਈਆਂ ਗਈਆਂ ਸੰਪਰਦਾਇਕ ਅਤੇ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਦਲਿਤ ਅਧਿਕਾਰਾਂ ’ਤੇ ਵੱਡੀਆਂ ਸੱਟਾਂ

● ਬਾਕੀ ਸਫ਼ਾ 10 ’ਤੇ

CMYK

# ਜੋਸ਼ੀਮੱਠ ਤਬਾਹੀ ਲਈ ਡਬਲ ਇੰਜਣ ਸਰਕਾਰ ਜ਼ਿੰਮੇਵਾਰ

*ਜੋਸ਼ੀਮੱਠ ਧਰਤੀ 'ਚ ਸਮਾ ਰਿਹਾ ਹੈ। ਸਰਕਾਰ ਇਸ ਨੂੰ ਕੁਦਰਤੀ ਆਫ਼ਤ ਕਹਿ ਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਰਹੀ ਹੈ। ਇਸ ਸਮੇਂ ਉੱਤਰਾਖੰਡ ਵਿੱਚ ਡਬਲ ਇੰਜਣ ਦੀ ਸਰਕਾਰ ਹੈ। ਦਿੱਲੀ ਵਿੱਚ ਬੈਠਾ ਸੁਪਰ ਇੰਜਣ 2024 ਦੀਆਂ ਚੋਣਾਂ ਜਿੱਤਣ ਲਈ ਰੋਡ ਸ਼ੋਅ ਕੱਢਣ ਵਿੱਚ ਮਸਤ ਹੈ। ਉਹੀ ਸੁਪਰ ਇੰਜਣ, ਜਿਸ ਨੇ ਕੋਰੋਨਾ ਮਹਾਂਮਾਰੀ ਦਾ ਮੁਕਾਬਲਾ ਕਰਨ ਵਿੱਚ ਆਪਣੀ ਨਾਕਾਮੀ ਉੱਤੇ ਲੋਕਾਂ ਤੋਂ ਤਾਲੀ ਤੇ ਥਾਲੀ ਖੜਕਵਾ ਕੇ ਪਰਦਾ ਪਾ ਲਿਆ ਸੀ। ਹੁਣ ਉੱਤਰਾਖੰਡ ਦੀ ਭਾਜਪਾ ਸਰਕਾਰ ਆਪਣੀਆਂ ਗ਼ਲਤੀਆਂ ਨੂੰ ਛੁਪਾਉਣ ਲਈ ਇਸਰੋ ਵੱਲੋਂ ਜਾਰੀ ਤਸਵੀਰਾਂ ਨੂੰ ਹਟਾ ਕੇ ਤੇ ਸਰਕਾਰੀ ਅਧਿਕਾਰੀਆਂ ਨੂੰ ਮੀਡੀਏ ਤੋਂ ਦੂਰ ਰਹਿਣ ਦੀਆਂ ਹਦਾਇਤਾਂ ਦੇ ਕੇ ਉਸੇ ਰਾਹ ਉੱਤੇ ਤੁਰ ਰਹੀ ਹੈ। ਇਸਰੋ ਵੱਲੋਂ ਜੋਸ਼ੀਮੱਠ ਦੀਆਂ ਜਾਰੀ ਕੀਤੀਆਂ ਤਸਵੀਰਾਂ ਰਾਜ ਸਰਕਾਰ ਦੀ ਲਾਪਰਵਾਹੀ ਦੀ ਪੋਲ ਖੋਲ੍ਹਦੀਆਂ ਸਨ। ਇਸ ਕਾਰਨ ਸਰਕਾਰ ਤੁਰੰਤ ਹਰਕਤ ਵਿੱਚ ਆ ਗਈ ਤੇ ਕੈਬਨਿਟ ਮੰਤਰੀ ਨੇ ਇਸਰੋ ਦੀ ਵੈੱਬਸਾਈਟ ਤੋਂ ਇਹ ਤਸਵੀਰਾਂ ਹਟਵਾ ਦਿੱਤੀਆਂ।*

*ਵਰਨਣਯੋਗ ਹੈ ਕਿ ਜੋਸ਼ੀਮੱਠ ਦੀ ਤਬਾਹੀ ਦੇ ਪਹਿਲੇ ਸੰਕੇਤ ਅਕਤੂਬਰ 2021ਵਿੱਚ ਹੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਸਨ, ਪਰ ਸਰਕਾਰ ਨੇ ਕੋਈ ਧਿਆਨ ਨਾ ਦਿੱਤਾ। ਕੁਝ ਦਿਨਾਂ ਬਾਅਦ ਜਦੋਂ ਦਰਾੜਾਂ ਪਾਟਣੀਆਂ ਸ਼ੁਰੂ ਹੋਈਆਂ ਤਾਂ ਸਰਕਾਰ ਫਿਰ ਵੀ ਚੁੱਪ ਬੈਠੀ ਰਹੀ। 2022 ਦੇ ਸ਼ੁਰੂ ਵਿੱਚ ਜਦੋਂ ਸਮੱਸਿਆ ਗੰਭੀਰ ਹੋਣੀ ਸ਼ੁਰੂ ਹੋ ਗਈ ਤਾਂ ਸਰਕਾਰ ਨੇ ਫਿਰ ਵੀ ਧਿਆਨ ਨਾ ਦਿੱਤਾ। ਇਸ ਦੇ ਉਲਟ ਇਸ ਸਮੱਸਿਆ ਦੀ ਗੰਭੀਰਤਾ ਬਾਰੇ ਸਰਕਾਰੀ ਦਖ਼ਲ ਦੀ ਮੰਗ ਕਰ ਰਹੇ ਲੋਕਾਂ ਨੂੰ ਅਰਬਨ ਨਕਸਲ ਤੇ ਡਰ ਪੈਦਾ ਕਰਨ ਵਾਲੇ ਵਿਕਾਸ ਵਿਰੋਧੀ ਕਹਿ ਕੇ ਭੰਡਿਆ ਗਿਆ। ਨਵੇਂ ਸਾਲ ਦੇ ਦੂਜੇ ਦਿਨ ਜਦੋਂ ਘਰਾਂ ਵਿੱਚ ਆਈਆਂ ਦਰਾੜਾਂ ਖੌਫਨਾਕ ਪੱਧਰ ਉੱਤੇ ਪੁੱਜ ਗਈਆਂ ਤੇ ਜੋਸ਼ੀਮੱਠ ਕੌਮਾਂਤਰੀ ਮੀਡੀਆ ਦੀਆਂ ਖ਼ਬਰਾਂ ਵਿੱਚ ਛਾ ਗਿਆ ਤਦ ਜਾ ਕੇ ਸਰਕਾਰ ਦੀ ਜਾਗ ਖੁੱਲ੍ਹੀ।*

*ਇਸੇ ਦੌਰਾਨ ਜਦੋਂ ਵੱਖ-ਵੱਖ ਭੂ-ਵਿਗਿਆਨੀ ਜੋਸ਼ੀਮੱਠ ਦੀ ਸਥਿਤੀ ਦਾ ਜਾਇਜ਼ਾ ਲੈ ਰਹੇ ਸਨ ਤਾਂ ਇਸਰੋ ਨੇ ਤਸਵੀਰਾਂ ਸਮੇਤ ਇੱਕ ਰਿਪੋਰਟ ਜਾਰੀ ਕਰਕੇ ਕਿਹਾ ਕਿ ਪਿਛਲੇ 12 ਦਿਨਾਂ ਵਿੱਚ ਜੋਸ਼ੀਮੱਠ 5.4 ਸੈਂਟੀਮੀਟਰ ਧਸ ਚੁੱਕਾ ਹੈ। ਇਸ ਤੋਂ ਪਹਿਲਾਂ ਨੈਸ਼ਨਲ ਰਿਮੋਟ ਸੈਂਸਿੰਗ ਸੈਂਟਰ (ਐਨ ਆਰ ਐਸ ਸੀ) ਦੀ ਰਿਪੋਰਟ ਵਿੱਚ ਇਹ ਦੱਸਿਆ ਗਿਆ ਸੀ ਕਿ ਅਪ੍ਰੈਲ 2022 ਤੋਂ ਨਵੰਬਰ ਤੱਕ 7 ਮਹੀਨਿਆਂ ਦੌਰਾਨ ਜੋਸ਼ੀਮੱਠ 9 ਸੈਂਟੀਮੀਟਰ ਹੇਠਾਂ ਚਲਾ ਗਿਆ ਸੀ। ਇਸਰੋ ਦੀ ਤਾਜ਼ਾ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਹੁਣ ਜੋਸ਼ੀਮੱਠ ਦੀ ਜ਼ਮੀਨ ਵਿੱਚ ਸਮਾ ਜਾਣ ਦੀ ਰ਼ਫਤਾਰ ਤੇਜ਼ ਹੋ ਗਈ ਹੈ। ਭਾਜਪਾ ਸਰਕਾਰ ਦੇ ਕਹਿਣ 'ਤੇ ਇਸਰੋ ਨੇ ਆਪਣੀ ਵੈੱਬਸਾਈਟ ਤੋਂ ਇਹ ਰਿਪੋਰਟ ਹਟਾ ਲਈ ਹੈ। ਇਸ ਸੰਬੰਧੀ ਕੈਬਨਿਟ ਮੰਤਰੀ ਧਨ ਸਿੰਘ ਰਾਵਤ ਨੇ ਕਿਹਾ ਹੈ ਕਿ ਜੋਸ਼ੀਮੱਠ ਸੰਬੰਧੀ ਇਸਰੋ ਦੀਆਂ ਤਸਵੀਰਾਂ ਵਾਇਰਲ ਹੋਣ ਤੇ ਟੀ ਵੀ ਚੈਨਲਾਂ ਉੱਤੇ ਪ੍ਰਸਾਰਤ ਹੋਣ ਨਾਲ ਲੋਕ ਭੈਭੀਤ ਹੋ ਗਏ ਸਨ, ਜਿਸ ਕਾਰਨ ਉਨ੍ਹਾ ਇਸਰੋ ਨੂੰ ਕਿਹਾ ਸੀ ਕਿ ਤਸਵੀਰਾਂ ਤੇ ਰਿਪੋਰਟ ਨੂੰ ਹਟਾ ਦਿੱਤਾ ਜਾਵੇ। ਤਰਕ ਕਮਾਲ ਦਾ ਹੈ। ਭਲਾ ਜਿਨ੍ਹਾਂ ਲੋਕਾਂ ਦੀਆਂ ਅੱਖਾਂ ਮੂਹਰੇ ਉਨ੍ਹਾਂ ਦੇ ਆਸ਼ਿਆਨੇ ਤਿੜਕ ਰਹੇ ਹਨ, ਉਨ੍ਹਾਂ ਨੂੰ ਤਸਵੀਰਾਂ ਦੇਖਣ ਜਾਂ ਨਾ ਦੇਖਣ ਨਾਲ ਭਲਾ ਕੀ ਫ਼ਰਕ ਪੈਂਦਾ ਹੈ।*

*ਸਰਕਾਰ ਦੀਆਂ ਅਜਿਹੀਆਂ ਘਟੀਆ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਸ਼ਹਿਰ ਵਾਸੀਆਂ ਦਾ ਗੁੱਸਾ ਸੱਤਵੇਂ ਅਸਮਾਨ ਉੱਤੇ ਹੈ। ਲੋਕਾਂ ਨੇ ਫ਼ੈਸਲਾ ਕੀਤਾ ਹੈ ਕਿ 26 ਜਨਵਰੀ ਨੂੰ ਉਹ ਪੂਰੇ ਸ਼ਹਿਰ ਵਿੱਚ ਪ੍ਰਦਰਸ਼ਨਾਂ ਰਾਹੀਂ ਸ਼ਹਿਰ ਨੂੰ ਜਾਮ ਕਰ ਦੇਣਗੇ। ਇਸ ਦਿਨ ਜੋਸ਼ੀਮੱਠ ਨੇੜਲੇ 50 ਪਿੰਡਾਂ ਦੇ ਲੋਕ ਵੀ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣਗੇ। ਲੋਕਾਂ ਦੀ ਮੰਗ ਹੈ ਕਿ ਇਸ ਤਬਾਹੀ ਪਿੱਛੇ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ (ਐਨ ਟੀ ਪੀ ਸੀ) ਜ਼ਿੰਮੇਵਾਰ ਹੈ, ਇਸ ਲਈ ਉਸ ਤੋਂ ਹੋਏ ਨੁਕਸਾਨ ਦਾ ਮੁਕੰਮਲ ਮੁਆਵਜ਼ਾ ਦਿਵਾਇਆ ਜਾਵੇ।*

*ਜੋਸ਼ੀਮੱਠ ਸੰਬੰਧੀ ਬਣੀ ਜੋਸ਼ੀਮੱਠ ਬਚਾਓ ਸੰਘਰਸ਼ ਸਮਿਤੀ ਦੇ ਕਨਵੀਨਰ ਅਤੁਲ ਸਤੀ ਨੇ ਕਿਹਾ ਕਿ ਮੁੱਖ ਮੰਤਰੀ ਧਾਮੀ ਨੇ ਮੌਜੂਦਾ ਸਥਿਤੀ ਨੂੰ ਕੁਦਰਤੀ ਆਫ਼ਤ ਕਹਿ ਕੇ ਐਨ ਟੀ ਪੀ ਸੀ ਨੂੰ ਕਲੀਨ ਚਿੱਟ ਦੇ ਦਿੱਤੀ ਹੈ, ਜਦੋਂ ਕਿ ਇਸ ਤਬਾਹੀ ਲਈ ਉਹੀ ਜ਼ਿੰਮੇਵਾਰ ਹੈ। ਹੁਣ ਲੜਾਈ ਜੋਸ਼ੀਮੱਠ ਤੇ ਐਨ ਟੀ ਪੀ ਸੀ ਵਿਚਕਾਰ ਹੈ, ਜਿਸ ਦੀ ਤਪੋਵਨ-ਵਿਸ਼ਣੂਗੜ੍ਹ ਪਣ ਬਿਜਲੀ ਯੋਜਨਾ ਨੇ ਸ਼ਹਿਰ ਨੂੰ ਤਬਾਹ ਕਰ ਦਿੱਤਾ ਹੈ। ਸਾਡੀ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸਰਕਾਰ ਐਨ ਟੀ ਪੀ ਸੀ ਤੋਂ ਜੋਸ਼ੀਮੱਠ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਲੈ ਕੇ ਪ੍ਰਭਾਵਤ ਪਰਵਾਰਾਂ ਨੂੰ ਨਹੀਂ ਦਿੰਦੀ ਅਤੇ ਪਣਬਿਜਲੀ ਯੋਜਨਾ ਉਤੇ ਰੋਕ ਨਹੀਂ ਲਾਈ ਜਾਂਦੀ।*

**-ਚੰਦ ਫਤਿਹਪੁਰੀ**

# ਭਾਰਤ ਜੋੜੋ ਯਾਤਰਾ ਕਾਰਨ ਭਾਜਪਾ 'ਚ ਖਲਬਲੀ



ਵਿਸ਼ਵਾ ਮਿੱਤਰ ਬੰਮੀ

ਪਿਛਲੇ ਸਾਲ ਸੱਤ ਸਤੰਬਰ ਵਾਲੇ ਦਿਨ ਭਾਰਤ ਜੋੜੋ ਯਾਤਰਾ ਕੰਨਿਆ ਕੁਮਾਰੀ ਤੋਂ ਸ਼ੁਰੂ ਹੋਈ ਅਤੇ 150 ਦਿਨਾਂ 'ਚ ਇਹ ਯਾਤਰਾ ਸ੍ਰੀਨਗਰ (ਕਸ਼ਮੀਰ) 'ਚ ਆਪਣੇ ਅੰਤਿਮ ਪੜਾਅ 'ਤੇ ਪਹੁੰਚ ਜਾਵੇਗੀ। ਇਹ ਪੈਦਲ ਯਾਤਰਾ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ੁਰੂ ਕੀਤੀ, ਜਿਸ ਵਿਚ ਉਹ ਆਪਣੇ ਸਾਥੀਆਂ ਨਾਲ 150 ਦਿਨਾਂ ਵਿਚ 3750 ਕਿਲੋਮੀਟਰ ਦਾ ਸਫਰ ਪੈਦਲ ਕਰੇਗਾ। ਉਸ ਨਾਲ ਪੈਦਲ ਚੱਲਣ ਵਾਲੇ ਕੋਈ ਜ਼ਰੂਰੀ ਨਹੀਂ ਕਿ ਕੇਵਲ ਕਾਂਗਰਸ ਦੇ ਨੇਤਾ ਜਾਂ ਵਰਕਰ ਹੋਣ, ਬਲਕਿ ਕਈ ਹੋਰ ਵੀ ਹਨ, ਜਿਹੜੇ ਕਾਂਗਰਸ ਦੇ ਵਰਕਰ ਨਹੀਂ ਹਨ। ਇਸ ਯਾਤਰਾ 'ਚ ਗੈਰ ਕਾਂਗਰਸ ਪਾਰਟੀਆਂ ਦੇ ਵਰਕਰ ਵੀ ਜੁੜ ਰਹੇ ਹਨ। ਰਾਹੁਲ ਗਾਂਧੀ ਦੇ ਕਹਿਣ ਅਨੁਸਾਰ ਇਹ ਯਾਤਰਾ ਲੋਕਾਂ ਨੂੰ ਜੋੜਨ ਲਈ ਹੈ, ਕਿਉਂਕਿ ਭਾਜਪਾ ਅਤੇ ਆਰ ਐੱਸ ਐੱਸ ਨੇ ਲੋਕਾਂ ਨੂੰ ਹਿੰਦੂ ਅਤੇ ਮੁਸਲਿਮ ਦੇ ਤੌਰ 'ਤੇ ਵੰਡ ਦਿੱਤਾ ਹੈ ਅਤੇ ਭਾਈਚਾਰਕ ਸਾਂਝ ਤੋੜ ਦਿੱਤੀ ਹੈ। ਭਾਜਪਾ ਅਤੇ ਆਰ ਐੱਸ ਐੱਸ ਵੱਲੋਂ ਲੋਕਾਂ 'ਚ ਇਲਾਕੇ ਦੇ ਨਾਂਅ 'ਤੇ, ਭਾਸ਼ਾ ਦੇ ਨਾਂਅ 'ਤੇ, ਧਰਮ ਦੇ ਨਾਂਅ 'ਤੇ, ਪਹਿਰਾਵੇ ਦੇ ਨਾਂਅ 'ਤੇ ਅਤੇ ਹੋਰ ਕਈ ਮਸਲਿਆਂ 'ਤੇ ਇੱਕ-ਦੂਜੇ ਪ੍ਰਤੀ ਨਫਰਤ ਪੈਦਾ ਕੀਤੀ ਹੈ ਅਤੇ ਅਸੀਂ ਨਫਰਤ ਖਤਮ ਕਰਕੇ ਲੋਕਾਂ ਵਿਚ ਪਿਆਰ ਪੈਦਾ ਕਰਨ ਲਈ ਯਾਤਰਾ ਸ਼ੁਰੂ ਕੀਤੀ ਹੈ। ਇੱਥੇ ਗਾਂਧੀ ਇੱਕ ਵਾਕ ਵੀ ਦੁਹਰਾਉਂਦਾ ਹੈ ਕਿ ਅਸੀਂ ਨਫਰਤ ਦੇ ਬਾਜ਼ਾਰ ਵਿਚ ਪਿਆਰ ਦੀਆਂ ਦੁਕਾਨਾਂ ਪਾਉਣ ਆਏ ਹਾਂ। ਇਹ ਯਾਤਰਾ ਮਹਿੰਗਾਈ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ ਵਿਰੁੱਧ ਹੈ ਅਤੇ ਸੰਵਿਧਾਨ ਨੂੰ ਨਸ਼ਟ ਕਰਨ ਵਾਲਿਆਂ ਦੇ ਵਿਰੁੱਧ ਹੈ। ਇਹ ਯਾਤਰਾ ਉਹਨਾਂ ਦੇ ਵਿਰੁੱਧ ਹੈ, ਜਿਹੜੇ ਕਹਿੰਦੇ ਹਨ ਕਿ ਧਰਮ ਨਿਰਪੇਖਤਾ ਦੇਸ਼ ਦੀ ਤਰੱਕੀ ਵਿਚ ਇੱਕ ਰੋੜਾ ਹੈ। ਸਮਾਜ ਦਿਨ-ਬ-ਦਿਨ ਗਰੀਬੀ ਵੱਲ ਵਧ ਰਿਹਾ ਹੈ, ਕਿਉਂਕਿ ਸਾਰਾ ਪੈਸਾ ਕੁੱਝ ਕੁ ਧਨਾਢ ਲੋਕਾਂ ਕੋਲ ਜਾ ਰਿਹਾ ਹੈ। ਯਾਤਰਾ ਦੇ ਨਾਹਰੇ ਅਤੇ ਟੀਚੇ ਹੀ ਐਸੇ ਹਨ ਕਿ ਜਿਹੜਾ ਵੀ ਸੁਣਦਾ ਹੈ, ਖੁਦ-ਬ-ਖੁਦ ਖਿੱਚਿਆ ਆਉਂਦਾ ਹੈ ਅਤੇ ਯਾਤਰਾ ਦਾ ਕਾਫਲਾ ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਹੈ।

ਕੇਵਲ ਇਹ ਕਾਫਲਾ ਹੀ ਨਹੀਂ ਵਧ ਰਿਹਾ, ਬਲਕਿ ਕੁੱਝ ਅਹਿਮ ਹਸਤੀਆਂ ਦੇ ਬਿਆਨ ਵੀ ਇਸ ਦੇ ਹੱਕ ਵਿਚ ਆਏ ਹਨ। ਰਾਮ ਮੰਦਰ ਦੇ ਪੁਜਾਰੀ ਆਚਾਰਿਆ ਸਤਯੇਂਦਰ ਦਾਸ ਨੇ ਰਾਹੁਲ ਦੇ ਨਾਂਅ 'ਤੇ ਜਿਹੜਾ ਇੱਕ ਪੱਤਰ ਲਿਖਿਆ ਹੈ, ਜਿਸ ਵਿਚ ਉਸ ਨੇ ਕਿਹਾ ਹੈ ਕਿ ਤੁਹਾਡੀ ਇਹ ਭਾਰਤ ਜੋੜਨ ਦੀ ਯਾਤਰਾ ਪੂਰਣ ਹੋਵੇ। ਜਿਹੜਾ ਟੀਚਾ ਮਿੱਥ ਕੇ ਤੁਸੀਂ ਚੱਲ ਰਹੇ ਹੋ, ਉਸ ਵਿਚ ਤੁਹਾਨੂੰ ਜ਼ਰੂਰ ਸਫਲਤਾ ਮਿਲੇ। ਦੇਸ਼ ਹਿੱਤ ਵਿਚ ਤੁਸੀਂ ਜਿਹੜਾ ਵੀ ਕੰਮ ਕਰ ਰਹੇ ਹੋ, ਉਹ ਅਸਲ ਵਿਚ 'ਸਰਵ ਜਨ ਸੁੱਖਾਏ ਸਰਵ ਜਨ ਹਿਤਾਏ' ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਚੰਪਤ ਰਾਏ ਜਿਹੜੇ ਕਿ ਰਾਮ ਜਨਮ ਭੂਮੀ ਦੇ ਜਨਰਲ ਸੈਕਟਰੀ ਹਨ, ਉਹਨਾਂ ਨੇ ਭਾਰਤ ਜੋੜੋ ਯਾਤਰਾ ਦੀ ਤਾਰੀਫ ਕੀਤੀ ਹੈ। ਰਾਮ ਜਨਮ ਭੂਮੀ ਟਰੱਸਟ ਦੇ ਖਜ਼ਾਨਚੀ ਮਹੰਤ ਗੋਵਿੰਦ ਦੇਵ ਗਿਰੀ ਅਤੇ ਹਨੂੰਮਾਨ ਗੜ੍ਹੀ ਦੇ ਮਹੰਤ ਸੰਜੈ ਦਾਸ ਨੇ ਭਾਰਤ ਜੋੜੋ ਯਾਤਰਾ ਲਈ ਸ਼ੁੱਭ ਕਾਮਨਾਵਾਂ ਭੇਜੀਆਂ ਹਨ।

ਹੋਰ ਤਾਂ ਹੋਰ ਬਾਬਾ ਰਾਮਦੇਵ ਨੇ ਵੀ ਭਾਰਤ ਜੋੜੋ ਯਾਤਰਾ ਦੀ ਤਾਰੀਫ ਕਰਦੇ ਹੋਏ ਕਿਹਾ ਹੈ ਕਿ ਦੇਸ਼ ਵਿੱਚ ਸੱਤਾ ਧਿਰ ਦੇ ਨਾਲ-ਨਾਲ ਇੱਕ ਵਿਰੋਧੀ ਧਿਰ ਦਾ ਜ਼ਿੰਦਾ ਰਹਿਣਾ ਲਾਜ਼ਮੀ ਹੋਣਾ ਚਾਹੀਦਾ ਹੈ ਤਾਂ ਹੀ ਦੇਸ਼ ਅਤੇ ਉਸ ਦੇ ਏਜੰਡੇ ਜ਼ਿੰਦਾ ਰਹਿਣਗੇ। ਉਨ੍ਹਾਂ ਨੇ ਕਿਹਾ, "ਰਾਹੁਲ ਗਾਂਧੀ ਨੌਜਵਾਨਾਂ ਨੂੰ ਅੱਗੇ ਲਿਆ ਰਹੇ ਹਨ, ਜੇਕਰ ਉਹ ਅਜਿਹਾ ਕਰਨਾ ਜਾਰੀ ਰੱਖਦੇ ਹਨ ਤਾਂ ਕਾਂਗਰਸ ਮੁਕਤ ਭਾਰਤ ਵਾਲਿਆਂ ਦੇ ਸੁਪਨੇ ਕੁਚਲ ਦਿੱਤੇ ਜਾਣਗੇ।" ਤ੍ਰਿਣਾਮੂਲ ਕਾਂਗਰਸ ਦੇ ਮੈਂਬਰ ਪਾਰਲੀਮੈਂਟ ਸ੍ਰੀ ਸ਼ਤਰੂਘਨ ਸਿਨਹਾ ਨੇ ਯਾਤਰਾ ਦੀ ਤਾਰੀਫ ਕਰਦੇ ਹੋਏ ਕਿਹਾ ਹੈ ਕਿ ਇਹ ਯਾਤਰਾ ਇਤਿਹਾਸਕ ਅਤੇ ਕ੍ਰਾਂਤੀਕਾਰੀ ਹੈ। ਆਮ ਆਦਮੀ ਪਾਰਟੀ ਦੇ ਸਾਬਕਾ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਭਾਰਤ ਜੋੜੋ ਯਾਤਰਾ ਵਿਚ ਸ਼ਾਮਲ ਹੋ ਚੁੱਕੇ ਹਨ। ਐੱਨ ਡੀ ਟੀ ਵੀ ਦੇ ਸਾਬਕਾ ਪੱਤਰਕਾਰ ਸ੍ਰੀ ਰਵੀਸ਼ ਕੁਮਾਰ ਨੇ ਕਿਹਾ ਹੈ, "ਮੈਂ ਪੱਤਰਕਾਰ ਹੋਣ ਦੇ ਨਾਤੇ ਭਾਰਤ ਜੋੜੋ ਯਾਤਰਾ ਦਾ ਹਿੱਸਾ ਨਹੀਂ ਬਣ ਸਕਦਾ, ਪਰ ਉਸ ਦੀ ਕਵਰਿੰਗ ਕਰਨ ਜ਼ਰੂਰ ਜਾਵਾਂਗਾ।" ਦੀ ਵਾਇਰ ਹਿੰਦੀ ਦੀ ਸੀਨੀਅਰ ਐਡੀਟਰ ਅਰਫਾ ਖਾਨੁਮ ਸੇਰਵਾਨੀ ਨੇ ਭਾਰਤ ਜੋੜੋ ਯਾਤਰਾ ਨੂੰ ਸੁਚੱਜੇ ਢੰਗ ਨਾਲ ਕਵਰ ਕੀਤਾ ਹੈ। ਹੋਰ ਵੀ ਅਨੇਕਾਂ ਪੱਤਰਕਾਰ ਜਿਹੜੇ ਕਿ ਗੋਦੀ ਮੀਡੀਆ ਦੇ ਝੂਠ, ਤੂਫਾਨ ਤੋਂ ਪਰਦੇ ਹਟਾ ਰਹੇ ਹਨ, ਉਹ ਭਾਰਤ ਜੋੜੋ ਯਾਤਰਾ ਦੇ ਹੱਕ 'ਚ ਬੋਲ ਰਹੇ ਹਨ। ਆਰ ਐੱਸ ਐੱਸ ਦੀ ਹਾਲਤ ਇਹ ਬਣੀ ਹੋਈ ਹੈ ਕਿ ਉਹ ਭਾਰਤ ਜੋੜੋ ਯਾਤਰਾ ਦਾ ਵਿਰੋਧ ਨਹੀਂ ਕਰ ਸਕਦਾ, ਕਿਉਂਕਿ ਅਜਿਹਾ ਕਰਨ ਨਾਲ ਉਹ ਬਦਨਾਮ ਹੁੰਦਾ ਹੈ ਅਤੇ ਉਹ ਯਾਤਰਾ ਦੀ ਤਾਰੀਫ ਵੀ ਨਹੀਂ ਕਰ ਸਕਦਾ, ਕਿਉਂਕਿ ਯਾਤਰਾ ਧਰਮ-ਨਿਰਪੱਖਤਾ ਦੀ ਹਾਮੀ ਹੈ ਅਤੇ ਹਿੰਦੂ ਮੁਸਲਿਮ ਪਾੜੇ ਦੇ ਵਿਰੁੱਧ ਹੈ। ਇਸ ਲਈ ਸੰਘ ਇਸ 'ਤੇ ਚੁੱਪ ਹੈ, ਪਰ ਇਸ ਦੇ ਕੁੱਝ ਨੇਤਾ ਮੂੰਹੋਂ ਭਾਵੇਂ ਨਾ ਬੋਲ ਸਕਣ, ਪਰ ਅੰਦਰੋਂ-ਅੰਦਰ ਉਹ ਯਾਤਰਾ ਅਤੇ ਇਸ ਦੇ ਉਦੇਸ਼ਾਂ ਨਾਲ ਸਹਿਮਤ ਹਨ।

ਭਾਰਤ ਜੋੜੋ ਯਾਤਰਾ ਦੀ ਲੋਕਾਂ 'ਚ ਵਧ ਰਹੀ ਮਕਬੂਲੀਅਤ ਨੂੰ ਆਪਣੇ ਲਈ ਖਤਰੇ ਦੀ ਘੰਟੀ ਮੰਨਦੇ ਹੋਏ ਭਾਜਪਾ ਨੇ ਇਸ ਨੂੰ ਰੋਕਣ ਦੀ ਬੜੀ ਕੋਸ਼ਿਸ਼ ਕੀਤੀ। ਚੀਨ 'ਚ ਵਧੇ ਹੋਏ ਕੋਰੋਨਾ ਦੇ ਮਰੀਜ਼ਾਂ ਦਾ ਹਵਾਲਾ ਦਿੰਦੇ ਹੋਏ ਰਾਹੁਲ ਨੂੰ ਛੇਤੀ ਤੋਂ ਛੇਤੀ ਭਾਰਤ ਜੋੜੋ ਯਾਤਰਾ ਖਤਮ ਕਰਨ ਲਈ ਕਿਹਾ, ਜਦਕਿ ਉਸੇ ਵੇਲੇ ਪ੍ਰਧਾਨ ਮੰਤਰੀ ਵੱਡੀਆਂ ਭੀੜਾਂ ਇਕੱਠੀਆਂ ਕਰਕੇ ਗੁਜਰਾਤ ਅਤੇ ਹਿਮਾਚਲ ਵਿਚ ਚੋਣ ਰੈਲੀਆਂ ਕਰ ਰਹੇ ਸਨ ਅਤੇ ਪਾਰਲੀਮੈਂਟ ਦੇ ਸੈਸ਼ਨ ਚੱਲ ਰਹੇ ਸਨ। ਹੋਰ ਵੀ ਕਈ ਥਾਵਾਂ 'ਤੇ ਭਾਜਪਾ ਦੀਆਂ ਰੈਲੀਆਂ ਬਾਦਸਤੂਰ ਜਾਰੀ ਸਨ। ਜਦੋਂ ਇਹ ਹਥਿਆਰ ਕਾਮਯਾਬ ਨਹੀਂ ਹੋਇਆ ਤਾਂ ਘਬਰਾਹਟ ਵਿਚ ਆਏ ਭਾਜਪਾ ਨੇਤਾਵਾਂ ਅਤੇ ਇਸ ਦੇ ਆਈ ਟੀ ਸੈੱਲ ਨੇ ਆਪਣਾ ਝੂਠਾ ਪ੍ਰਚਾਰ ਆਰੰਭ ਦਿੱਤਾ, ਪਰ ਕਿਉਂਕਿ ਝੂਠ ਦੇ ਪੈਰ ਨਹੀਂ ਹੁੰਦੇ, ਇਸ ਲਈ ਇਹ ਹਥਿਆਰ ਵੀ ਬੂਮਰੈਂਗ ਦੀ ਤਰ੍ਹਾਂ ਵਾਪਸ ਆ ਕੇ ਉਲਟਾ ਭਾਜਪਾ ਦਾ ਹੀ ਨੁਕਸਾਨ ਕਰ ਰਿਹਾ ਹੈ। ਭਾਜਪਾ ਨੇਤਾ ਬਿਪਲਵ ਦੇਵ ਜਿਹੜੇ ਕਿ ਤ੍ਰਿਪੁਰਾ ਦੇ ਸਾਬਕਾ ਮੁੱਖ ਮੰਤਰੀ ਹਨ ਅਤੇ ਹਰਿਆਣਾ ਦੇ ਇੰਚਾਰਜ ਹਨ, ਨੇ ਕਿਹਾ ਕਿ ਕਾਂਗਰਸ ਦੀ ਭਾਰਤ ਜੋੜੋ ਯਾਤਰਾ ਬਹੁਤ ਲੇਟ ਅਤੇ ਬੇਕਾਰ ਹੈ, ਕਿਉਂਕ ਭਾਰਤ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਸਰਦਾਰ ਪਟੇਲ ਨੇ ਤਾਂ 1947 ਵਿਚ ਹੀ ਭਾਰਤ ਜੋੜ ਦਿੱਤਾ ਸੀ, ਪਰ ਪੱਤਰਕਾਰਾਂ ਨੇ ਤੁਰੰਤ ਪ੍ਰਤੀਕ੍ਰਿਆ ਦੇਂਦੇ ਹੋਏ ਕਿਹਾ ਕਿ ਸਰਦਾਰ ਪਟੇਲ ਨੇ ਭਾਰਤ ਨੂੰ ਭੂਗੋਲਿਕ ਤੌਰ 'ਤੇ ਜੋੜਿਆ ਸੀ ਅਤੇ ਸਮਾਜਿਕ ਤੌਰ ਤੇ ਭਾਰਤ ਪਹਿਲਾਂ ਹੀ ਜੁੜਿਆ ਹੋਇਆ ਸੀ। 2014 ਤੋਂ ਭਾਜਪਾ ਨੇ ਜਿਹੜੀ ਸਮਾਜ ਤੋੜੋ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਭਾਰਤ ਜੋੜੋ ਯਾਤਰਾ ਉਸ ਦੇ ਵਿਰੁੱਧ ਹੈ। ਜਿਵੇਂ ਗੋਦੀ ਮੀਡੀਆ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਵੀਡੀਓ ਦੀ ਆਵਾਜ਼ ਬਦਲ ਕੇ ਉਸ ਵਿਚ ਦੇਸ਼ ਦੇ ਵਿਰੁੱਧ ਨਾਹਰੇ ਭਰ ਦਿੱਤੇ ਸਨ ਅਤੇ ਭਾਜਪਾ ਨੇ ਉਸ ਵੀਡੀਓ ਰਾਹੀਂ ਵਿਦਿਆਰਥੀਆਂ ਦੀ ਜਥੇਬੰਦੀ ਨੂੰ ਨਾ ਕੇਵਲ ਬਦਨਾਮ ਕੀਤਾ, ਬਲਕਿ ਆਗੂਆਂ 'ਤੇ ਮੁਕੱਦਮੇ ਵੀ ਦਾਇਰ ਕਰਵਾਏ। ਭਾਵੇਂ ਇਹ ਸਾਬਤ ਵੀ ਹੋ ਚੁੱਕਿਆ ਸੀ ਕਿ ਵੀਡੀਓ ਦੀ ਅਵਾਜ਼ ਬਦਲੀ ਹੋਈ ਸੀ, ਪਰ ਮੁਕੱਦਮੇ ਅਜੇ ਵੀ ਜਾਰੀ ਹਨ। ਬਿਲਕੁਲ ਉਸੇ ਤਰ੍ਹਾਂ ਇੱਕ ਵੀਡੀਓ ਗੋਦੀ ਮੀਡੀਆ ਨੇ ਵਿਖਾਈ, ਜਿਸ ਵਿਚ ਰਾਹੁਲ ਗਾਂਧੀ ਸ਼ਰਾਬ ਦੇ ਨਾਲ ਲੈੱਗ ਪੀਸ ਖਾ ਰਿਹਾ ਹੈ, ਪਰ ਜਦੋਂ ਅਲਟਰਨੇਟ ਨਿਊਜ਼ ਨੇ ਵੀਡੀਓ ਦੀ ਪੁਣ-ਛਾਣ ਕੀਤੀ ਤਾਂ ਪਤਾ ਲੱਗਾ ਕਿ ਅਸਲ ਵੀਡੀਓ ਵਿਚ ਰਾਹੁਲ ਗਾਂਧੀ ਚਾਹ ਦੇ ਨਾਲ ਨੱਟ ਅਤੇ ਮਖਾਣੇ ਖਾ ਰਿਹਾ ਹੈ ਅਤੇ ਬਾਅਦ ਵਿਚ ਚਾਹ ਦੀ ਥਾਂ ਸ਼ਰਾਬ ਅਤੇ ਨੱਟਾਂ ਮਖਾਣਿਆਂ ਦੀ ਥਾਂ ਲੈੱਗ ਪੀਸ ਭਰਨ ਦੀ ਸ਼ਰਾਰਤ ਕੀਤੀ ਗਈ ਅਤੇ ਰਾਹੁਲ ਨੂੰ ਬਦਨਾਮ ਕਰਨ ਲਈ ਇਹ ਝੂਠੀ ਵੀਡੀਓ ਪ੍ਰਸਾਰਿਤ ਕੀਤੀ ਗਈ, ਪਰ ਸੱਚ ਸਾਹਮਣੇ ਆਉਣ ਨਾਲ ਭਾਜਪਾ ਦਾ ਹੀ ਨੁਕਸਾਨ ਹੋਇਆ ਹੈ। ਅੱਜਕਲ੍ਹ ਟੈਲੀਵਿਜ਼ਨ ਦਾ ਏ ਬੀ ਪੀ ਚੈਨਲ ਰਾਹੁਲ ਜਾਂ ਕਾਂਗਰਸ ਨੂੰ ਬਦਨਾਮ ਕਰਨ ਲਈ ਪੂਰਾ ਟਿੱਲ ਲਗਾ ਰਿਹਾ ਹੈ। ਇਸ ਨੇ ਇੱਕ ਸਕਰੀਨ ਸ਼ਾਟ ਵਿਚ ਵਿਖਾਇਆ ਹੈ ਕਿ ਰਾਹੁਲ ਗਾਂਧੀ ਨੇ ਕਬੂਲ ਕੀਤਾ ਹੈ ਕਿ ਉਸ ਦੇ ਬਜ਼ੁਰਗ ਮੁਸਲਮਾਨ ਸਨ, ਇਸ ਲਈ ਉਹ ਆਪ ਵੀ ਮੁਸਲਮਾਨ ਹੈ। ਬਾਅਦ ਵਿਚ ਐਂਕਰ ਬੋਲਦਾ ਹੈ,"ਦੇਰ ਆਏ ਦਰੁਸਤ ਆਏ"। ਇਸ ਸਾਲ ਦੇ ਸ਼ੁਰੂ ਵਿਚ ਹੀ ਇਸੇ ਚੈਨਲ ਨੇ ਰਾਹੁਲ ਦੇ ਕਹੇ ਤਿੰਨ ਬਿਆਨ ਦਿੱਤੇ, ਜੋ ਕਿ ਬਾਅਦ ਵਿੱਚ ਝੂਠੇ ਸਾਬਤ ਹੋਏ। (1) ਜਦੋਂ ਸਾਡੀ ਸਰਕਾਰ ਬਣੇਗੀ, ਅਸੀਂ ਪਾਕਿਸਤਾਨ ਨੂੰ 50 ਸਾਲ ਲਈ 5000 ਕਰੋੜ ਰੁਪਏ ਬਿਨਾਂ ਵਿਆਜ ਕਰਜ਼ਾ ਦਿਆਂਗੇ। (2) ਕਾਂਗਰਸ ਮੁਸਲਮਾਨਾਂ ਲਈ ਹੈ ਅਤੇ ਉਹਨਾਂ ਲਈ ਹੀ ਰਹੇਗੀ। (3) ਪਾਕਿਸਤਾਨ ਦੀ ਸਹਾਇਤਾ ਕਰਨੀ ਜ਼ਰੂਰੀ ਹੈ ਅਤੇ ਅਸੀਂ ਕਰਾਂਗੇ। ਚਾਰ ਸਕਿੰਟਾਂ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਘੁੰਮ ਰਹੀ ਹੈ, ਜਿਸ ਵਿਚ ਰਾਹੁਲ ਗਾਂਧੀ ਇਹ ਕਹਿੰਦਾ ਵਿਖਾਇਆ ਗਿਆ ਹੈ, "ਅਸੀਂ ਭਾਰਤ ਦੇ ਬੁਨਿਆਦੀ ਢਾਂਚੇ ਦੇ ਵਿਰੁੱਧ ਲੜ ਰਹੇ ਹਾਂ" ਅਤੇ ਭਾਜਪਾ ਦੇ ਸੋਸ਼ਲ ਮੀਡੀਆ ਵਰਕਰ ਉਸ ਵੀਡਿਓ ਨੂੰ ਅੱਗੇ ਤੋਂ ਅੱਗੇ ਭੇਜ ਰਹੇ ਹਨ ਅਤੇ ਨਾਲ ਹੀ ਲਿਖ ਰਹੇ ਹਨ ਕਿ ਰਾਹੁਲ ਗਾਂਧੀ ਦੇਸ਼ ਧ੍ਰੋਹੀ ਹੈ, ਜਦਕਿ ਅਸਲ ਵੀਡੀਓ ਵਿਚ ਗਾਂਧੀ ਕਹਿ ਰਿਹਾ ਹੈ ਕਿ ਭਾਜਪਾ ਅਤੇ ਆਰ ਐੱਸ ਐੱਸ ਨੇ ਭਾਰਤ ਦੀ ਹਰ ਸੰਵਿਧਾਨਕ ਸੰਸਥਾ ਵਿਚ ਆਪਣੇ ਬੰਦੇ ਫਿੱਟ ਕਰਕੇ ਇੱਕ ਸੰਵਿਧਾਨ ਵਿਰੋਧੀ ਢਾਂਚਾ ਉਸਾਰਿਆ ਹੋਇਆ ਹੈ ਅਤੇ ਅਸੀਂ ਉਸ ਢਾਂਚੇ ਵਿਰੁੱਧ ਲੜ ਰਹੇ ਹਾਂ। ਭਾਜਪਾ ਨੇਤਾ ਅਤੇ ਭਾਜਪਾ ਦੇ ਇਨਫਰਮੇਸ਼ਨ ਡਿਪਾਰਟਮੈਂਟ ਦੇ ਇੰਚਾਰਜ ਅਮਿਤ ਮਾਲਵੀਆ ਨੇ ਟਵਿਟਰ 'ਤੇ ਇੱਕ 20 ਸਕਿੰਟ ਦੀ ਵੀਡੀਓ ਪਾਈ ਹੈ, ਜਿਸ ਵਿਚ ਕਾਂਗਰਸ ਨੇਤਾ ਜਿਤੇਂਦਰ ਸਿੰਘ ਹੇਠਾਂ ਝੁਕ ਕੇ ਰਾਹੁਲ ਗਾਂਧੀ ਦੇ ਬੂਟਾਂ ਦੇ ਤਸਮੇ ਬੰਨ੍ਹ ਰਿਹਾ ਹੈ ਅਤੇ ਰਾਹੁਲ ਗਾਂਧੀ ਉਸ ਦੀ ਪਿੱਠ 'ਤੇ ਥਾਪੀ ਦੇ ਰਿਹਾ ਹੈ। ਨਾਲ ਹੀ ਲਿਖਿਆ ਹੋਇਆ ਹੈ, "ਹੰਕਾਰਿਆ ਹੋਇਆ ਰਾਹੁਲ ਗਾਂਧੀ"। ਇਸ ਤੋਂ ਥੋੜ੍ਹੀ ਹੀ ਦੇਰ ਬਾਅਦ ਜਿਤੇਂਦਰ ਸਿੰਘ ਇੱਕ ਵੀਡੀਓ ਟਵੀਟ ਕਰਦਾ ਹੈ, ਜਿਸ ਵਿਚ ਉਹ ਝੁਕ ਕੇ ਆਪਣੇ ਬੂਟਾਂ ਦੇ ਤਸਮੇ ਬੰਨ੍ਹ ਰਿਹਾ ਹੈ। ਨਾਲ ਹੀ ਲਿਖਦਾ ਹੈ ਕਿ ਸਾਨੂੰ ਬੜੀ ਖੁਸ਼ੀ ਹੈ ਕਿ ਭਾਜਪਾ ਬੜੀ ਉਤਸੁਕਤਾ ਨਾਲ ਭਾਰਤ ਜੋੜੋ ਯਾਤਰਾ ਵੇਖ ਰਹੀ ਹੈ ਅਤੇ ਘਬਰਾਹਟ ਵਿਚ ਆ ਕੇ ਉਹੀ ਕੁੱਝ ਲਿਖ ਜਾਂ ਕਹਿ ਰਹੀ ਹੈ, ਜਿਹੜਾ ਉਹ ਲਿਖ ਜਾਂ ਕਹਿ ਸਕਦੀ ਹੈ।

ਸਾਥੀਓ, ਹੁਣ ਜਰਮਨੀ ਦੀ ਨਾਜ਼ੀ ਪਾਰਟੀ ਦੇ ਨੇਤਾ ਗੋਬਲਜ਼ ਵਾਲਾ ਜ਼ਮਾਨਾ ਨਹੀਂ ਰਿਹਾ, ਜਿਸ ਵਿਚ ਉਹ ਕਹਿੰਦਾ ਹੁੰਦਾ ਸੀ ਕਿ ਜੇਕਰ ਇੱਕ ਝੂਠ ਨੂੰ ਵਾਰ-ਵਾਰ ਬੋਲਿਆ ਜਾਵੇ ਤਾਂ ਲੋਕ ਉਹਨੂੰ ਸੱਚ ਮੰਨਣ ਲੱਗ ਜਾਂਦੇ ਹਨ। ਹੁਣ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ। ਸਰਕਾਰੀ ਝੋਲੀ-ਚੁੱਕ ਮੀਡੀਆ ਜਾਂ ਸਰਕਾਰ ਸਮਰਥਕ ਸੋਸ਼ਲ ਮੀਡੀਆ 'ਤੇ ਕੋਈ ਵੀ ਬੋਲਿਆ ਗਿਆ ਝੂਠ ਤੁਰੰਤ ਫੜਿਆ ਜਾਂਦਾ ਹੈ। ਕੋਈ ਆਪਣੇ ਪਹਿਲੇ ਬਿਆਨ ਤੋਂ ਪਲਟੀ ਮਾਰੇ ਤਾਂ ਉਹ ਵੀ ਫੜਿਆ ਜਾਂਦਾ ਹੈ। ਇਸ ਲਈ ਝੂਠ ਦੇ ਸਹਾਰੇ ਕੋਈ ਪਾਰਟੀ ਆਪਣੀ ਸੱਤਾ ਦੀ ਉਮਰ ਲੰਬੀ ਨਹੀਂ ਕਰ ਸਕਦੀ।

*# ਸੰਪਰਕ : 94176-32228*

# ਇਸ ਤਰੱਕੀ ਤੋਂ ਸਾਨੂੰ ਕੀ ਮਿਲਿਆ ?



ਰਣਬੀਰ ਸੂਦ

ਅੱਜ ਦੁਨੀਆਂ ਬੜੀ ਤੇਜ਼ੀ ਨਾਲ ਚੱਲ ਰਹੀ ਹੈ। ਕੋਈ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ। ਬੇਮੁਹਾਰੀ ਤੇਜ਼ੀ ਅੱਗੇ ਇਨਸਾਨੀ ਕਦਰਾਂ-ਕੀਮਤਾਂ ਬੌਣੀਆਂ ਹੋ ਗਈਆਂ ਹਨ। ਅਸੀਂ ਇਕ ਅਨੰਤ ਹਨੇਰੇ ਵੱਲ ਵਧ ਰਹੇ ਹਾਂ। ਮੰਜ਼ਲ ਸਾਨੂੰ ਨਜ਼ਰ ਨਹੀਂ ਆ ਰਹੀ ਹੈ। ਅਜੀਬ ਮੁਕਾਬਲੇਬਾਜ਼ੀ ਦਾ ਦੌਰ ਹੈ। ਚਾਰੇ ਪਾਸੇ ਭੀੜ ਹੈ, ਪਰ ਆਦਮੀ ਇਕੱਲਾ ਹੈ। ਵੇਖਣ ਨੂੰ ਹਰ ਬੰਦਾ ਸੁਖੀ ਤੇ ਖੁਸ਼ਹਾਲ ਹੈ, ਪਰ ਅੰਦਰੋਂ ਖੋਖਲਾ ਹੈ। ਹਰ ਬੰਦਾ ਆਪਣਾ ਦੁੱਖ ਨਾਲ ਲੈ ਕੇ ਚੱਲ ਰਿਹਾ ਹੈ। ਖੁਸ਼ ਹੋਣ ਦਾ ਪ੍ਰਗਟਾਵਾ ਤੇ ਸਾਰੇ ਕਰਦੇ ਹਨ, ਪਰ ਖੁਸ਼ ਕੋਈ ਨਹੀਂ। ਇਸ ਸਭ ਦੇ ਜ਼ਿੰਮੇਵਾਰ ਵੀ ਤੇ ਅਸੀਂ ਖੁਦ ਹਾਂ। ਅਸੀਂ ਕੁਦਰਤ ਅਤੇ ਸਮਾਜ ਦੇ ਕਾਨੂੰਨ ਤੋੜੇ ਅਤੇ ਹੁਣ ਖੁਸ਼ੀਆਂ ਲੱਭਦੇ ਹਾਂ। ਅੱਜ ਸਾਡੇ ਆਲੇ-ਦੁਆਲੇ ਸਕੂਲਾਂ ਦੀ ਭਰਮਾਰ ਹੈ। ਦੁਨੀਆਵੀ ਪੱਖੋਂ ਅਸੀਂ ਬੇਸ਼ੱਕ ਵਿੱਦਿਆ ਹਾਸਲ ਕਰ ਲਈ, ਪਰ ਵਿਵਹਾਰਿਕ ਪੱਖੋਂ ਅੱਜ ਵੀ ਅਨਪੜ੍ਹ ਹਾਂ। ਇੱਕ ਵੇਲਾ ਸੀ ਜਦੋਂ ਅਸੀਂ ਮਾਂ ਬੋਲੀ ਨੂੰ ਲੈ ਕੇ ਸਕੂਲ ਜਾਂਦੇ ਸੀ ਅਤੇ ਉਥੋਂ ਹੋਰ ਭਾਸ਼ਾਵਾਂ ਦਾ ਗਿਆਨ ਲੈ ਕੇ ਘਰ ਮੁੜਦੇ ਸਾਂ। ਅਸੀਂ ਜ਼ਮੀਨ 'ਤੇ ਬੈਠ ਕੇ ਹੀ ਪੜ੍ਹਦੇ ਸਾਂ ਅਤੇ ਜ਼ਮੀਨ ਨਾਲ ਹੀ ਜੁੜੇ ਰਹਿੰਦੇ ਸੀ। ਜਿਸ ਮਾਂ ਬੋਲੀ ਦੀ ਗੋਦ ਵਿੱਚ ਬੈਠ ਕੇ ਪੜ੍ਹੇ, ਵੱਡੇ ਹੋਏ, ਉਸ ਨਾਲ ਹੀ ਤਰੱਕੀ ਦੀ ਮੰਜ਼ਲ ਪਾਈ, ਪਰ ਅੱਜ ਅਸੀਂ ਕਿਹੜੀ ਵਿੱਦਿਆ ਪੜ੍ਹ ਰਹੇ ਹਾਂ, ਜੋ ਸਾਨੂੰ ਆਪਣੀ ਮਾਂ ਬੋਲੀ, ਸਮਾਜਿਕ ਰਿਸ਼ਤਿਆਂ ਨਾਲੋਂ ਹੀ ਤੋੜ ਰਹੀ ਹੈ। ਸਾਡੇ ਸਮਾਜ ਵਿੱਚ ਰਿਸ਼ਤਿਆਂ ਦਾ ਇੱਕ ਨਾਂਅ ਹੁੰਦਾ ਸੀ, ਪਰ ਅੱਜ ਅੰਕਲ-ਆਂਟੀ ਨੇ ਸਾਰੇ ਰਿਸ਼ਤਿਆਂ 'ਤੇ ਮਿੱਟੀ ਪਾ ਦਿੱਤੀ ਹੈ। ਮਾਮੇ ਦਾ ਪੁੱਤ ਭਰਾ, ਚਾਚੇ ਦਾ ਪੁੱਤ ਭਰਾ, ਮਾਸੀ ਦਾ ਪੁੱਤ ਭਰਾ ਵਰਗੇ ਰਿਸ਼ਤੇ ਅੱਜ ਸਮੇਂ ਦੀ ਤਹਿ ਵਿੱਚ ਲੁਕ ਗਏ ਹਨ। ਕਜ਼ਨ ਵਰਗੇ ਰਿਸ਼ਤਿਆਂ ਦੀ ਭਰਮਾਰ ਹੋ ਗਈ। ਉਸ ਤੋਂ ਵੀ ਅੱਗੇ ਵਧਦੇ ਹੋਏ ਅਸੀਂ ਬ੍ਰਦਰ ਤੋਂ ਬ੍ਰੋ ਅਤੇ ਸਿਸਟਰ ਤੋਂ ਸਿਸ ਹੋ ਗਏ। ਹਰ ਗੱਲ ਵਿੱਚ ਤੇਜ਼ੀ, ਹਰ ਗੱਲ ਵਿੱਚ ਬਦਲਾਅ, ਸਾਡੀ ਕਾਬਲੀਅਤ ਦੀ ਨਿਸ਼ਾਨੀ ਬਣ ਗਈ। ਕਿਸੇ ਵੇਲੇ ਸਾਡੇ ਰਿਸ਼ਤਿਆਂ ਦੀ ਪਹਿਚਾਣ ਸਾਡੇ ਪੁਰਖਿਆਂ ਦੇ ਖਾਨਦਾਨ ਤੋਂ ਹੁੰਦੀ ਸੀ, ਪਰ ਅੱਜ ਤਾਂ ਤਾਏ, ਚਾਚੇ, ਭੂਆ ਆਦਿ ਦੇ ਰਿਸ਼ਤੇ ਤਾਂ ਜਿਉਂਦੇ ਜੀਅ ਹੀ ਮੁੱਕ ਜਾਂਦੇ ਹਨ। ਅਸੀਂ ਪੁਰਖਿਆਂ ਦੀ ਇੱਜ਼ਤ ਸਾਂਭਣ ਦੇ ਭਾਈਵਾਲ ਨਾ ਹੋ ਕੇ ਜਾਇਦਾਦ ਸਾਂਭਣ ਦੇ ਭਾਈਵਾਲ ਹੋ ਗਏ।

ਸਾਡੇ ਬੱਚਿਆਂ ਦਾ ਬਚਪਨ ਤਾਂ ਮੋਬਾਇਲ ਨੇ ਖੋਹ ਲਿਆ। ਬੱਚੇ ਹੁਣ ਦਾਦਾ-ਦਾਦੀ, ਨਾਨਾ-ਨਾਨੀ ਕੋਲ ਨਹੀਂ ਬੈਠਦੇ, ਸਗੋਂ ਵੱਖਰੇ ਕਮਰੇ ਵਿੱਚ ਬੈਠ ਕੇ ਮੋਬਾਇਲ ਦੇਖਦੇ ਹਨ। ਬਹੁਤੇ ਬੱਚੇ ਤਾਂ ਇਨ੍ਹਾਂ ਰਿਸ਼ਤਿਆਂ ਤੋਂ ਅਨਜਾਣ ਹੋ ਗਏ ਹਨ। ਉਨ੍ਹਾਂ ਨੂੰ ਤਾਂ ਸਿਰਫ ਇਨਾ ਹੀ ਪਤਾ ਹੈ ਕਿ ਉਨ੍ਹਾਂ ਦਾ ਕੋਈ ਬਜ਼ੁਰਗ ਬਿਰਧ ਆਸ਼ਰਮ ਵਿੱਚ ਰਹਿੰਦਾ ਹੈ।

ਅਸੀਂ ਪੈਸੇ ਦੀ ਖਾਤਿਰ ਆਪਣੇ-ਆਪ ਨੂੰ ਵਿਸਾਰ ਦਿੱਤਾ। ਆਪਣਾ ਵਿਰਸਾ ਵਿਸਾਰ ਦਿੱਤਾ। ਕਿਸੇ ਵੇਲੇ ਪਿੰਡ ਦੀ ਧੀ ਸਾਰੇ ਪਿੰਡ ਦੀ ਧੀ ਹੁੰਦੀ ਸੀ। ਅਸੀਂ ਆਪਣੇ ਪਿੰਡ ਦੀ ਜੂਹ ਵਿੱਚ ਰਿਸ਼ਤੇ ਨਹੀਂ ਸੀ ਕਰਦੇ। ਆਂਢ-ਗੁਆਂਢ ਦੀਆਂ ਬੱਚੀਆਂ ਨੂੰ ਕੰਜਕ ਦੇ ਰੂਪ ਵਿੱਚ ਪੂਜਦੇ ਸਾਂ, ਪਰ ਅੱਜ ਪਸ਼ੂ-ਬਿਰਤੀ ਅਧੀਨ ਅਸੀਂ ਗੁਆਂਢੀਆਂ ਨਾਲ ਵੀ ਰਿਸ਼ਤੇ ਜੋੜ ਲੈਂਦੇ ਹਾਂ। ਸਾਡੇ ਬੱਚਿਆਂ ਨੂੰ ਆਪਣੇ ਪੁਰਖਿਆਂ ਦੀ ਨਸੀਹਤ ਅਤੇ ਸੰਸਕਾਰਾਂ ਦਾ ਕੁਝ ਪਤਾ ਨਹੀਂ। ਬਸ ਆਪਣੀ ਜ਼ਿੰਦਗੀ ਨਾਲ ਹੀ ਮਤਲਬ ਹੈ। ਉਨ੍ਹਾਂ ਵਾਸਤੇ ਸਮਾਜ ਨਾਂਅ ਦੀ ਕੋਈ ਚੀਜ਼ ਨਹੀਂ। ਉਹ ਆਪਣੇ-ਆਪ ਨੂੰ ਹੀ ਸਮਾਜ ਸਮਝਦੇ ਹਨ। ਬੇਤਰਤੀਬੇ ਰਿਸ਼ਤੇ ਗਠਜੋੜ ਹੋ ਰਹੇ ਹਨ। ਲਿਵ-ਇਨ ਰਿਲੇਸ਼ਨਸ਼ਿਪ, ਸਮਲਿੰਗੀ ਵਿਆਹ ਵਰਗੇ ਨਵੇਂ-ਨਵੇਂ ਕਾਨੂੰਨ ਸਮਾਜ ਵਿੱਚ ਸਿਰਜੇ ਜਾ ਰਹੇ ਹਨ। ਨਵੀਂ ਪੀੜ੍ਹੀ ਲਈ ਰਵਾਇਤੀ ਰਿਸ਼ਤੇ ਇੱਕ ਬੋਝ ਬਣ ਗਏ ਹਨ। ਉਹ ਇਨ੍ਹਾਂ ਤੋਂ ਨਿਜ਼ਾਤ ਪਾਉਣ ਦਾ ਰਾਹ ਲੱਭ ਰਹੇ ਹਨ। ਉਨ੍ਹਾਂ ਵਾਸਤੇ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਨੂੰ ਪੈਦਾ ਕਰਕੇ ਪੜ੍ਹਾ-ਲਿਖਾ ਕੇ ਕੋਈ ਅਹਿਸਾਨ ਨਹੀਂ ਕੀਤਾ, ਬਲਕਿ ਆਪਣਾ ਫਰਜ਼ ਨਿਭਾਇਆ ਹੈ। ਉਹ ਹੁਣ ਸਾਰੀ ਉਮਰ ਇਨ੍ਹਾਂ ਰਿਸ਼ਤਿਆਂ ਦੇ ਬੰਧੂਆ ਬਣਨ ਨੂੰ ਤਿਆਰ ਨਹੀਂ।

ਅਜਬ ਜਿਹੀ ਕਸ਼ਮਕਸ਼ ਚੱਲ ਰਹੀ ਹੈ। ਕੋਈ ਵੀ ਸੰਤੁਸ਼ਟ ਨਹੀਂ। ਪਹਿਲਾਂ ਅਸੀਂ ਆਪਣਾ ਘਰ ਆਪ ਬਣਾਉਂਦੇ ਸੀ। ਕੋਈ ਖਰਚ ਨਹੀਂ ਸੀ। ਉਸ ਕੱਚੇ ਘਰ ਵਿੱਚ ਸਾਡੀ ਰੂਹ ਵੱਸਦੀ ਸੀ। ਕੋਈ ਬਿਜਲੀ, ਬੈਂਡ, ਫਰਨੀਚਰ ਦਾ ਖਰਚਾ ਨਹੀਂ ਸੀ। ਧਰਤੀ ਮਾਤਾ ਸਾਨੂੰ ਸਾਡੇ ਖਾਣ ਜੋਗਾ ਦੇ ਦਿੰਦੀ ਸੀ। ਆਦਮੀ ਬਿਮਾਰ ਨਹੀਂ ਸੀ ਹੁੰਦਾ। ਰੁੱਖਾ-ਸੁੱਕਾ ਖਾ ਕੇ ਸੰਤੁਸ਼ਟ ਹੋ ਜਾਂਦਾ ਸੀ। ਕੋਈ ਕਰਜ਼ਾਈ ਨਹੀਂ ਸੀ ਹੁੰਦਾ, ਪਰ ਪਤਾ ਨਹੀਂ ਸਮੇਂ ਨੇ ਕਦੋਂ ਕਰਵਟ ਲਈ। ਅਸੀਂ ਘਰਾਂ ਨੂੰ ਸੀਮਿੰਟ ਦੇ ਜੰਗਲ ਵਿੱਚ ਤਬਦੀਲ ਕਰ ਲਿਆ। ਅਸੀਂ ਆਪਣੇ ਰਾਖਵੇਂ ਜੀਵਾਂ ਤੋਂ ਮੂੰਹ ਮੋੜ ਕੇ ਵੱਡੀਆਂ-ਵੱਡੀਆਂ ਗੱਡੀਆਂ ਅਤੇ ਡੱਬਾ ਬੰਦ ਭੋਜਨ 'ਤੇ ਆ ਗਏ। ਕਦੋਂ ਅਸੀਂ ਕਰਜ਼ੇ ਦੇ ਜਾਲ ਵਿੱਚ ਫਸ ਗਏ। ਤਰੱਕੀ ਤੇ ਅਸੀਂ ਬਹੁਤ ਕੀਤੀ, ਪਰ ਆਪਣੀ ਜ਼ਮੀਨ ਤੋਂ ਦੂਰ ਹੋ ਗਏ। ਪੈਸੇ ਦਾ ਕੋਈ ਮਾਪਦੰਡ ਨਹੀਂ ਹੁੰਦਾ, ਇਸੇ ਲਈ ਅਸੀਂ ਵੀ ਭੀੜ ਦਾ ਹਿੱਸਾ ਬਣ ਗਏ। ਸਾਡੇ ਆਲੇ-ਦੁਆਲੇ ਕੌਣ ਲੋਕ ਨੇ। ਸਾਨੂੰ ਕੁਝ ਪਤਾ ਨਹੀਂ। ਅਸੀਂ ਹਸਪਤਾਲ ਦੇ ਪੱਕੇ ਮਰੀਜ਼ ਬਣ ਗਏ। ਹਰ ਆਦਮੀ ਦਵਾਈਆਂ 'ਤੇ ਲੱਗ ਗਿਆ। ਪਹਿਲਾਂ ਡਾਕਟਰ ਬਿਮਾਰ ਹੋਣ 'ਤੇ ਖੁਰਾਕ ਖਾਣ ਨੂੰ ਕਹਿੰਦਾ ਸੀ, ਹੁਣ ਖੁਰਾਕ ਬੰਦ ਕਰਨ ਨੂੰ ਕਹਿੰਦਾ ਹੈ। ਮਾਮੂਲੀ ਮਾਸਪੇਸ਼ੀਆਂ ਦੇ ਦਰਦ ਤੇ ਸਟੰਟ ਪਾਉਣ ਨੂੰ ਤਿਆਰ-ਬਰ-ਤਿਆਰ ਬੈਠਾ ਹੁੰਦਾ ਹੈ। ਨਕਲੀ ਦਵਾਈਆਂ, ਨਕਲੀ ਖੂਨ, ਨਕਲੀ ਪਲੇਟਲੈਟ ਵੀ ਬਣ ਗਏ। ਆਈ.ਸੀ.ਯੂ. ਵਿੱਚ ਕਿੰਨੇ-ਕਿੰਨੇ ਦਿਨ ਲਾਸ਼ ਰੱਖ ਕੇ ਉਸ ਦਾ ਪੇਟ ਹਿਲਾਇਆ ਜਾਂਦਾ ਹੈ। ਬਸ ਬਿੱਲ ਬਣਨਾ ਚਾਹੀਦਾ ਹੈ। ਇਨਸਾਨੀਅਤ ਨਾਂਅ ਦੀ ਕੋਈ ਚੀਜ਼ ਨਹੀਂ ਬਚੀ। ਪੈਸੇ ਬਣਾਉਣ ਦੀ ਦੌੜ ਵਿੱਚ ਅਸੀਂ ਇੰਨੇ ਗਰਕ ਹੋ ਗਏ ਹਾਂ ਕਿ ਅਸੀਂ ਦੁੱਧ ਵੀ ਕੈਮੀਕਲ ਨਾਲ ਬਣਾਉਣਾ ਸ਼ੁਰੂ ਕਰ ਦਿੱਤਾ। ਸਾਡੀਆਂ ਨਸਲਾਂ ਬਰਬਾਦ ਹੋ ਰਹੀਆਂ ਹਨ। ਹਰ ਚੀਜ਼ ਵਿੱਚ ਮਿਲਾਵਟ ਸਾਡਾ ਡੀ.ਐੱਨ.ਏ ਤਬਦੀਲ ਕਰ ਰਹੀਆਂ ਹਨ। ਅਸੀਂ ਇੱਕ ਅਣਦੇਖੀ ਹਨੇਰੀ ਸੁਰੰਗ ਵਿੱਚ ਵਿਚਰ ਰਹੇ ਹਾਂ। ਸਾਡੀਆਂ ਅਲਮਾਰੀਆਂ ਬੇਪਨਾਹ ਕੱਪੜਿਆਂ ਨਾਲ ਭਰੀਆਂ ਪਈਆਂ ਹਨ। ਅਸੀਂ ਫਿਰ ਵੀ ਕੱਪੜੇ ਖ੍ਰੀਦ-ਖ੍ਰੀਦ ਕੇ ਢੇਰ ਲਗਾਈ ਜਾ ਰਹੇ ਹਾਂ। ਕਰਜ਼ਾ ਇੱਕ ਸਹੂਲਤ ਸੀ, ਪਰ ਅਸੀਂ ਕਰਜ਼ੇ ਨੂੰ ਹੱਕ ਬਣਾ ਲਿਆ। ਅਸੀਂ ਅੱਜ ਸਾਰੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਰਜ਼ੇ ਦੇ ਮੱਕੜਜਾਲ ਵਿੱਚ ਫਸ ਗਏ ਹਾਂ, ਜਿਸ ਦਾ ਕੋਈ ਹੱਲ ਨਹੀਂ ਦਿਸ ਰਿਹਾ। ਕਰਜ਼ਾ ਲੈ ਕੇ ਕਰਜ਼ਾ ਲਾਹੁਣ ਦੀ ਨਵੀਂ ਪ੍ਰਵਿਰਤੀ ਪੈਦਾ ਹੋ ਗਈ ਹੈ। ਅਸੀਂ ਸਮਾਜਿਕ ਅਤੇ ਮਾਨਸਿਕ ਤੌਰ 'ਤੇ ਬਿਮਾਰ ਹੋ ਗਏ ਹਾਂ। ਅਸੀਂ ਨਾ ਤੇ ਆਪਣਾ ਭਵਿੱਖ ਵੇਖ ਰਹੇ ਹਾਂ ਅਤੇ ਨਾ ਹੀ ਆਉਣ ਵਾਲੀ ਪੀੜ੍ਹੀ ਦਾ। ਅਸੀਂ ਬੇਵੱਸ ਹੋ ਗਏ ਹਾਂ। ਅਸੀਂ ਜਿਹੜੇ ਕੰਡੇ ਆਪਣੇ ਹੱਥੀਂ ਬੀਜੇ ਸਨ, ਉਨ੍ਹਾਂ ਨੇ ਹੁਣ ਇੱਕ ਜੰਗਲ ਦਾ ਰੂਪ ਧਾਰਨ ਕਰ ਲਿਆ ਹੈ। ਸਾਡੀਆਂ ਗਲਤੀਆਂ ਸਾਨੂੰ ਖਾਣ ਨੂੰ ਪੈ ਰਹੀਆਂ ਹਨ। ਇਸ ਦਾ ਮੁੱਖ ਕਾਰਨ ਅਸੀਂ ਆਪਣੇ ਰਾਹ-ਦਸੇਰੇ ਬਜ਼ੁਰਗਾਂ ਨੂੰ ਭੁੱਲ ਗਏ ਹਾਂ। ਉਨ੍ਹਾਂ ਦੀਆਂ ਨਸੀਹਤਾਂ ਨੂੰ ਅਸੀਂ ਵਿਸਾਰ ਦਿੱਤਾ ਹੈ। ਆਓ, ਅੱਜ ਫਿਰ ਆਪਣੇ ਬਜ਼ੁਰਗਾਂ ਦੀਆਂ ਕਹੀਆਂ ਗੱਲਾਂ ਨੂੰ ਅਮਲ ਵਿੱਚ ਲਿਆਈਏ। ਕਿਰਤ ਨੂੰ ਪਹਿਲ ਦਈਏ। ਜੀਵਨ ਵਿੱਚ ਸਾਦਗੀ ਲਿਆਈਏ। ਇਮਾਨਦਾਰੀ ਦਾ ਜਾਮਾ ਪਾਈਏ। ਆਪਣੇ ਤੋਂ ਵੱਡਿਆਂ ਦਾ ਸਤਿਕਾਰ ਕਰੀਏ। ਬਜ਼ੁਰਗਾਂ ਦੀਆਂ ਬਣਾਈਆਂ ਰਵਾਇਤਾਂ ਨੂੰ ਜੀਵਨ ਦਾ ਆਧਾਰ ਬਣਾਈਏ। ਇੱਕ ਨਵੇਂ ਸਮਾਜ ਦੀ ਸਿਰਜਣਾ ਕਰੀਏ। ਇਹ ਸਭ ਕਰਨਾ ਮੁਸ਼ਕਿਲ ਤਾਂ ਹੋ ਸਕਦਾ ਹੈ, ਅਸੰਭਵ ਨਹੀਂ।

*# ਸੰਪਰਕ : 97805-53839, 79734-93607*

# ਭਗਵੰਤ ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਛੇੜੀ ਮੁਹਿੰਮ ਕੀ ਰੰਗ ਲਿਆਵੇਗੀ ?



ਸੁਰਜੀਤ ਸਿੰਘ

ਜਦੋਂ ਵੀ ਚੋਣਾਂ ਤੋਂ ਬਾਅਦ ਕਿਸੇ ਰਾਜ ਵਿੱਚ ਨਵੀਂ ਸਰਕਾਰ ਹਲਫ ਲੈਂਦੀ ਹੈ ਤਾਂ ਰਾਜ ਦੇ ਲੋਕਾਂ ਨੂੰ ਭਰਮਾਉਣ ਲਈ ਉਸ ਕੋਲ ਸਭ ਤੋਂ ਪਹਿਲਾ ਤਕੀਆ ਕਲਾਮ ਹੁੰਦਾ ਹੈ ਕਿ ਸਰਕਾਰ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ' ਟੌਲਰੈਂਸ ਦੀ ਨੀਤੀ 'ਤੇ ਕੰਮ ਕਰੇਗੀ। ਇਸ ਜਾਦੂ-ਮੰਤਰ ਹੇਠ ਸਰਕਾਰ ਦੇ ਹਰ ਕਾਲੇ ਕਾਰਨਾਮਿਆਂ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟੌਲਰੈਂਸ' ਮਹਿਜ਼ ਛੋਟੇ ਕਰਮਚਾਰੀਆਂ ਜਿਹਨਾਂ ਵਿਚ ਜੇ ਈ, ਕਲਰਕ ਅਤੇ ਐੱਸ ਡੀ ਓ ਵਗੈਰਾ 'ਤੇ ਆ ਕੇ ਸਿਮਟ ਜਾਂਦੀ ਹੈ। ਅਜਿਹੇ ਕਰਮਚਾਰੀਆਂ ਨੂੰ ਫੜ ਕੇ ਕਾਗਜ਼ਾਂ ਦੀ ਖਾਨਾਪੂਰਤੀ ਕਰ ਲਈ ਜਾਂਦੀ ਹੈ, ਜਦਕਿ ਵੱਡੇ ਮਗਰਮੱਛ ਸਰਕਾਰਾਂ ਦੀ ਛਤਰੀ ਹੇਠ ਮਹਿਫੂਜ਼ ਰਹਿੰਦੇ ਹਨ। ਅਜਿਹਾ ਸਿਲਸਿਲਾ ਦਸ ਸਾਲ ਸ਼੍ਰੋਮਣੀ ਅਕਾਲੀ ਦਲ ਦੀ ਚੱਲੀ ਸਰਕਾਰ ਅਤੇ ਪੰਜ ਸਾਲ ਕਾਂਗਰਸ ਦੀ ਚੱਲੀ ਸਰਕਾਰ ਵਿਚ ਬਾਦਸਤੂਰ ਮੁਸੱਲਸਲ ਜਾਰੀ ਰਿਹਾ। ਕਿਸੇ ਵੀ ਭ੍ਰਿਸ਼ਟ ਮੰਤਰੀ, ਵਿਧਾਇਕ ਅਤੇ ਨੌਕਰਸ਼ਾਹ ਨੂੰ ਕੋਈ ਆਂਚ ਨਹੀਂ ਆਈ। ਜੇ ਕਿਤੇ ਮਾੜਾ-ਮੋਟਾ ਕੋਈ ਕੇਸ ਉੱਠਿਆ ਤਾਂ ਉਸ ਦੀ ਖੁੰਬ ਠੱਪ ਦਿੱਤੀ ਗਈ। ਲਿਹਾਜ਼ਾ ਕੇਸ ਠੰਢੇ ਬਸਤੇ ਵਿਚ ਜਾ ਪਿਆ ਅਤੇ ਕਥਿਤ ਦੋਸ਼ੀ ਬੇਖੌਫ ਹੋ ਕੇ ਆਪਣੀ ਹੋਲੀ-ਦੀਵਾਲੀ ਮਨਾਉਂਦੇ ਰਹੇ। ਹੁਣ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਿਚ ਹਲਫ ਲਿਆ ਤਾਂ ਉਹਨਾਂ ਨੇ ਵੀ ਅਜਿਹਾ ਹੀ ਤਕੀਆ ਕਲਾਮ ਆਉਂਦੇ ਸਾਰ ਰਾਜ ਦੇ ਲੋਕਾਂ ਨੂੰ ਦਿੱਤਾ ਕਿ ਉਹ ਵੀ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟੌਲਰੈਂਸ' ਦੀ ਪਾਲਸੀ 'ਤੇ ਚੱਲਣਗੇ। ਮਾਨ ਸਰਕਾਰ ਦੇ ਇਸ ਇਰਾਦੇ 'ਤੇ ਕੁੱਝ ਕੁ 'ਸਿਆਣੇ' ਸਿਆਸਤਦਾਨਾਂ ਨੂੰ ਭਿਣਕ ਪੈ ਗਈ ਕਿ 'ਜ਼ੀਰੋ ਟੌਲਰੈਂਸ' ਤਕੀਆ ਕਲਾਮ ਨਹੀਂ, ਇਹ ਹਕੀਕਤ ਵੀ ਹੋ ਸਕਦਾ ਹੈ। ਲਿਹਾਜ਼ਾ ਉਹਨਾਂ ਵਫਾਦਾਰੀਆਂ ਬਦਲ ਕੇ ਕੇਂਦਰ ਵਿਚ ਰਾਜ ਕਰਦੀ ਪਾਰਟੀ ਭਾਜਪਾ ਦੀ ਛਤਰੀ ਹੇਠ ਜਾਣਾ ਜ਼ਿਆਦਾ ਬਿਹਤਰ ਸਮਝਿਆ, ਜਿੱਥੇ ਕਿ ਉਹ ਆਪਣੇ-ਆਪ ਨੂੰ ਮਹਿਫੂਜ਼ ਸਮਝਦੇ ਹਨ। ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਨੂੰ ਪਹਿਲਾਂ ਤਾਂ ਲੋਕਾਂ ਨੇ ਹਲਕੇ ਵਿਚ ਹੀ ਲਿਆ, ਪਰ ਜਦੋਂ ਸਿਹਤ ਮੰਤਰੀ ਦਾ ਪਹਿਲਾ ਵਿਕਟ ਗਿਰਿਆ ਤਾਂ ਲੋਕਾਂ ਨੂੰ ਅਚੰਭਾ ਜਿਹਾ ਹੋਇਆ ਕਿ ਇੰਝ ਵੀ ਹੋ ਸਕਦਾ ਹੈ ! ਖੁਦ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਮੰਤਰੀਆਂ ਨੂੰ ਬਹੁਤ ਬੁਰਾ ਲੱਗਿਆ। ਕਈਆਂ ਨੇ ਤਾਂ ਆਪਣੇ ਨੇੜਲੇ ਮਿੱਤਰਾਂ ਨੂੰ ਹਾਸਿਆਂ ਵਿਚ ਕਿਹਾ ਕਿ ਭਗਵੰਤ ਮਾਨ ਤਾਂ ਹੁਣ ਸਾਨੂੰ ਭੁੱਖਾ ਹੀ ਮਾਰੂ, ਕਿਉਂਕਿ ਕਿਸੇ ਨੂੰ ਇਹ ਕਿਆਸ ਨਹੀਂ ਸੀ ਕਿ ਮੰਤਰੀ ਨੂੰ ਵੀ ਭ੍ਰਿਸ਼ਟਾਚਾਰ ਦੇ ਕੇਸ ਵਿਚ ਜੇਲ੍ਹ ਭੇਜਿਆ ਜਾ ਸਕਦਾ ਹੈ। ਹੁਣ ਜਦੋਂ ਟਰੱਕ ਡਰਾਈਵਰਾਂ ਦੀ 'ਬਾਂਹ ਮਰੋੜਨ' ਦੇ ਕਥਿਤ ਕੇਸ ਵਿਚ ਮੰਤਰੀ ਫੌਜਾ ਸਿੰਘ ਸਰਾਰੀ ਦਾ ਵੀ ਪੱਤਾ ਕੱਟ ਦਿੱਤਾ ਗਿਆ ਤਾਂ ਸਾਰੇ ਡਰੇ ਹੋਏ ਹਨ ਕਿ ਕੱਲ੍ਹ ਉਹਨਾਂ ਦੀ ਵਾਰੀ ਵੀ ਆ ਸਕਦੀ ਹੈ। ਹਾਲਾਂਕਿ ਪਿਛਲੇ ਲੰਮੇ ਸਮੇਂ ਤੋਂ ਵਿਰੋਧੀ ਪਾਰਟੀਆਂ ਵੱਲੋਂ ਪਾਏ ਰੌਲੇ ਤੋਂ ਬਾਅਦ ਇਹ ਐਕਸ਼ਨ ਹੋਇਆ, ਪਰ ਇਸ ਕੇਸ ਵਿਚ ਫੌਜਾ ਸਿੰਘ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨੂੰ ਅਜੇ ਅੰਜਾਮ ਨਹੀਂ ਦਿੱਤਾ ਗਿਆ। ਕਾਂਗਰਸ ਦੇ ਰਾਜ ਭਾਗ ਸਮੇਂ ਜਿਹਨਾਂ ਮੰਤਰੀਆਂ ਅਤੇ ਨੌਕਰਸ਼ਾਹਾਂ ਨੇ 'ਮੌਜਾਂ' ਮਾਣੀਆਂ, ਉਹਨਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਹੀ ਡਰ ਸਤਾਉਣ ਲੱਗ ਪਿਆ ਸੀ। ਸਾਧੂ ਸਿੰਘ ਧਰਮਸੋਤ 'ਤੇ ਇਹ ਗਾਜ਼ ਗਿਰੀ ਅਤੇ ਉਸ ਨੂੰ ਸ਼ਾਹਾਨਾ ਜ਼ਿੰਦਗੀ ਜਿਉਂਦੇ ਨੂੰ ਜੇਲ੍ਹ ਦੀਆਂ ਰੋਟੀਆਂ ਖਾਣੀਆਂ ਪਈਆਂ। ਉਹਨਾਂ ਨੇ ਇਹ ਕਹਿ ਕੇ ਆਪਣਾ ਦਾਮਨ ਆਪੇ ਧੋ ਲਿਆ ਕੇ ਉਸ ਨੂੰ ਤਾਂ ਸਿਆਸੀ ਸ਼ਰੀਕੇਬਾਜ਼ੀ ਕਾਰਨ ਫਸਾਇਆ ਗਿਆ ਹੈ। ਵਰਨਾ ਉਹ ਤਾਂ ਕਦੇ ਅਜਿਹਾ ਕੰਮ ਕਰ ਹੀ ਨਹੀਂ ਸਕਦਾ। ਉਸ ਨੂੰ ਦੇਸ਼ ਦੇ ਕਾਨੂੰਨ 'ਤੇ ਭਰੋਸਾ ਹੈ, ਉਹ ਪਾਕ-ਸਾਫ ਹੋ ਕੇ ਕੇਸ ਵਿਚ ਬਰੀ ਹੋ ਕੇ ਨਿਕਲਣਗੇ। ਜਦੋਂ ਵੀ ਨਵੀਂ ਸਰਕਾਰ ਹਲਫ ਲੈਂਦੀ ਹੈ ਤਾਂ ਵਿਧਾਇਕ ਮੰਤਰੀ ਬਣਨ ਲਈ ਤਰਲੋਮੱਛੀ ਹੁੰਦੇ ਹਨ। ਜਦੋਂ ਮੰਤਰੀ ਬਣ ਗਏ ਤਾਂ ਮਲਾਈਦਾਰ ਮਹਿਕਮਾ ਵੀ ਮਿਲਣਾ ਚਾਹੀਦਾ ਹੈ। ਇਸ ਕੰਮ ਲਈ ਵੀ ਉਹ ਅੱਡੀ-ਚੋਟੀ ਦਾ ਜੁਗਾੜ ਲਾਉਂਦੇ ਹਨ। ਜਦੋਂ ਮਹਿਕਮਾ ਵੀ ਮਨਭਾਉਂਦਾ ਮਿਲ ਜਾਵੇ ਤਾਂ ਫੇਰ ਭ੍ਰਿਸ਼ਟਾਚਾਰ ਬੇਲਗਾਮ ਹੋ ਜਾਂਦਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਬਤੌਰ ਮੁੱਖ ਮੰਤਰੀ ਅਪਮਾਨਜਨਕ ਵਿਦਾਈ ਤੋਂ ਬਾਅਦ ਥੋੜ੍ਹੇ ਸਮੇਂ ਲਈ ਚਰਨਜੀਤ ਸਿੰਘ ਚੰਨੀ ਦੀ ਵਾਰੀ ਆਈ। ਉਹਨਾਂ ਦੇ ਕੁੱਝ ਥੋੜ੍ਹੇ ਸਮੇਂ ਦੇ ਮੰਤਰੀਆਂ ਨੇ ਵੀ 'ਖਾਧਾ-ਪੀਤਾ ਲਾਹੇ ਦਾ, ਰਹਿੰਦਾ ਅਹਿਮਦਸ਼ਾਹੇ ਦਾ....' ਦੀ ਤਰਜ਼ 'ਤੇ ਕੰਮਕਾਜ ਕੀਤਾ, ਜਿਸ ਵਿਚ ਸੰਗਤ ਸਿੰਘ ਗਿਲਜੀਆਂ ਵਰਗੇ ਸਾਬਕਾ ਮੰਤਰੀ ਨੂੰ ਚੌਕਸੀ ਵਿਭਾਗ ਦੀ ਜਾਂਚ-ਪੜਤਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਸਾਰੇ ਮੰਤਰੀ-ਸੰਤਰੀ ਅਜਿਹੇ ਕੇਸਾਂ ਵਿਚ ਇਹ ਕਹਿ ਕੇ ਆਪੋ ਵਿਚ ਬਰੀ ਹੋਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਸਿਆਸੀ ਰੰਜਿਸ਼ ਦਾ ਨਤੀਜਾ ਹੈ। ਸੰਗਤ ਸਿੰਘ ਗਿਲਜੀਆਂ ਹੁਰਾਂ ਦਾ ਵੀ ਅਜਿਹਾ ਹੀ ਵਿਚਾਰ ਰਿਹਾ। ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੇ ਵਿਜੀਲੈਂਸ ਜਾਲ ਵਿਚ ਫਸਣ 'ਤੇ ਬਹੁਤ ਲੋਕਾਂ ਨੇ ਖੁਸ਼ੀ ਦਾ ਇਜ਼ਹਾਰ ਇਸ ਲਈ ਕੀਤਾ ਕਿ ਬਤੌਰ ਮੰਤਰੀ ਉਹਨਾਂ ਦੀ ਜ਼ੁਬਾਨ ਦਾ ਰਸ ਬਹੁਤ ਕੁਸੈਲਾ ਰਿਹਾ ਹੈ, ਜਿਸ ਕਾਰਨ ਆਸ਼ੂ ਨੂੰ ਜੇਲ੍ਹ ਦੀ ਹਵਾ ਦਾ ਨਜ਼ਾਰਾ ਲੈਣਾ ਪਿਆ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਿਪਹਾਸਲਾਰ ਅਤੇ ਉਹ ਠੇਕੇਦਾਰ ਜਿਹੜੇ ਆਸ਼ੂ ਸਾਹਿਬ ਦੀ ਕਿਰਪਾ ਦਾ ਪਾਤਰ ਰਹੇ ਅਤੇ ਮਨਿਸਟਰ ਸਾਹਬ ਦੀ ਨਿੱਘੀ ਗੋਦ ਦਾ ਆਨੰਦ ਮਾਣਦੇ ਰਹੇ, ਉਹਨਾਂ ਨੂੰ ਵੀ ਹੁਣ ਤਲਖ ਤਜਰਬਿਆਂ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਆਸ਼ੂ ਸਾਹਿਬ ਕੈਪਟਨ ਸਾਹਿਬ ਦੇ ਬਹੁਤ ਨੇੜੇ ਦੇ ਸਮਝੇ ਜਾਂਦੇ ਸਨ। 'ਸਈਆਂ ਭਏ ਕੋਤਵਾਲ ਤੋ ਡਰ ਕਾਹੇ ਕਾ' ਕੈਪਟਨ ਸਾਹਿਬ ਦੇ ਲਾਡਲੇ ਪੁੱਤ ਪਿੱਛੇ ਵੀ ਕੇਂਦਰ ਦੀ ਈ.ਡੀ. ਪਈ ਹੋਈ ਸੀ, ਪਰ ਉਹਨਾਂ ਤਾਂ ਵਫਾਦਾਰੀਆਂ ਬਦਲ ਲਈਆਂ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਸ਼ਾਨ ਵਿਚ ਕਸੀਦੇ ਪੜ੍ਹਨੇ ਸ਼ੁਰੂ ਕਰ ਦਿੱਤੇ ਅਤੇ ਮਹਿਫੂਜ਼ ਹੋਣ ਲਈ ਭਾਜਪਾ ਦੀ ਗੋਦ ਵਿਚ ਜਾ ਬੈਠੇ। ਹੁਣ ਘੱਟੋ-ਘੱਟ ਈ.ਡੀ. ਦੇ ਭੂਤ ਤੋਂ ਛੁਟਕਾਰਾ ਵਕਤੀ ਤੌਰ 'ਤੇ ਮਿਲ ਹੀ ਜਾਵੇਗਾ। ਸਾਬਕਾ ਮੰਤਰੀ ਸਾਹਿਬ ਸੁੰਦਰ ਸ਼ਾਮ ਅਰੋੜਾ ਦਾ ਵੀ ਬੜਾ ਨਾਂਅ ਸੀ ਇਲਾਕੇ ਵਿਚ। ਇਹ ਨਹੀਂ ਪਤਾ ਕਿ ਇਹ ਨਾਂਅ ਚੰਗੇ ਕੰਮਾਂ ਲਈ ਜਾਂ ਫੇਰ ਕਿਸੇ ਹੋਰ ਕਾਰਨ। ਪਿਛਲੇ ਸਾਲ ਕਰੋੜਾਂ ਰੁਪਏ ਦੇ ਘੋਟਾਲੇ ਵਿਚ ਉਹਨਾਂ ਦਾ ਨਾਂਅ ਆਉਣ ਕਾਰਨ ਉਹ ਵੀ ਵਿਜੀਲੈਂਸ ਜਾਂਚ ਦੇ ਦਾਇਰੇ ਵਿਚ ਆ ਗਏ। ਉਹਨਾਂ ਦੇ ਨਾਲ ਉਹਨਾਂ ਦੇ ਕੁੱਝ ਅਧਿਕਾਰੀ ਫਸ ਗਏ। ਦੱਸਿਆ ਜਾਂਦਾ ਹੈ ਕਿ ਇਹ ਗੜਬੜ ਘੋਟਾਲੇ ਮੋਹਾਲੀ, ਲੁਧਿਆਣਾ, ਜਲੰਧਰ, ਡੇਰਾ ਬਸੀ, ਬਠਿੰਡਾ, ਖੰਨਾ ਅਤੇ ਗੋਇੰਦਵਾਲ ਵਿਖੇ ਮਹਿੰਗੇ ਭਾਅ ਦੀ ਜ਼ਮੀਨ 'ਭਾਈਚਾਰਕ' ਸਾਂਝ ਦੇ ਚੱਲਦਿਆਂ 'ਲਿਹਾਜ' ਵਿਚ ਹੀ ਦੇ ਦਿੱਤੀ। ਇਹ ਸਾਹਬ ਇੱਕ ਪੁਲਸ ਅਧਿਕਾਰੀ ਨੂੰ ਕੇਸ ਦੀ ਜਾਂਚ-ਪੜਤਾਲ ਵਿਚ 'ਲਿਹਾਜ' ਰੱਖਣ ਲਈ 50 ਲੱਖ ਰੁਪਏ ਦੇਣ ਦੇ ਕੇਸ ਵਿਚ ਵੀ ਅੜ ਗਏ। ਆਪ ਤਾਂ ਮਰੇ ਹੀ, ਨਾਲ ਕੁੱਝ ਅਧਿਕਾਰੀਆਂ ਨੂੰ ਵੀ ਲੈ ਬੈਠੇ। ਕਹਿੰਦੇ ਹਨ ਕਿ ਇਹਨਾਂ ਕੋਲੋਂ ਨੋਟ ਗਿਣਨ ਦੀ ਮਸ਼ੀਨ ਵੀ ਫੜੀ ਗਈ ਸੀ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਜੋ ਥੋੜ੍ਹੇ ਸਮੇਂ ਮੁੱਖ ਮੰਤਰੀ ਬਣੇ ਸਨ, ਸ਼ਾਲੀਨਤਾ ਦਾ ਮੁਜੱਸਮਾ ਬਣ-ਬਣ ਕੇ ਲੋਕਾਂ ਵਿੱਚ ਵਿਚਰਿਆ, ਪਰ ਉਹ ਵੀ ਆਪਣੇ ਮੁੰਡੇ ਦੇ ਵਿਆਹ ਵਿਚ ਕੀਤੇ ਬਿੱਲ ਅਦਾਇਗੀ ਦੇ 1.47 ਕਰੋੜ ਰੁਪਏ ਦੇ ਖਰਚੇ ਕਾਰਨ ਵਿਜੀਲੈਂਸ ਦੀ ਰਾਡਾਰ 'ਤੇ ਹਨ। ਦੱਸਿਆ ਜਾਂਦਾ ਹੈ ਕਿ 'ਦਾਸਤਾਨੇ-ਸ਼ਹਾਦਤ' ਦੀ ਆਰੰਭਤਾ ਦਾ ਇਹ ਖਰਚਾ ਉਹਨਾਂ ਆਪਣੇ ਲੜਕੇ ਦੇ ਵਿਆਹ ਦੇ ਖਰਚੇ ਵੱਲ ਮੋੜ ਲਿਆ। ਹਕੀਕਤ ਕੀ ਹੈ, ਇਹ ਤਾਂ ਪੜਤਾਲ ਤੋਂ ਬਾਅਦ ਹੀ ਸਾਹਮਣੇ ਆਵੇਗਾ। ਕਾਂਗਰਸ ਦੇ ਪੰਜਾਬ ਪ੍ਰਧਾਨ ਰਾਜਾ ਵੜਿੰਗ ਵੱਲ ਬੱਸਾਂ ਦੀ ਖਰੀਦ ਦੇ ਕੇਸਾਂ ਵਿਚ ਸ਼ੱਕ ਦੀ ਸੂਈ ਇਸ਼ਾਰਾ ਕਰ ਰਹੀ ਹੈ। ਵਿਜੀਲੈਂਸ ਦੀ ਹਾਲੀਆ ਗਾਜ਼ ਸਾਬਕਾ ਮਾਲ ਮੰਤਰੀ ਅਤੇ ਭਾਜਪਾ ਆਗੂ ਗੁਰਪ੍ਰੀਤ ਕਾਂਗੜ 'ਤੇ ਵੀ ਗਿਰਨ ਵਾਲੀ ਦੱਸੀ ਜਾ ਰਹੀ ਹੈ। ਉਸ ਦੀ ਕਾਰਗੁਜ਼ਾਰੀ ਦੀ ਵੀ ਵਿਜੀਲੈਂਸ ਪੜਤਾਲ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਉਹਨਾਂ ਵੀ ਆਪਣੇ ਸਰੋਤਾਂ ਤੋਂ ਵੱਧ ਜਾਇਦਾਦ ਇਕੱਠੀ ਕੀਤੀ ਹੈ, ਪਰ ਉਹ ਤਾਂ ਕਹਿੰਦੇ ਹਨ ਕਿ ਅਸੀਂ ਤਾਂ ਜੱਦੀ-ਪੁਸ਼ਤੀ ਅਮੀਰ ਹਾਂ, ਲਿਹਾਜ਼ਾ ਸਾਡੀ ਆਮਦਨੀ ਤਾਂ 'ਖੂਨ-ਪਸੀਨੇ' ਦੀ ਕਮਾਈ ਹੈ। ਪਤਾ ਲੱਗਾ ਹੈ ਕਿ ਇਹ ਪੜਤਾਲ ਅਜੇ ਸ਼ੁਰੂਆਤੀ ਦੌਰ ਵਿਚ ਹੈ। ਪੜਤਾਲ ਪੂਰੀ ਹੋਣ 'ਤੇ ਪਤਾ ਲੱਗੇਗਾ ਕਿ ਸਰੋਤਾਂ ਤੋਂ ਵੱਧ ਦੀ ਕਮਾਈ ਖੂਨ-ਪਸੀਨੇ ਦੀ ਹੈ ਜਾਂ ਲੋਕਾਂ ਦਾ ਖੂਨ ਪੀ ਕੇ ਬਣਾਈ ਗਈ ਹੈ। ਭਗਵੰਤ ਮਾਨ ਸਰਕਾਰ ਨੇ ਅਕਾਲੀ ਰਾਜ ਸਮੇਂ ਦੇ ਅਜੇ ਇੱਕੋ ਕੇਸ ਨੂੰ ਹੱਥ ਪਾਇਆ ਹੈ। ਉਸ ਵਿਚ ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਜਨਮੇਜਾ ਸਿੰਘ ਸੇਖੋਂ, ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ, ਸਾਬਕਾ ਇਰੀਗੇਸ਼ਨ ਸਕੱਤਰ ਕਾਹਨ ਸਿੰਘ ਪੰਨੂ ਅਤੇ ਸਾਬਕਾ ਵਿਸ਼ੇਸ਼ ਸਕੱਤਰ ਕਰਨਬੀਰ ਸਿੰਘ ਸਿੱਧੂ ਫਸੇ ਹੋਏ ਹਨ। ਇਹ ਘੋਟਾਲਾ 1200 ਕਰੋੜ ਤੋਂ ਵੀ ਵੱਧ ਦਾ ਦੱਸਿਆ ਜਾਂਦਾ ਹੈ। ਇਸ ਮਾਮਲੇ ਵਿਚ ਅਗਸਤ-2017 ਵਿਚ ਵਿਜੀਲੈਂਸ ਨੇ ਪੁਲਸ ਰਿਪੋਰਟ ਦਰਜ ਕੀਤੀ ਸੀ, ਪਰ ਕਾਂਗਰਸ ਸਰਕਾਰ ਦੀ 'ਮਿਹਰਬਾਨੀ' ਕਾਰਨ ਇਹ ਕੇਸ ਠੰਢੇ ਬਸਤੇ ਵਿਚ ਪਿਆ ਰਿਹਾ। ਹੁਣ ਕੁੱਝ ਕੁ ਨੌਕਰਸ਼ਾਹ ਵੀ ਵਿਜੀਲੈਂਸ ਦੇ ਸ਼ਿਕੰਜੇ ਵਿਚ ਆਏ ਹਨ, ਜਿਹਨਾਂ ਵਿਚ ਮੁੱਖ ਤੌਰ 'ਤੇ ਸੰਜੇ ਪੋਪਲੀ ਹਨ। ਜਿਹਨਾਂ ਨੂੰ ਪਿਛਲੇ ਸਾਲ ਜੂਨ ਮਹੀਨੇ ਵਿਚ ਨਵਾਂ ਸ਼ਹਿਰ ਦੇ ਸੀਵਰੇਜ ਪਾਈਪ ਪਾਉਣ ਦੇ ਟੈਂਡਰ ਵਿੱਚੋਂ ਕਥਿਤ ਤੌਰ 'ਤੇ 1% ਕਮਿਸ਼ਨ ਦੀ ਮੰਗ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਜੋ ਕਿ ਅਜੇ ਤੱਕ ਜੇਲ੍ਹ ਵਿਚ ਹਨ। ਉਹਨਾਂ ਦੇ ਘਰ ਦੀ ਤਲਾਸ਼ੀ ਵਿਚ ਜਦੋਂ 12 ਕਿਲੋ ਸੋਨਾ ਅਤੇ ਤਿੰਨ ਕਿਲੋ ਚਾਂਦੀ ਸਮੇਤ ਹੋਰ ਬਹੁਤ ਸਾਰੇ ਗੁਨਾਹਾਂ ਦਾ ਪਤਾ ਲੱਗਾ ਤਾਂ ਵਿਜੀਲੈਂਸ ਦੀਆਂ ਅੱਖਾਂ ਟੱਡੀਆਂ ਹੀ ਰਹਿ ਗਈਆਂ। ਹਾਲੀਆ ਦਿਨਾਂ ਵਿਚ ਜਦੋਂ ਐੱਮ ਡੀ ਨੀਲੀਮਾ ਆਈ ਏ ਐੱਸ ਅਤੇ ਲੁਧਿਆਣਾ ਦੇ ਆਰ ਟੀ ਏ ਨਰਿੰਦਰ ਸਿੰਘ ਧਾਲੀਵਾਲ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਵਿਜੀਲੈਂਸ ਨੇ ਗ੍ਰਿਫਤਾਰ ਕੀਤਾ ਤਾਂ ਪੰਜਾਬ ਦੇ ਸਾਰੇ ਅਧਿਕਾਰੀ ਤਰਲੋਮੱਛੀ ਹੋ ਕੇ ਹੜਤਾਲ 'ਤੇ ਚਲੇ ਗਏ।

ਸਰਕਾਰ ਦੀ ਇੱਕੋ ਘੁਰਕੀ 'ਤੇ ਉਹ ਨਾ ਸਿਰਫ ਡਿਊਟੀਆਂ 'ਤੇ ਪਰਤ ਆਏ, ਬਲਕਿ ਉਹਨਾਂ ਸ਼ਨੀਵਾਰ ਅਤੇ ਐਤਵਾਰ ਨੂੰ ਵੀ ਦਫਤਰਾਂ ਵਿਚ ਜਾ ਕੇ ਬਕਾਇਆ ਪਿਆ ਕੰਮ ਨਿਪਟਾਇਆ। ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈ ਦਾ ਤਾਂ ਹੀ ਪਤਾ ਲੱਗੇਗਾ ਜਦੋਂ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਹੋਣਗੀਆਂ। ਵੈਸੇ ਇਤਿਹਾਸ ਗਵਾਹ ਹੈ ਕਿ ਅਜੇ ਤੱਕ ਕਿਸੇ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਸਜ਼ਾਵਾਂ ਨਹੀਂ ਹੋਈਆਂ। ਕਾਰਨ ਇਹ ਕਿ ਨਵੀਂ ਸਰਕਾਰ ਆਉਣ 'ਤੇ ਕੇਸ ਖੁਰਦ-ਬੁਰਦ ਹੋ ਜਾਂਦੇ ਹਨ। ਗਵਾਹਾਂ ਨੂੰ ਸਰਕਾਰੀ ਦਬਾਅ ਹੇਠ ਮੁਕਰਾਅ ਲਿਆ ਜਾਂਦਾ ਹੈ।

**# ਸੰਪਰਕ : 98154-61301**

# ਡੀ ਸੀ ਨੂੰ ਅਧਿਆਪਕਾਂ ਦੀਆਂ ਮੰਗਾਂ ਮੰਨਵਾਉਣ ਲਈ ਮੁੱਖ ਮੰਤਰੀ ਦੇ ਨਾਂਅ ਸੌਂਪੇ ਜਾਣਗੇ ਮੰਗ ਪੱਤਰ

ਮੋਗਾ (ਅਮਰਜੀਤ ਬੱਬਰੀ)

ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਵੱਲੋਂ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਅਧਿਆਪਕ ਮੰਗਾਂ ਮਸਲਿਆਂ ਦੇ ਹੱਲ ਲਈ 24 ਜਨਵਰੀ ਨੂੰ ਸੂਬੇ ਭਰ ਦੇ ਡਿਪਟੀ ਕਮਿਸ਼ਨਰਾਂ ਨੂੰ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਸੂਬਾ ਪ੍ਰਧਾਨ ਦਿਗਵਿਜੇਪਾਲ ਸ਼ਰਮਾ, ਸੂਬਾ ਸਕੱਤਰ ਸਰਵਣ ਸਿੰਘ ਔਜਲਾ ਤੇ ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਵੀਂ ਪੈਨਸ਼ਨ ਸਕੀਮ ਰੱਦ ਕਰਕੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਪੇਂਡੂ ਭੱਤੇ, ਬਾਰਡਰ ਭੱਤੇ, ਸਾਇੰਸ ਪ੍ਰੈਕਟੀਕਲ ਭੱਤੇ ਸਮੇਤ ਬੰਦ ਕੀਤੇ 37 ਕਿਸਮ ਦੇ ਭੱਤੇ ਬਹਾਲ ਕੀਤੇ ਜਾਣ, ਏ.ਸੀ.ਪੀ. ਸਕੀਮ 3-7-11-15 ਲਾਗੂ ਕੀਤੀ ਜਾਵੇ, ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਦੇ ਹੋਏ ਸਾਰੇ ਕਾਡਰਾਂ ਨੂੰ 2.72 ਦਾ ਗੁਣਾਂਕ ਦਿੱਤਾ ਜਾਵੇ, 180 ਈ.ਟੀ.ਟੀ. ਅਧਿਆਪਕਾਂ 'ਤੇ ਜਬਰੀ 7ਵਾਂ ਕੇਂਦਰੀ ਪੇਅ ਕਮਿਸ਼ਨ ਲਾਗੂ ਕਰਨ ਦਾ ਫੈਸਲਾ ਵਾਪਸ ਲਿਆ ਜਾਵੇ, ਸਿੱਧੀ ਭਰਤੀ ਰਾਹੀਂ ਐੱਚ.ਟੀ, ਸੀ.ਐੱਚ.ਟੀ, ਮੁੱਖ ਅਧਿਆਪਕ ਤੇ ਪ੍ਰਿੰਸੀਪਲਜ ਦਾ ਪਰਖ ਕਾਲ ਇੱਕ ਸਾਲ ਕੀਤਾ ਜਾਵੇ, 15-01-2015 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਵੇ, ਮਾਣਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਨੂੰ ਜਨਰਲਾਈਜ ਕਰਦੇ ਹੋਏ 113% ਦੀ ਬਜਾਏ 119% ਦੇ ਹਿਸਾਬ ਨਾਲ ਡੀ.ਏ. ਦਾ ਬਕਾਇਆ ਦਿੱਤਾ ਜਾਵੇ ਤੇ ਇਸ ਅਨੁਸਾਰ ਹੀ ਤਨਖਾਹ ਫਿਕਸ ਕੀਤੀ ਜਾਵੇ।



ਦਿਗਵਿਜੇ ਪਾਲ ਸ਼ਰਮਾ ਤੇ ਸਰਵਣ ਸਿੰਘ ਔਜਲਾ।

ਕੱਚੇ ਅਧਿਆਪਕਾਂ ਨੂੰ ਪੱਕੇ ਕੀਤਾ ਜਾਵੇ, ਰੈਗੂਲਰ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੂਰੇ ਲਾਭਾਂ ਸਮੇਤ ਮਰਜ ਕੀਤਾ ਜਾਵੇ, ਐਨ.ਐੱਸ.ਕਿਊ.ਐੱਫ. ਅਧਿਆਪਕਾਂ ਨੂੰ ਵੀ ਵਿਭਾਗ ਵਿੱਚ ਪੱਕਾ ਕੀਤਾ ਜਾਵੇ।

ਈ.ਟੀ.ਟੀ, ਸੀ.ਐਂਡ.ਵੀ. ਕਾਡਰ ਤੇ ਨਾਨ-ਟੀਚਿੰਗ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਦੀ ਪ੍ਰਕਿਰਿਆ ਨੂੰ ਤੇਜ਼ ਕਰਕੇ ਜਲਦ ਤਰੱਕੀਆਂ ਕੀਤੀਆਂ ਜਾਣ। ਮਾਸਟਰ ਕਾਡਰ ਤੋਂ ਲੈਕਚਰਾਰ ਕਾਡਰ ਦੀਆਂ ਤਰੱਕੀ ਦੀਆਂ ਲਿਸਟਾਂ ਜਲਦ ਜਾਰੀ ਕੀਤੀਆਂ ਜਾਣ। ਕਾਮਰਸ ਤੇ ਸਾਇੰਸ ਵਿਸ਼ਿਆਂ ਸਮੇਤ ਸਕੂਲਾਂ ਵਿੱਚ ਬਣਦੀਆਂ ਹਰ ਕਿਸਮ ਦੀਆਂ ਪੋਸਟਾਂ ਮਨਜ਼ੂਰ ਕਰਕੇ ਭਰੀਆਂ ਜਾਣ। ਮੁੱਖ ਅਧਿਆਪਕ ਤੇ ਪ੍ਰਿੰਸੀਪਲਜ ਦੀਆਂ ਅਸਾਮੀਆਂ ਵੀ ਤਰੱਕੀ ਰਾਹੀਂ ਜਲਦ ਭਰੀਆਂ ਜਾਣ।

2018 ਤੋਂ ਬਾਅਦ ਪਦਉੱਨਤ ਹੋਣ ਵਾਲੇ ਸਾਰੇ ਅਧਿਆਪਕਾਂ 'ਤੇ ਵਿਸ਼ੇ ਦਾ ਵਿਭਾਗੀ ਟੈਸਟ ਤੇ ਕੰਪਿਊਟਰ ਮੁਹਾਰਤ ਟੈਸਟ ਦੀ ਲਾਜ਼ਮੀ ਕੀਤੀ ਸ਼ਰਤ ਹਟਾਈ ਜਾਵੇ। ਅਧਿਆਪਕ ਆਗੂਆਂ ਬਲਬੀਰ ਲੌਂਗੋਵਾਲ, ਦਾਤਾ ਸਿੰਘ ਨਮੋਲ, ਗੁਰਪ੍ਰੀਤ ਪਸ਼ੌਰੀਆ, ਪਰਵਿੰਦਰ ਸਿੰਘ ਉੱਭਾਵਾਲ ਤੇ ਯਾਦਵਿੰਦਰ ਪਾਲ ਧੂਰੀ ਉੱਪਰ ਦਰਜ ਝੂਠੇ ਕੇਸਾਂ ਅਤੇ ਜਾਰੀ ਕੀਤੀਆਂ ਨਿਰਆਧਾਰ ਦੋਸ਼ ਰੱਦ ਕੀਤੇ ਜਾਣ। ਅਧਿਆਪਕ ਆਗੂ ਦੀਦਾਰ ਸਿੰਘ ਮੁੱਦਕੀ ਦੇ ਪਰਖ-ਕਾਲ ਵਿੱਚ ਕੀਤਾ ਵਾਧਾ ਵਾਪਸ ਲਿਆ ਜਾਵੇ।

ਕੇਂਦਰ ਸਰਕਾਰ ਵੱਲੋਂ ਸਿੱਖਿਆ ਦੇ ਕੇਂਦਰੀਕਰਨ, ਨਿੱਜੀਕਰਨ ਭਗਵਾਂਕਰਨ ਤੇ ਕਾਰਪੋਰੇਟੀਕਰਨ ਦੇ ਏਜੰਡੇ ਨੂੰ ਲਾਗੂ ਕਰਨ ਵਾਲੀ ਸਿੱਖਿਆ ਨੀਤੀ 2020 ਨੂੰ ਪੰਜਾਬ ਵਿਧਾਨ ਸਭਾ ਵਿੱਚ ਮਤਾ ਪਾ ਕੇ ਤੁਰੰਤ ਰੱਦ ਕੀਤੀ ਜਾਵੇ। ਆਨਲਾਈਨ ਸਿੱਖਿਆ ਪ੍ਰਣਾਲੀ ਤੇ ਇਸ ਤਹਿਤ ਲਏ ਜਾਣ ਵਾਲੇ ਟੈਸਟ ਬੰਦ ਕੀਤੇ ਜਾਣ। ਖਾਨ ਅਕੈਡਮੀ, ਰੀਡ-ਟੂ-ਮੀਟ ਤੇ ਇੰਗਲਿਸ਼ ਬੂਸਟਰ ਕਲੱਬ ਬੰਦ ਕੀਤੇ ਜਾਣ। ਵਿਦਿਆਰਥੀਆਂ ਤੋਂ ਵਸੂਲੀਆਂ ਜਾਣ ਵਾਲੀਆਂ ਬੋਰਡ ਪ੍ਰੀਖਿਆ ਫ਼ੀਸਾਂ ਤੇ ਸਰਟੀਫਿਕੇਟ ਫ਼ੀਸਾਂ ਤੋਂ ਛੋਟ ਦਿੱਤੀ ਜਾਵੇ।

# ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ

ਲੌਂਗੋਵਾਲ (ਕੁਲਦੀਪ ਔਤਰੀ, ਪ੍ਰਦੀਪ ਸੱਪਲ)

ਕਿਰਤੀ ਕਿਸਾਨ ਯੂਨੀਅਨ ਬਲਾਕ ਲੌਂਗੋਵਾਲ ਦੀ ਮੀਟਿੰਗ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਢਾਬ ਬਾਬਾ ਆਲਾ ਸਿੰਘ ਵਿਖੇ ਹੋਈ, ਜਿਸ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਾਲੀ ਲੱਗੇ ਮੋਰਚੇ, ਜੀਰਾ ਫੈਕਟਰੀ ਅੱਗੇ ਲੱਗੇ ਮੋਰਚੇ ਤੇ ਨਹਿਰੀ ਪਾਣੀ ਪ੍ਰਾਪਤੀ ਲਈ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਦੀ ਅਗਵਾਈ ਹੇਠ ਸ਼ੁਰੂ ਕੀਤੀ ਪੈਦਲ ਯਾਤਰਾ ਵਿੱਚ ਜਥੇ ਭੇਜਣ ਕਸਬੇ ਸਮੇਤ ਆਲੇ-ਦੁਆਲੇ ਪਿੰਡਾਂ ਵਿੱਚ ਹੱਡਾਰੋੜੀ ਦੀ ਅਣਹੋਂਦ ਅਤੇ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਤੇ ਹੋਰ ਅਸਾਮੀਆਂ ਦੀ ਘਾਟ ਦੇ ਮੁੱਦੇ ਵਿਚਾਰ ਕੇ ਇਨ੍ਹਾਂ ਮਸਲਿਆਂ 'ਤੇ ਸੰਘਰਸ਼ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਬਲਾਕ ਸਕੱਤਰ ਮਲਕੀਤ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਵਿਚਾਰ ਕੀਤੀ ਗਈ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਮੋਰਚੇ ਵਿੱਚ ਜਥਾ ਭੇਜਿਆ ਜਾਵੇਗਾ ਅਤੇ ਇਸੇ ਤਰ੍ਹਾਂ ਨਹਿਰੀ ਪਾਣੀ ਪ੍ਰਾਪਤੀ ਲਈ ਚੱਲ ਰਹੀ ਪੈਦਲ ਯਾਤਰਾ ਵਿੱਚ ਵੀ ਹਰ ਰੋਜ਼ ਬਲਾਕ ਵਿੱਚੋਂ ਇੱਕ ਪਿੰਡ ਸ਼ਮੂਲੀਅਤ ਕਰੇਗਾ। ਹੱਡਾਰੋੜੀ ਦੀ ਅਣਹੋਂਦ ਦੇ ਮੁੱਦੇ 'ਤੇ ਚਰਚਾ ਕੀਤੀ ਗਈ ਕਿ ਜਦੋਂ ਕਿਸੇ ਕਾਰਨ ਕਿਸੇ ਪਰਵਾਰ ਦੇ ਪਸ਼ੂ ਦਾ ਨੁਕਸਾਨ ਹੋ ਜਾਂਦਾ ਹੈ ਤਾਂ ਉਸ ਨੂੰ ਸੁੱਟਣ ਲਈ ਲੌਂਗੋਵਾਲ ਸਮੇਤ ਬਲਾਕ ਦੇ ਕਈ ਪਿੰਡਾਂ ਵਿੱਚ ਹੱਡਾਰੋੜੀ ਦਾ ਕੋਈ ਪ੍ਰਬੰਧ ਨਹੀਂ ਹੈ, ਉਸ ਨੂੰ ਚੁਕਵਾਉਣ ਲਈ ਵੀ ਪੈਸੇ ਦੇਣੇ ਪੈਂਦੇ ਹਨ। ਕਈ ਵਾਰ ਹਨੇਰੇ ਵਿਚ ਲੋਕ ਆਪਣੇ ਪਸ਼ੂਆਂ ਨੂੰ ਸੁੰਨ ਸਾਨ ਥਾਂਵਾਂ 'ਤੇ ਸੁੱਟ ਦਿੰਦੇ ਹਨ, ਜਿਸ ਨਾਲ ਆਲੇ-ਦੁਆਲੇ ਦੇ ਘਰਾਂ ਅਤੇ ਫ਼ਸਲਾਂ ਦਾ ਨੁਕਸਾਨ ਹੁੰਦਾ ਹੈ, ਹੱਡਾਰੋੜੀ ਦਾ ਪ੍ਰਬੰਧ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਇਸੇ ਤਰ੍ਹਾਂ ਲੌਂਗੋਵਾਲ ਵਿੱਚ ਦੋ ਸਰਕਾਰੀ ਹਸਪਤਾਲ ਹੈ ਆਲੇ-ਦੁਆਲੇ ਦੇ 25 ਪਿੰਡਾਂ ਲਈ ਬਣਾਇਆ ਗਿਆ ਸੀ, ਪਰ ਹੁਣ ਇਸ ਵਿੱਚ ਨਾ ਤਾਂ ਐਮਰਜੈਂਸੀ ਸਹੂਲਤਾਂ ਹਨ ਤੇ ਨਾ ਹੀ ਮਾਹਰ ਡਾਕਟਰ ਹਨ, ਜਿਸ ਕਾਰਨ ਇਹ ਚਿੱਟਾ ਹਾਥੀ ਬਣ ਚੁੱਕਾ ਹੈ। ਆਉਣ ਵਾਲੇ ਸਮੇਂ ਵਿੱਚ ਹੱਡਾਰੋੜੀ ਬਣਾਉਣ ਅਤੇ ਹਸਪਤਾਲ ਵਿੱਚ ਐਮਰਜੈਂਸੀ ਸੇਵਾਵਾਂ ਚਾਲੂ ਕਰਾਉਣ ਲਈ ਸੰਘਰਸ਼ ਸ਼ੁਰੂ ਕੀਤਾ ਜਾਵੇਗਾ।



ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਦੋਵੇਂ ਮਸਲੇ 31 ਜਨਵਰੀ ਤੱਕ ਹੱਲ ਕੀਤੇ ਜਾਣ ਨਹੀਂ ਤਾਂ ਉਸ ਤੋਂ ਬਾਅਦ ਇਲਾਕੇ ਦੇ ਲੋਕਾਂ ਨੂੰ ਨਾਲ ਲੈ ਕੇ ਮੋਰਚਾ ਸ਼ੁਰੂ ਕੀਤਾ ਜਾਵੇਗਾ।

ਮੀਟਿੰਗ ਵਿੱਚ ਬਲਾਕ ਦੇ ਖ਼ਜ਼ਾਨਚੀ ਬਲਵਿੰਦਰ ਸਿੰਘ ਸਾਹੋਕੇ, ਅਵਤਾਰ ਸਿੰਘ ਸਾਹੋਕੇ, ਅੰਗਰੇਜ ਸਿੰਘ, ਬਲਿਹਾਰ ਸਿੰਘ ਰੱਤੋਕੇ, ਬਲਾਕ ਆਗੂ ਬਲਵਿੰਦਰ ਸਿੰਘ ਤੇ ਭਜਨ ਸਿੰਘ ਢੱਡਰੀਆਂ, ਭੋਲਾ ਸਿੰਘ ਪਨਾਂਚ, ਬਲਵਿੰਦਰ ਸਿੰਘ ਭੋਲਾ, ਰਾਜਾ ਸਿੰਘ ਜੈਦ, ਦਰਸ਼ਨ ਸਿੰਘ, ਜੀਵਨ ਸਿੰਘ, ਹਰਦੇਵ ਸਿੰਘ ਦੁਲੱਟ, ਲੀਲਾ ਸਿੰਘ, ਨਿੱਕਾ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਸੁਰਿੰਦਰ ਸਿੰਘ ਲੌਂਗੋਵਾਲ ਸਮੇਤ ਭਜਨ ਸਿੰਘ ਢੱਡਰੀਆਂ ਵੀ ਹਾਜ਼ਰ ਸਨ।

## ਜ਼ਖ਼ਮੀ ਮਰੀਜ਼ ਨੂੰ ਹਸਪਤਾਲ ਦਾਖ਼ਲ ਕਰਾਉਣ ਵਾਲੇ ਨੂੰ ਮਿਲੇਗਾ 2000 ਰੁਪਿਆ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਪਣਾ ਪਹਿਲਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ 'ਚ ਫ਼ਰਿਸ਼ਤੇ ਸਕੀਮ ਦਾ ਜ਼ਿਕਰ ਕੀਤਾ ਸੀ ਅਤੇ ਇਸ ਦੇ ਵਾਸਤੇ ਬਕਾਇਦਾ ਬਜਟ ਵਿੱਚ ਰੱਖਿਆ ਗਿਆ ਸੀ, ਜਿਸ ਤਹਿਤ ਹੁਣ ਪੰਜਾਬੀ 'ਚ ਫ਼ਰਿਸ਼ਤੇ ਸਕੀਮ ਲਾਗੂ ਹੋ ਗਈ ਹੈ। ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ ਦੱਸਿਆ ਕਿ ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਪਾਰਟੀ ਵੱਲੋਂ ਕੀਤੀ ਗਈ ਹੈ। ਗਾਰੰਟੀਆਂ ਲਗਾਤਾਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਹੁਣ ਸੜਕ ਦੁਰਘਟਨਾਵਾਂ ਵਿੱਚ ਪੈਸਿਆਂ ਕਰਕੇ ਇਲਾਜ ਨਾ ਮਿਲਣ ਕਾਰਨ ਹੋਣ ਵਾਲੀਆਂ ਮੌਤਾਂ 'ਤੇ ਬ੍ਰੇਕਾਂ ਲੱਗ ਜਾਣਗੀਆਂ। ਮਹਿੰਗੇ ਇਲਾਜਾਂ ਤੋਂ ਦੁੱਖੀ ਲੋਕ ਅਕਸਰ ਹੀ ਸੜਕ ਹਾਦਸਿਆਂ ਵਿੱਚ ਆਪਣੇ ਪਰਵਾਰਕ ਜੀਆਂ ਨੂੰ ਗੁਆ ਦਿੰਦੇ ਸੀ, ਪਰ ਹੁਣ ਮੁੱਖ ਮੰਤਰੀ ਅਤੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸੋਚ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਸਦਕਾ ਪੰਜਾਬ ਵਿੱਚ ਲੋਕਾਂ ਨੂੰ ਆਪਣੇ ਪਰਵਾਰਕ ਜੀਆਂ ਨੂੰ ਖੋਣਾ ਨਹੀਂ ਪਵੇਗਾ। ਵਿਧਾਇਕ ਦਹੀਆ ਨੇ ਦੱਸਿਆ ਕਿ ਹਾਦਸਿਆਂ ਵਿੱਚ ਜ਼ਖ਼ਮੀ ਮਰੀਜ਼ ਨੂੰ ਕਿਸੇ ਵੀ ਨੇੜਲੇ ਹਸਪਤਾਲ ਵਿੱਚ ਦਾਖ਼ਲ ਕਰਾਉਣ ਵਾਲੀ ਨੇਕ ਸ਼ਖ਼ਸੀਅਤ ਨੂੰ ਸਰਕਾਰ ਵਲੋਂ ਮਿਲੇਗੀ 2000 ਰੁਪਏ ਦੀ ਸਨਮਾਨ ਰਾਸ਼ੀ। ਇਲਾਜ ਦਾ ਸਾਰਾ ਖਰਚਾ ਚੁੱਕੇਗੀ ਆਮ ਲੋਕਾਂ ਦੀ ਸਰਕਾਰ। ਉਨ੍ਹਾਂ ਕਿਹਾ ਕਿ ਸੜਕਾਂ ਤੇ ਇਲਾਜ ਨੂੰ ਤਰਸਦੇ ਮਰੀਜ਼ਾਂ ਨੂੰ ਕੋਈ ਵੀ ਰਾਹਗੀਰ ਕਾਨੂੰਨੀ ਝਮੇਲਿਆਂ ਤੋਂ ਬਚਣ ਲਈ ਅਣਵੇਖਿਆ ਕਰਕੇ ਤੁਰ ਜਾਂਦਾ ਸੀ, ਪਰ ਹੁਣ ਮਰੀਜ਼ ਨੂੰ ਦਾਖ਼ਲ ਕਰਵਾਉਣ ਵਾਲੀ ਨੇਕ ਸ਼ਖ਼ਸੀਅਤ ਨਾਲ ਕੋਈ ਪੁੱਛ ਪੜਤਾਲ ਨਹੀਂ ਹੋਵੇਗੀ। ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਦਹੀਆ ਵੱਲੋਂ ਇਨਸਾਨੀਅਤ ਦੀ ਸੇਵਾ ਕਰਦਿਆਂ ਪੰਜਾਬ ਵਿੱਚ ਫ਼ਰਿਸ਼ਤੇ ਸਕੀਮ ਲਾਗੂ ਕਰਨ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਵੀ ਕੀਤਾ ਹੈ।

# .ਗਰੀਬ ਬਸਤੀਆਂ 'ਚ ਵੰਡੇ .ਗਰਮ ਕੱਪੜੇ





.ਗਰੀਬ ਬਸਤੀਆਂ ਵਿਖੇ .ਗਰਮ ਕੱਪੜੇ ਵੰਡਦੇ ਹੋਏ ਸਕੂਲ ਦੇ ਅਧਿਆਪਕ।

ਮਲੋਟ (ਗੁਰਮੀਤ ਸਿੰਘ ਮੱਕੜ)

ਡੀ.ਏ.ਵੀ. ਸਕੂਲ ਵਿਖੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਦੀ ਸੁਚੱਜੀ ਪ੍ਰੇਰਣਾ ਸਦਕਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦੇ ਅਧਿਆਪਕਾਂ ਵੱਲੋਂ ਇਕੱਠੇ ਕੀਤੇ ਕੱਪੜੇ .ਗਰੀਬ ਬਸਤੀਆਂ ਵਿਚ ਵੰਡੇ ਗਏ।

ਅਧਿਆਪਕਾਂ ਦੀ ਟੀਮ ਨੇ ਸਕੂਲ ਦੇ ਅਧਿਆਪਕਾਂ ਦੇ ਸਹਿਯੋਗ ਨਾਲ ਇਕੱਠੇ ਕੀਤੇ ਕੱਪੜੇ ਲੈ ਕੇ ਬੱਸ ਸਟੈਂਡ ਦੇ ਆਲੇ-ਦੁਆਲੇ ਤੇ ਬਠਿੰਡਾ ਰੋਡ 'ਤੇ ਬਣੀਆਂ ਝੁੱਗੀਆਂ ਵਿਚ ਜਾ ਕੇ ਸ਼ਾਲ, ਕੋਟ, ਜੈਕਟ, ਪੈਂਟ-ਸ਼ਰਟਾਂ ਅਤੇ ਕੰਬਲ ਆਦਿ ਵੰਡੇ ਤਾਂ ਜੁ ਲੋਕ ਆਪਣੇ ਆਪ ਨੂੰ ਸਰਦੀ ਤੋਂ ਬਚਾ ਸਕਣ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਜੇਕਰ ਅਸੀਂ ਸਿਰਫ ਆਪਣੇ ਬਾਰੇ ਹੀ ਸੋਚਾਂਗੇ ਤਾਂ ਕੁੱਝ ਵੀ ਨਹੀਂ ਬਦਲ ਸਕਦਾ। ਇਹ ਮਨੁੱਖ ਦਾ ਫ਼ਰਜ਼ ਹੈ ਕਿ ਉਹ ਪਿੱਛੇ ਨਾ ਹਟੇ।

ਉਨ੍ਹਾਂ ਕਿਹਾ ਕਿ ਦੇਸ਼ ਵਿਚ ਅਜਿਹੇ ਲੋਕ ਹਨ, ਜਿਨ੍ਹਾਂ ਕੋਲ ਖਾਣ ਲਈ ਪੈਸੇ ਨਹੀਂ ਹਨ, ਪਹਿਨਣ ਲਈ ਕੱਪੜੇ ਨਹੀਂ ਹਨ, ਉਹ ਆਪਣੀ ਜ਼ਿੰਦਗੀ ਵਿੱਚ ਬਹੁਤ ਦੁਖੀ ਹਨ, ਸਾਨੂੰ ਸਾਰਿਆਂ ਨੂੰ ਮਿਲ ਕੇ ਅਜਿਹੇ ਲੋਕਾਂ ਦੀ ਮੱਦਦ ਕਰਨੀ ਚਾਹੀਦੀ ਹੈ। ਇਸ ਮੌਕੇ ਸਕੂਲ ਦੇ ਚੇਅਰਮੈਨ ਰਵੀ ਛਾਬੜਾ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਸਾਨੂੰ ਆਪਣੀ ਸਮਰੱਥਾ ਅਨੁਸਾਰ .ਗਰੀਬਾਂ ਦੀ ਮੱਦਦ ਕਰਨੀ ਚਾਹੀਦੀ ਹੈ ਤਾਂ ਜੁ ਉਹ ਵੀ ਆਪਣਾ ਜੀਵਨ ਵਧੀਆ ਢੰਗ ਨਾਲ ਬਤੀਤ ਕਰ ਸਕਣ।

## ਹਥਿਆਰਬੰਦ ਹੋ ਕੇ ਕਾਤਲਾਨਾ ਹਮਲਾ ਕਰਨ ਵਾਲੇ ਦੀ ਰੈਗੂਲਰ ਜ਼ਮਾਨਤ ਖ਼ਾਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਜ਼ਿਲ੍ਹਾ ਤੇ ਸੈਸ਼ਨ ਜੱਜ ਵੀਰਇੰਦਰ ਅਗਰਵਾਲ ਦੀ ਅਦਾਲਤ ਵਲੋਂ ਹਥਿਆਰਬੰਦ ਹੋ ਕੇ ਕਾਤਲਾਨਾ ਹਮਲਾ ਕਰਨ ਦੇ ਮਾਮਲੇ ਵਿੱਚ ਜੇਲ੍ਹ ਅੰਦਰ ਬੰਦ ਇਕ ਵਿਅਕਤੀ ਦੀ ਰੈਗੂਲਰ ਜ਼ਮਾਨਤ ਖ਼ਾਰਜ ਕੀਤੀ ਹੈ। ਮੁਦੱਈ ਸੁਰਜੀਤ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਪਿੰਡ ਗੁਲਾਮ ਪੱਤਰਾ ਥਾਣਾ ਲੱਖੋ ਕੇ ਬਹਿਰਾਮ ਨੇ ਦੱਸਿਆ ਕਿ ਪਿੰਡ ਦੀ ਸਰਪੰਚ ਗੁਰਮੀਤ ਕੌਰ ਪਤਨੀ ਪ੍ਰਗਟ ਸਿੰਘ ਦੇ ਪਰਵਾਰ ਨੇ ਕੁੱਝ ਦਿਨ ਪਹਿਲਾਂ ਕਾਂਗਰਸ ਪਾਰਟੀ ਨੂੰ ਛੱਡ ਕੇ ਅਕਾਲੀ ਪਾਰਟੀ ਜੁਆਇਨ ਕੀਤੀ ਹੈ। ਪ੍ਰਗਟ ਸਿੰਘ ਦੇ ਭਤੀਜੇ ਰਣਜੋਧ ਸਿੰਘ ਉਰਫ਼ ਰਾਣਾ ਨੇ ਅਕਾਲੀ ਪਾਰਟੀ ਵਿੱਚ ਸ਼ਾਮਲ ਹੋਣ ਸਬੰਧੀ ਫੇਸਬੁੱਕ 'ਤੇ ਆਪਣੀ ਫ਼ੋਟੋਆਂ ਪਾਈਆਂ ਸਨ, ਜਿਸ ਸੰਬੰਧੀ ਮੈਂ ਕੁਮੈਂਟ ਕੀਤਾ ਸੀ। ਇਹ ਕੁਮੈਂਟ ਮੈਂ 31 ਜਨਵਰੀ 2022 ਨੂੰ ਕੀਤਾ ਸੀ। 1 ਫਰਵਰੀ 2022 ਨੂੰ ਮੈਂ ਆਪਣੀ ਪੈਸਟੀਸਾਈਡਜ਼ ਦੀ ਦੁਕਾਨ ਦੇ ਬਾਹਰ ਥੜ੍ਹੇ 'ਤੇ ਬੈਠਾ ਸੀ। ਵਕਤ ਕਰੀਬ 3.30 ਵਜੇ ਦੁਪਹਿਰ ਦਾ ਹੋਵੇਗਾ ਕਿ ਕਾਰ ਸਵਾਰ ਰਣਜੋਧ ਸਿੰਘ ਉਰਫ਼ ਰਾਣਾ ਕਾਰ ਚਾਲਕ ਸਮੇਤ ਹੋਰ ਲੜਕਿਆਂ ਨਾਲ ਬਾਹਰ ਨਿਕਲਿਆ, ਜਿਸ ਪਾਸ ਕਾਪਾ ਫੜਿਆ ਸੀ ਤੇ ਉਸ ਦੀ ਖੱਬੀ ਡੱਬ ਵਿੱਚ ਪਿਸਟਲ ਸੀ। ਇਸ ਨਾਲ ਧਰਮਾ 12 ਬੋਰ ਬੰਦੂਕ, ਬਲਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਪੀਰ ਕੇ 12 ਬੋਰ ਬੰਦੂਕ ਤੇ ਇਨ੍ਹਾਂ ਨਾਲ ਦੋ ਹੋਰ ਲੜਕੇ ਅਣਪਛਾਤੇ ਖਾਲੀ ਹੱਥ ਸਨ। ਇਨ੍ਹਾਂ ਸਾਰਿਆਂ ਨੇ ਮੈਨੂੰ ਜਾਨੋਂ ਮਾਰਨ ਦੀ ਨੀਅਤ ਨਾਲ ਮੇਰੇ 'ਤੇ ਹਮਲਾ ਕਰਕੇ ਸੱਟਾਂ ਮਾਰੀਆਂ। ਮੈਂ ਕਾਫ਼ੀ ਰੌਲਾ ਪਾਇਆ ਤੇ ਫਾਇਰਾਂ ਦੀ ਆਵਾਜ਼ ਸੁਣ ਕੇ ਮੇਰਾ ਭਤੀਜਾ ਗੁਰਸੇਵਕ ਸਿੰਘ ਪੁੱਤਰ ਜਰਮਲ ਸਿੰਘ ਭੱਜ ਕੇ ਆਇਆ, ਜਿਸ ਨੂੰ ਵੇਖ ਕੇ ਇਹ ਸਾਰੇ ਆਪਣੇ ਹਥਿਆਰਾਂ ਸਮੇਤ ਮੌਕੇ ਤੋਂ ਕਾਰ ਵਰਨਾ 'ਤੇ ਸਵਾਰ ਹੋ ਕੇ ਚਲੇ ਗਏ। ਇਸ ਬਾਬਤ ਥਾਣਾ ਲੱਖੋ ਕੇ ਬਹਿਰਾਮ ਪੁਲਿਸ ਵੱਲੋਂ 29 ਸਤੰਬਰ 2022 ਨੂੰ ਮਾਮਲਾ ਦਰਜ ਕੀਤਾ ਸੀ। ਜ਼ਿਲ੍ਹਾ ਜੱਜ ਨੇ ਮੁੱਦਈ ਧਿਰ ਦੇ ਵਕੀਲ ਗੁਰਵਿੰਦਰ ਸਿੰਘ ਸੰਧੂ ਕਰਮੂਵਾਲਾ ਦੀ ਬਹਿਸ ਸੁਣਨ ਉਪਰੰਤ ਰਣਜੋਧ ਸਿੰਘ ਦੀ ਰੈਗੂਲਰ ਜ਼ਮਾਨਤ ਖਾਰਜ ਕਰ ਦਿੱਤੀ, ਜਦਕਿ ਰਣਜੋਧ ਸਿੰਘ ਦੀ ਪੇਸ਼ਗੀ ਜ਼ਮਾਨਤ ਪਹਿਲਾਂ ਹੀ ਖਾਰਜ ਹੋ ਗਈ ਸੀ।

# ਕੌਮੀ ਯੁਵਾ ਹਫਤੇ 'ਤੇ ਪ੍ਰਾਪਤੀਆਂ ਕਰਨ ਵਾਲੇ ਖਿਡਾਰੀ ਸਨਮਾਨਤ



ਮਾਨਸਾ (ਆਤਮਾ ਸਿੰਘ ਪਮਾਰ)

ਨਹਿਰੂ ਯੁਵਾ ਕੇਂਦਰ ਮਾਨਸਾ ਵੱਲੋਂ ਸਵਾਮੀ ਵਿਵੇਕਾਨੰਦ ਦੀ ਯਾਦ 'ਚ ਮਨਾਏ ਜਾ ਰਹੇ ਕੌਮੀ ਯੁਵਾ ਹਫਤੇ ਤਹਿਤ ਖੇਡ ਦਿਵਸ ਸ਼ਹੀਦ ਉਧਮ ਸਿੰਘ ਯੂਥ ਕਲੱਬ ਰੜ੍ਹ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਰੜ੍ਹ ਵਿਖੇ ਮਨਾਇਆ ਗਿਆ। ਖੇਡ ਦਿਵਸ ਦੌਰਾਨ ਸਕੂਲੀ ਬੱਚਿਆਂ ਦੇ ਟੇਬਲ ਟੈਨਿਸ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਤਨਾਮ ਸਿੰਘ,ਸੁਖਦੀਪ ਕੌਰ,ਪ੍ਰਦੀਪ ਕੌਰ,ਕਰਨਦੀਪ ਸਿੰਘ,ਸੁਖਮਨ ਸਿੰਘ ਅਤੇ ਅਮੋਲਪ੍ਰੀਤ ਸਿੰਘ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਹਾਜ਼ਰ ਦਰਸ਼ਕਾਂ ਦੀ ਵਾਹ ਵਾਹ ਖੱਟੀ। ਇਸ ਮੌਕੇ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਵੱਖ ਵੱਖ ਖੇਡਾਂ 'ਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਜਿਨ੍ਹਾਂ ਵਿੱਚ ਬਲਜਿੰਦਰ ਸਿੰਘ ਜਵੰਧਾ, ਮਹਿਕਪ੍ਰੀਤ ਕੌਰ, ਸਿਮਰਪ੍ਰੀਤ ਕੌਰ, ਪ੍ਰਭਜੋਤ ਕੌਰ, ਜਸਲੀਨ ਕੌਰ ਅੰਡਰ-17 ਵਿੱਚ ਸਤਨਾਮ ਸਿੰਘ, ਤਰਨਵੀਰ ਸਿੰਘ, ਗਗਨਦੀਪ ਸਿੰਘ, ਰਣਜੋਤ ਸਿੰਘ, ਗੁਰਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਸੀਮ ਕੌਰ, ਅਰਸ਼ਦੀਪ ਕੌਰ, ਸੰਦੀਪ ਕੌਰ, ਰਮਨਪ੍ਰੀਤ ਕੌਰ ਅਤੇ ਸੁਖਪ੍ਰੀਤ ਕੌਰ ਸ਼ਾਮਲ ਸਨ, ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨਮਾਨਤ ਕੀਤਾ ਗਿਆ। ਸਨਮਾਨਤ ਕਰਨ ਦੀ ਰਸਮ ਅਦਾ ਕਰਦਿਆਂ ਜ਼ਿਲ੍ਹਾ ਯੂਥ ਅਫਸਰ ਸਰਬਜੀਤ ਸਿੰਘ ਅਤੇ ਲੇਖਾਕਾਰ ਤੇ ਪ੍ਰੋਗਰਾਮ ਅਫਸਰ ਡਾ. ਸੰਦੀਪ ਘੰਡ ਨੇ ਕਿਹਾ ਕਿ ਸਵਾਮੀ ਵਿਵੇਕਾਨੰਦ ਦੇ ਵਿਚਾਰ ਨੌਜਵਾਨਾਂ ਵਿੱਚ ਆਤਮ ਵਿਸ਼ਵਾਸ਼ ਪੈਦਾ ਕਰਨ ਦੇ ਸਮਰੱਥ ਹਨ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਸਰਕਾਰੀ ਹਾਈ ਸਕੂਲ ਦੇ ਅਧਿਆਪਕਾਂ ਦੀ ਇਸ ਗੱਲੋਂ ਪ੍ਰਸ਼ੰਸਾ ਕੀਤੀ ਕਿ ਉਨ੍ਹਾਂ ਨੇ ਸ਼ਹਿਰੀ ਸਕੂਲਾਂ 'ਚ ਖੇਡੀ ਜਾਂਦੀ ਟੇਬਲ ਟੈਨਿਸ ਵਰਗੀ ਖੇਡ ਨਾ ਸਿਰਫ ਪੇਂਡੂ ਸਕੂਲ 'ਚ ਸ਼ੁਰੂ ਕੀਤੀ ਸਗੋਂ ਅਧਿਆਪਕਾਂ ਦੀ ਮਿਹਨਤ ਨਾਲ ਵਿਦਿਆਰਥੀਆਂ ਨੇ ਰਾਜ ਪੱਧਰ ਤੱਕ ਚੰਗੀ ਖੇਡ ਦਾ ਪ੍ਰਦਰਸ਼ਨ ਕਰਕੇ ਅਧਿਆਪਕਾਂ ਦੀ ਮਿਹਨਤ ਨੂੰ ਬੂਰ ਵੀ ਪਾਇਆ। ਸਿੱਖਿਆ ਵਿਕਾਸ ਮੰਚ ਮਾਨਸਾ ਦੇ ਪ੍ਰਧਾਨ ਹਰਦੀਪ ਸਿੱਧੂ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਅਧਿਆਪਕਾਂ ਦੀ ਮਿਹਨਤ ਸਦਕਾ ਵਿਦਿਆਰਥੀਆਂ ਨੇ ਹਰ ਵਰਗ 'ਚ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਸਕੂਲ ਅਧਿਆਪਕ ਡਾ. ਕੁਲਵਿੰਦਰ ਸਿੰਘ, ਹਰਦੀਪ ਸਿੰਘ, ਸੁਖਜਿੰਦਰ ਕੌਰ, ਸੁਖਦੀਪ ਕੌਰ, ਅੰਗਰੇਜ਼ ਸਿੰਘ ਨੇ ਸਕੂਲ ਖਿਡਾਰੀਆਂ ਦੇ ਸਨਮਾਨ ਅਤੇ ਸਮਾਗਮ ਲਈ ਨਹਿਰੂ ਯੁਵਾ ਕੇਂਦਰ ਮਾਨਸਾ ਅਤੇ ਸ਼ਹੀਦ ਉਧਮ ਸਿੰਘ ਯੂਥ ਕਲੱਬ ਰੜ੍ਹ ਦਾ ਧੰਨਵਾਦ ਕੀਤਾ। ਕਲੱਬ ਦੇ ਪ੍ਰਧਾਨ ਬੁੱਗਰ ਸਿੰਘ, ਸਕੱਤਰ ਸੁਖਦੀਪ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਧਿਆਪਕ ਅਕਬਰ ਸਿੰਘ ਨੇ ਵੀ ਸ਼ਮੂਲੀਅਤ ਕਰਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ।

## ਲਾਇਨਜ਼ ਕਲੱਬ ਗੋਲਡ ਵੱਲੋਂ ਗੱਡੀਆਂ 'ਤੇ ਲਾਏ ਰਿਫਲੈਕਟਰ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)

ਟ੍ਰੈਫ਼ਿਕ ਹਫ਼ਤੇ ਦੇ ਮੱਦੇਨਜ਼ਰ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਤੋਂ ਜਾਣੂ ਕਰਾਉਣ ਅਤੇ ਦੁਰਘਟਨਾਵਾਂ ਤੋਂ ਬਚਣ ਲਈ ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਤੇ ਟ੍ਰੈਫਿਕ ਪੁਲਸ ਦੇ ਇੰਚਾਰਜ ਕਰਨੈਲ ਸਿੰਘ ਤੇ ਐਸ ਐਚ ਓ ਸਿਟੀ ਗੁਰਵਿੰਦਰ ਸਿੰਘ ਦੇ ਸਹਿਯੋਗ ਨਾਲ ਲਾਇਨਜ ਕਲੱਬ ਗੋਲਡ ਦੇ ਉਪਰਾਲੇ ਸਦਕਾ ਬੰਦਾ ਸਿੰਘ ਬਹਾਦਰ ਚੌਕ ਵਿਖੇ ਗੱਡੀਆਂ 'ਤੇ ਰਿਫਲੈਕਟਰ ਲਾਏ ਗਏ ਅਤੇ ਲੋਕਾਂ ਨੂੰ ਸੜਕੀ ਨਿਯਮਾਂ ਤੋਂ ਜਾਣੂ ਕਰਾਇਆ ਗਿਆ। ਇਸ ਮੌਕੇ ਜੇ ਪੀ ਗਰਗ, ਸਮਾਜ ਸੇਵੀ ਗੌਰਵ ਅਗਰਵਾਲ, ਟ੍ਰੈਫ਼ਿਕ ਮੁਲਾਜ਼ਮ ਜਸਪਾਲ ਸਿੰਘ, ਸ਼ਸ਼ਵਿੰਦਰ ਸਿੰਘ, ਜਗਤਾਰ ਸਿੰਘ ਤੋਂ ਇਲਾਵਾ ਜੇ ਪੀ ਗਰਗ, ਰਜੇਸ਼ ਕੁਮਾਰ, ਲਵ ਕੁਮਾਰ, ਵਿਕਾਸ ਸ਼ਰਮਾ, ਹੁਸਨਦੀਪ ਬਾਂਸਲ, ਮੋਹਿਤ ਕੁਮਾਰ, ਸੌਰਵ ਜਿੰਦਲ ਵੀ ਹਾਜ਼ਰ ਸਨ।

# ਪੰਜਾਬ ਦੀ ਇੰਡਸਟਰੀ ਬਾਹਰ ਜਾ ਰਹੀ ਹੈ, ਲਈ ਬੀ ਜੇ ਪੀ ਦੇ ਆਗੂ, ਸਿਆਸਤਦਾਨ ਅਤੇ ਅਫਸਰਸ਼ਾਹੀ ਹੀ ਜ਼ਿੰਮੇਵਾਰ : ਮਾਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

"ਜੇਕਰ ਪੰਜਾਬ ਸੂਬੇ ਦੀ ਇੰਡਸਟਰੀ ਬਾਹਰਲੇ ਸੂਬਿਆਂ 'ਚ ਜਾ ਰਹੀ ਹੈ ਜਿਵੇਂ ਕਿ ਬੀ ਜੇ ਪੀ ਪਾਰਟੀ ਦੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ ਹੈ ਤਾਂ ਇਸ ਬਣਦੀ ਜਾ ਰਹੀ ਅਤਿ ਗੰਭੀਰ ਸਥਿਤੀ ਲਈ ਭਾਜਪਾ ਨਾਲ ਸੰਬੰਧਤ ਉਹ ਆਗੂ, ਸਿਆਸਤਦਾਨ ਅਤੇ ਰਿਸ਼ਵਤਖੋਰ ਅਫਸਰਸ਼ਾਹੀ ਹੀ ਜ਼ਿੰਮੇਵਾਰ ਹੈ ਜੋ ਇਥੇ ਬੁਜ਼ਦਿਲੀ ਵਾਲੀ ਅਤੇ ਡਰੂ ਬਿਆਨਬਾਜ਼ੀ ਕਰਕੇ ਪੰਜਾਬ ਦੇ ਮਾਹੌਲ ਨੂੰ ਬੇਵਿਸ਼ਵਾਸੀ ਵਾਲਾ ਅਤੇ ਦਹਿਸ਼ਤ ਵਾਲਾ ਬਣਾ ਰਹੇ ਹਨ ਅਤੇ ਜੋ ਪੰਜਾਬ ਨੂੰ ਜੰਮੂ-ਕਸ਼ਮੀਰ ਬਣਨ ਦੀ ਨਿੱਤ ਦਿਹਾੜੇ ਰਟ ਲਗਾ ਰਹੇ ਹਨ ਤੇ ਸੈਂਟਰ ਕੋਲ ਜਾ ਕੇ ਪੰਜਾਬ ਸੂਬੇ ਦੀਆਂ ਸ਼ਿਕਾਇਤਾਂ ਕਰਦੇ ਹਨ। ਕਿਸੇ ਮੁਲਕ, ਸੂਬੇ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਦੀ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਸੂਬੇ ਦੇ ਲੋਕਾਂ ਦਾ ਆਪਣੇ ਵਿੱਚ ਵਿਸ਼ਵਾਸ ਨੂੰ ਕਾਇਮ ਰੱਖਣ ਲਈ ਉਸਾਰੂ ਉਦਮ ਕਰਨ। ਜਦੋਂ ਹਰ ਰੋਜ਼ ਪੰਜਾਬ 'ਚ ਬਿਨਾਂ ਵਜ੍ਹਾ ਕਾਨੂੰਨੀ ਵਿਵਸਥਾ ਨੂੰ ਲੈ ਕੇ ਡਰੂ ਬਿਆਨਬਾਜ਼ੀ ਕੀਤੀ ਜਾਂਦੀ ਹੋਵੇ, ਫਿਰ ਇਥੋਂ ਦੇ ਮਾਹੌਲ ਨੂੰ ਅਣਸੁਖਾਵਾਂ ਅਤੇ ਬੁਜ਼ਦਿਲੀ ਵਾਲਾ ਬਣਾਉਣ ਲਈ ਇਹ ਖੁਦ ਹੀ ਜ਼ਿੰਮੇਵਾਰ ਹਨ। ਫਿਰ ਹੋਰ ਕੌਣ ਡਰ-ਸਹਿਮ ਪੈਦਾ ਕਰ ਰਿਹਾ ਹੈ ਅਤੇ ਇਥੋਂ ਦੀ ਇੰਡਸਟਰੀ ਨੂੰ ਭਜਾਉਣ ਦਾ ਦੋਸ਼ੀ ਬਣ ਰਿਹਾ ਹੈ?" ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੇ ਬੀ ਜੇ ਪੀ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਇਹ ਤੌਖਲਾ ਪ੍ਰਗਟਾਉਣ ਕਿ ਪੰਜਾਬ ਦੀ ਇੰਡਸਟਰੀ ਬਾਹਰਲੇ ਸੂਬਿਆਂ 'ਚ ਜਾ ਰਹੀ ਹੈ, ਲਈ ਅਜਿਹੀ ਬੁਜ਼ਦਿਲ, ਦਿਸ਼ਾਹੀਣ ਬੀ ਜੇ ਪੀ ਦੀ ਲੀਡਰਸ਼ਿਪ ਅਤੇ ਸੈਂਟਰ ਕੋਲ ਪੰਜਾਬ ਦੀਆਂ ਸ਼ਿਕਾਇਤਾਂ ਕਰਨ ਵਾਲੇ ਆਗੂਆਂ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਪ੍ਰਗਟ ਕੀਤੇ। ਉਨ੍ਹਾ ਕਿਹਾ ਕਿ ਪੰਜਾਬ 'ਚ ਨਸ਼ੀਲੀਆਂ ਵਸਤਾਂ ਦਾ ਕਾਰੋਬਾਰ ਰੋਕਣ ਦੀ ਬਜਾਏ ਵਧਦਾ ਜਾ ਰਿਹਾ ਹੈ। ਜਦੋਂਕਿ ਸੈਂਟਰ ਦੇ ਹੁਕਮਰਾਨਾਂ ਨੇ ਸਰਹੱਦਾਂ ਦੀ ਸੁਰੱਖਿਆ ਲਈ ਅਤੇ ਨਸ਼ੀਲੀਆਂ ਵਸਤਾਂ ਦੀ ਰੋਕਥਾਮ ਲਈ ਬੀ ਐਸ ਐਫ ਦੇ 5 ਕਿਲੋਮੀਟਰ ਦੇ ਅਧਿਕਾਰ ਖੇਤਰ ਨੂੰ ਵਧਾ ਕੇ 50 ਕਿਲੋਮੀਟਰ ਕੀਤਾ ਹੈ। ਫਿਰ ਵੀ ਇਹ ਗੈਰ ਕਾਨੂੰਨੀ ਅਮਲ ਬੰਦ ਨਾ ਹੋਣ, ਫਿਰ ਇਸ ਦਾ ਜ਼ਿੰਮੇਵਾਰ ਕੌਣ ਹੈ? ਉਨ੍ਹਾ ਕਿਹਾ ਕਿ ਪਹਿਲਾਂ ਜਦੋਂ ਸਰਹੱਦਾਂ ਦੀ ਸੁਰੱਖਿਆ ਪੀ ਏ ਪੀ ਵੱਲੋਂ ਕੀਤੀ ਜਾਂਦੀ ਸੀ ਤਾਂ ਇਹ ਗੈਰ ਕਾਨੂੰਨੀ ਕੰਮ ਕਾਬੂ 'ਚ ਸਨ। ਜੇਕਰ ਬੀ ਐਸ ਐਫ ਇਹ ਜ਼ਿੰਮੇਵਾਰੀ ਦੇ ਸਮਰੱਥ ਨਹੀ ਫਿਰ ਪੀ ਏ ਪੀ ਕਿਉਂ ਨਹੀਂ ਲਗਾ ਦਿੱਤੀ ਜਾਂਦੀ? ਜਦੋਂ ਲੀਡਰਸ਼ਿਪ, ਅਫਸਰਸ਼ਾਹੀ ਬੁਜ਼ਦਿਲੀ ਵਾਲੀਆਂ ਗੱਲਾਂ ਕਰਨਗੇ ਫਿਰ ਇਥੋਂ ਦੇ ਨਿਵਾਸੀਆਂ ਵਿੱਚ ਵਿਸ਼ਵਾਸ ਕਿਥੋਂ ਪੈਦਾ ਹੋਵੇਗਾ ਅਤੇ ਕਿਹੜਾ ਉਦਯੋਗਪਤੀ ਸਾਡੇ ਇਸ ਸੂਬੇ ਵਿਚ ਨਿਵੇਸ਼ ਕਰੇਗਾ? ਕਿਉਂਕਿ ਪ੍ਰਗਤੀ ਤਾਂ ਸਥਿਰਤਾ ਅਤੇ ਵਿਸ਼ਵਾਸ ਨਾਲ ਹੀ ਹੁੰਦੀ ਹੈ ਜਿਸ ਨੂੰ ਇਹ ਖੁਦ ਹੀ ਡੂੰਘੀ ਸੱਟ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਖ਼ਾਲਸਾ ਪੰਥ ਹਰ ਵੱਡੀ ਤੋਂ ਵੱਡੀ ਮੁਸ਼ਕਲ ਆਉਣ ਸਮੇਂ ਮੈਦਾਨ-ਏ-ਜੰਗ ਵਿਚ ਜੂਝਦਾ ਵੀ ਰਿਹਾ ਹੈ ਅਤੇ ਫ਼ਤਹਿ ਵੀ ਪ੍ਰਾਪਤ ਕਰਦਾ ਰਿਹਾ ਹੈ। ਪਰ ਇਹ ਦਿਸ਼ਾਹੀਣ, ਡਰੂ, ਬੁਜ਼ਦਿਲ ਅਤੇ ਰਿਸ਼ਵਤਾਂ ਲੈਣ ਵਾਲੇ ਗਲਤ ਕੰਮ ਕਰਨ ਵਾਲੇ ਆਗੂ ਤੇ ਸਿਆਸਤਦਾਨ ਪ੍ਰਬੰਧਕੀ ਅਤੇ ਰਾਜ ਭਾਗ ਦੀਆਂ ਮੁਸ਼ਕਲਾਂ ਨੂੰ ਦੇਖ ਕੇ ਸਾਹਮਣਾ ਕਰਨ ਵਾਲੇ ਨਹੀਂ ਹਨ, ਬਲਕਿ ਖੁਦ ਵੀ ਡਰੇ ਹੋਏ ਹਨ ਅਤੇ ਆਪਣੇ ਨਿਵਾਸੀਆਂ ਨੂੰ ਵੀ ਕਮਜ਼ੋਰ ਸੋਚ ਰਾਹੀਂ ਡਰੂ ਬਣਾ ਰਹੇ ਹਨ।

# ਜਿਸਮ ਫਿਰੋਸ਼ੀ ਦੇ ਦੋਸ਼ 'ਚ ਅੱਧੀ ਦਰਜਨ ਗ੍ਰਿਫਤਾਰ



ਨਾਭਾ (ਵਰਿੰਦਰ ਵਰਮਾ)-ਨਾਭਾ ਕੋਤਵਾਲੀ ਪੁਲਸ ਨੇ ਜਿਸਮ ਫਿਰੋਸ਼ੀ ਦੇ ਅੱਡੇ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ। ਕੋਤਵਾਲੀ ਨਾਭਾ ਇੰਚਾਰਜ ਇੰਸਪੈਕਟਰ ਹੈਰੀ ਬੋਪਾਰਾਏ ਨੇ ਦੱਸਿਆ ਕਿ ਨਾਭਾ ਪੁਲਸ ਨੂੰ ਨਾਕਾਬੰਦੀ ਦੌਰਾਨ ਗੁਪਤ ਸੂਚਨਾ ਪ੍ਰਾਪਤ ਹੋਈ ਕਿ ਸਥਾਨਕ ਠਠੇਰਿਆ ਮੁਹੱਲਾ ਵਿਖੇ ਇੱਕ ਔਰਤ ਵੱਲੋਂ ਆਪਣੇ ਪਤੀ ਸਮੇਤ ਦੂਜੇ ਸ਼ਹਿਰਾਂ ਦੀਆਂ ਕੁਝ ਔਰਤਾਂ ਨੂੰ ਬਤੌਰ ਕਿਰਾਏਦਾਰ ਦਿਖਾ ਕੇ ਜਿਸਮ ਫਿਰੋਸ਼ੀ ਦਾ ਗੈਰਕਾਨੂੰਨੀ ਧੰਦਾ ਧੜੱਲੇ ਨਾਲ ਕੀਤਾ ਜਾ ਰਿਹਾ ਹੈ ਅਤੇ ਭੋਲੇ ਭਾਲੇ ਲੋਕਾਂ ਨੂੰ ਜਿਸਮ ਫਿਰੋਸ਼ੀ ਦਾ ਲਾਲਚ ਦੇ ਕੇ ਪਹਿਲਾਂ ਫਸਾਇਆ ਜਾ ਰਿਹਾ ਹੈ ਅਤੇ ਬਲੈਕਮੇਲਿੰਗ ਕਰ ਮੋਟੀ ਰਕਮ ਵੀ ਵਸੂਲੀ ਜਾ ਰਹੀ ਹੈ। ਇੰਸ. ਹੈਰੀ ਬੋਪਾਰਾਏ ਅਨੁਸਾਰ ਸੂਚਨਾ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਪਾਰਟੀ ਵੱਲੋਂ ਚਾਰ ਔਰਤਾਂ ਅਤੇ ਦੋ ਵਿਅਕਤੀਆਂ ਸਣੇ ਅੱਧੀ ਦਰਜਨ ਨੂੰ ਕਾਬੂ ਕੀਤਾ ਹੈ, ਜਿਨ੍ਹਾਂ ਵਿੱਚ ਨਾਭਾ ਦੀ ਮੰਜੂ, ਹਰਿਆਣਾ ਦੀ ਸਰੋਜ, ਪ੍ਰੀਤੀ ਅਤੇ ਜ਼ਿਲ੍ਹਾ ਸੰਗਰੂਰ ਦੀ ਰਜਨੀ ਸਮੇਤ ਜ਼ਿਲ੍ਹਾ ਸੰਗਰੂਰ ਦੇ ਮਨਜੀਤ ਰਾਮ ਅਤੇ ਨਾਭਾ ਦੇ ਤਲਵਿੰਦਰ ਸਿੰਘ ਨਾਮੀ ਇੱਕ ਵਿਅਕਤੀ ਸਮੇਤ ਕੁੱਲ ਛੇ ਵਿਅਕਤੀਆਂ ਸਮੇਤ ਬਾਕੀ ਮੁਲਜ਼ਮਾਂ ਨੂੰ ਇਮੋਰਲ ਐਕਟ ਦੀ ਧਾਰਾ 3, 4, 5 ਅਧੀਨ ਗ੍ਰਿਫਤਾਰ ਕੀਤਾ ਗਿਆ। ਇੰਸ. ਹੈਰੀ ਬੋਪਾਰਾਏ ਅਨੁਸਾਰ ਉਨ੍ਹਾਂ ਪਾਸੋਂ ਕਥਿਤ ਰੂਪ 'ਚ ਇਤਰਾਜ਼ਯੋਗ ਵਸਤੂਆਂ ਵੀ ਬਰਾਮਦ ਕੀਤੀਆਂ ਗਈਆਂ ਹਨ। ਇੰਸ. ਹੈਰੀ ਬੋਪਾਰਾਏ ਨੇ ਦੱਸਿਆ ਕਿ ਕਥਿਤ ਮੁਲਜ਼ਮਾਂ ਪਾਸੋਂ ਪੁੱਛਗਿੱਛ ਜਾਰੀ ਹੈ ਜਿਸ ਤੋਂ ਕਈ ਅਹਿਮ ਇੰਕਸ਼ਾਫ ਹੋ ਸਕਦੇ ਹਨ।

## ਬਿਹਾਰੀ ਮੂਲ ਦੇ ਵਿਦਿਆਰਥੀਆਂ ਦੀ ਕੁੱਟਮਾਰ ਦੇ ਦੋਸ਼ 'ਚ 4 ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬੀਤੀ 13 ਜਨਵਰੀ ਦੀ ਸ਼ਾਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਰਿੰਗ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਗੇਟ ਨੇੜੇ ਕਾਲਜ 'ਚ ਪੜ੍ਹਦੇ ਬਿਹਾਰੀ ਮੂਲ ਦੇ 3 ਵਿਦਿਆਰਥੀਆਂ ਦੀ ਕੁੱਟਮਾਰ ਕਰਨ ਦੇ ਦੋਸ਼ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ 4 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇੰਜੀਨੀਰਿੰਗ ਕਾਲਜ 'ਚ ਪੜ੍ਹਦੇ ਰਵੀ ਸ਼ੰਕਰ ਕੁਮਾਰ,ਆਨੰਦ ਕੁਮਾਰ ਅਤੇ ਰੋਹਿਤ ਕੁਮਾਰ ਨਾਮਕ ਵਿਦਿਆਰਥੀਆਂ ਨੇ ਦੋਸ਼ ਲਗਾਏ ਸਨ ਕਿ ਕਾਲਜ ਦੇ ਗੇਟ ਨੇੜੇ 3/4 ਅਣਪਛਾਤੇ ਨੌਜਵਾਨ ਉਨ੍ਹਾਂ ਦੀ ਕੁੱਟਮਾਰ ਕਰਕੇ ਫਰਾਰ ਹੋ ਗਏ। ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਸੀਨੀਅਰ ਪੁਲਸ ਅਧਿਕਾਰੀਆਂ ਦੇ ਆਦੇਸ਼ਾਂ 'ਤੇ ਡੀ ਐਸ ਪੀ ਸੁਖਬੀਰ ਸਿੰਘ ਵਾਹਲਾ ਦੀ ਨਿਗਰਾਨੀ ਹੇਠ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਕਾਲਜ ਦੇ ਪ੍ਰਿੰਸੀਪਲ ਦੀ ਸ਼ਿਕਾਇਤ 'ਤੇ ਅਣਪਛਾਤਿਆਂ ਵਿਰੁੱਧ ਅ/ਧ 323, 341, 379, 34 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕਰਦੇ ਹੋਏ ਸੀ ਸੀ ਟੀ ਵੀ ਫੁਟੇਜ ਨੂੰ ਕਬਜ਼ੇ 'ਚ ਲੈ ਕੇ ਮਾਮਲੇ ਦੀ ਤਫਤੀਸ਼ ਅੱਗੇ ਵਧਾਉਂਦਿਆਂ ਇਸ ਘਟਨਾ ਨੂੰ ਅੰਜਾਮ ਦੇਣ ਦੇ ਦੋਸ਼ 'ਚ 4 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮਾਮਲੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਪਵਨ ਕੁਮਾਰ ਨੇ ਗ੍ਰਿਫਤਾਰ ਕੀਤੇ ਗਏ ਕਥਿਤ ਨੌਜਵਾਨਾਂ ਦੀ ਪਹਿਚਾਣ ਸਤਵੀਰ ਸਿੰਘ ਵਾਸੀ ਪਿੰਡ ਫਿਰੋਜ਼ਪੁਰ, ਕਰਨਵੀਰ ਸਿੰਘ ਉਰਫ ਕਰਨ ਵਾਸੀ ਬਾੜਾ ਸਰਹਿੰਦ, ਬਲਰਾਜ ਸਿੰਘ ਉਰਫ ਬੌਬੀ ਵਾਸੀ ਮੰਡੀ ਡੱਬਵਾਲੀ(ਹਰਿਆਣਾ) ਅਤੇ ਮਨਪ੍ਰੀਤ ਸਿੰਘ ਉਰਫ ਮਨੀ ਵਾਸੀ ਪਿੰਡ ਕੋਟੜਾ ਕਲਾਂ(ਮਾਨਸਾ) ਵਜੋਂ ਦੱਸੀ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਦੀ ਮੁਢਲੀ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਕੋਲੋਂ ਲੰਘਣ ਲੱਗਿਆਂ ਹੋਈ ਮਾਮੂਲੀ ਤਕਰਾਰ ਕਾਰਨ ਇਹ ਨੌਜਵਾਨ ਆਪਸ 'ਚ ਝਗੜੇ ਜਦੋਂ ਕਿ ਇਸ ਪਿੱਛੇ ਕੋਈ ਭੇਦਭਾਵ ਵਾਲੀ ਗੱਲ ਤਫਤੀਸ਼ 'ਚ ਸਾਹਮਣੇ ਨਹੀਂ ਆਈ।

## ਚਾਇਨਾ ਡੋਰ ਵੇਚਣ ਵਾਲਾ ਦੁਕਾਨਦਾਰ ਕਾਬੂ, 9 ਰੋਲ ਬਰਾਮਦ



ਦੁਕਾਨ 'ਤੇ ਛਾਪਾਮਾਰੀ ਕਰਦੀ ਹੋਈ ਮੋਗਾ ਪੁਲਸ।

ਮੋਗਾ (ਅਮਰਜੀਤ ਬੱਬਰੀ)

ਮੋਗਾ ਪੁਲਸ ਨੇ ਇੱਕ ਦੁਕਾਨ 'ਤੇ ਛਾਪੇਮਾਰੀ ਕਰ ਕੇ ਉੱਥੋਂ ਚਾਈਨਾ ਡੋਰ ਦੇ 9 ਰੋਲ ਬਰਾਮਦ ਕਰ ਕੇ ਮੌਕੇ 'ਤੇ ਦੁਕਾਨਦਾਰ ਨੂੰ ਕਾਬੂ ਕਰ ਕੇ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਥਾਣਾ ਸਿਟੀ ਸਾਊਥ ਦੇ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਸੁਮਨ ਕੁਮਾਰ ਸੈਨੇਟਰੀ ਇੰਸਪੈਕਟਰ ਨਗਰ ਨਿਗਮ ਮੋਗਾ ਵੱਲੋਂ ਪੁਲਸ ਨੂੰ ਦਿੱਤੇ ਬਿਆਨ ਵਿਚ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਾਇਨਾ ਡੋਰ ਦੀ ਵਿਕਰੀ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਈ ਹੋਈ ਹੈ, ਪਰ ਇਸ ਦੇ ਬਾਵਜੂਦ ਕੁਝ ਦੁਕਾਨਦਾਰ ਪੈਸੇ ਕਮਾਉਣ ਦੇ ਲਾਲਚ 'ਚ ਚੋਰੀ ਚਾਇਨਾ ਡੋਰ ਵੇਚ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਨਗਰ ਨਿਗਮ ਮੋਗਾ ਵੱਲੋਂ ਇੱਕ ਸਪੈਸ਼ਲ ਇਨਫੋਰਮੈਂਟ ਟੀਮ ਬਣਾਈ ਗਈ, ਜੋ ਕਿ ਪਤੰਗ ਅਤੇ ਡੋਰ ਵੇਚਣ ਵਾਲੀਆਂ ਦੁਕਾਨ ਦੀ ਚੈਕਿੰਗ ਕਰਦੀ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਖੁਫੀਆ ਪਤਾ ਲੱਗਾ ਕਿ ਲਖਵਿੰਦਰ ਸਿੰਘ ਉਰਫ ਲੱਖੀ ਪੁੱਤਰ ਬਲਵਿੰਦਰ ਸਿੰਘ ਵਾਸੀ ਗਲੀ ਨੰ. 17, ਵਾਰਡ ਨੰਬਰ 27 ਪ੍ਰੀਤ ਨਗਰ ਮੋਗਾ, ਜੋ ਕਿ ਆਪਣੀ ਕਰਿਆਨੇ ਦੀ ਦੁਕਾਨ ਵਿੱਚ ਚਾਇਨਾ ਡੋਰ ਦੀ ਵਿਕਰੀ ਕਰਦਾ ਹੈ, ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਦੀ ਦੁਕਾਨ ਜਾਂ ਘਰ ਵਿੱਚੋਂ ਚਾਈਨਾ ਡੋਰ ਬਰਾਮਦ ਹੋ ਸਕਦੀ ਹੈ। ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਦੀ ਮਦਦ ਨਾਲ ਲਖਵਿੰਦਰ ਸਿੰਘ ਦੀ ਦੁਕਾਨ 'ਤੇ ਜਦੋਂ ਛਾਪੇਮਾਰੀ ਕੀਤੀ ਤਾਂ ਉੱਥੋਂ ਚਾਈਨਾ ਡੋਰ ਦੇ 9 ਰੋਲ ਬਰਾਮਦ ਕੀਤੇ ਗਏ। ਪੁਲਸ ਵੱਲੋਂ ਬਰਾਮਦ ਕੀਤੀ ਚਾਈਨਾ ਡੋਰ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਦੁਕਾਨਦਾਰ ਲਖਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਸ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਧੂਮਧਾਮ ਨਾਲ ਮਨਾਇਆ ਲੋਹੜੀ ਤੇ ਮਕਰ ਸੰਕ੍ਰਾਂਤੀ ਦਾ ਤਿਉਹਾਰ



ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਦੇਸ਼ ਭਗਤ ਯੂਨੀਵਰਸਿਟੀ ਦੇ ਕੈਂਪਸ ਵਿੱਚ ਲੋਹੜੀ ਅਤੇ ਮਕਰ ਸੰਕ੍ਰਾਂਤੀ ਦੇ ਤਿਉਹਾਰ ਬੜੇ ਹੀ ਉਤਸ਼ਾਹ ਨਾਲ ਮਨਾਏ ਗਏ। ਭਾਰਤ ਵਿੱਚ ਤਿਉਹਾਰ ਸਿਰਫ਼ ਕੀਤੇ ਜਾਣ ਵਾਲੇ ਰੀਤੀ-ਰਿਵਾਜ ਹੀ ਨਹੀਂ ਹਨ, ਸਗੋਂ ਜਸ਼ਨ ਵਿੱਚ ਇਕੱਠੇ ਹੋਣ ਦੀ ਸਾਡੀ ਪ੍ਰੰਪਰਾ ਨਾਲ ਜੁੜੇ ਹੋਏ ਹਨ। ਲੋਹੜੀ ਦਾ ਤਿਉਹਾਰ ਸਰਦੀਆਂ ਦੇ ਅੰਤ ਨੂੰ ਦਰਸਾਉਂਦਾ ਹੈ, ਭਾਰਤ ਵਿੱਚ ਖਾਸ ਕਰਕੇ ਪੰਜਾਬ ਵਿੱਚ ਲੋਹੜੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਮਕਰ ਸੰਕ੍ਰਾਂਤੀ ਇੱਕ ਮਹੱਤਵਪੂਰਨ ਹਿੰਦੂ ਧਾਰਮਿਕ ਤਿਉਹਾਰ ਹੈ, ਜੋ ਸਾਰਿਆਂ ਦੁਆਰਾ ਬਹੁਤ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।

ਇਸ ਮੌਕੇ ਨਰਸਿੰਗ ਸਮੇਤ ਵੱਖ-ਵੱਖ ਫੈਕਲਟੀ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਜਸ਼ਨ ਵਿੱਚ ਭਾਗ ਲਿਆ। ਉਨ੍ਹਾਂ ਨੇ ਪੰਜਾਬੀ ਬੋਲੀਆਂ ਤੇ ਗਿੱਧਾ-ਭੰਗੜਾ ਪਾਉਂਦਿਆਂ 'ਸੁੰਦਰ ਮੁੰਦਰੀ' ਵਰਗੇ ਰਵਾਇਤੀ ਲੋਹੜੀ ਦੇ ਗੀਤ ਵੀ ਗਾਏ। ਇਸ ਮੌਕੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ, ਵਾਈਸ-ਚਾਂਸਲਰ ਡਾ. ਵਰਿੰਦਰ ਸਿੰਘ, ਡੀਬੀਯੂ ਦੇ ਮੀਤ ਪ੍ਰਧਾਨ ਡਾ. ਹਰਸ਼ ਸਦਾਵਰਤੀ ਅਤੇ ਸਾਬਕਾ ਵਾਈਸ-ਚਾਂਸਲਰ ਡਾ. ਸ਼ਾਲਿਨੀ ਗੁਪਤਾ ਹਾਜ਼ਰ ਸਨ।

ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਨੇ ਸਾਰਿਆਂ ਨੂੰ ਅਸ਼ੀਰਵਾਦ ਦਿੱਤਾ ਤੇ ਸਮੂਹ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕੁੜੀਆਂ ਦੀ ਲੋਹੜੀ ਦਾ ਜ਼ਿਕਰ ਕਰਦਿਆਂ ਲਿੰਗ ਦੇ ਆਧਾਰ ਤੇ ਭੇਦਭਾਵ ਨੂੰ ਦੂਰ ਕਾਰਨ 'ਤੇ ਜ਼ੋਰ ਦਿੱਤਾ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਦੱਸਿਆ ਕਿ ਮਕਰ ਦਾ ਅਰਥ ਹੈ ਮਕਰ ਤੇ ਸੰਕ੍ਰਾਂਤੀ ਦਾ ਅਰਥ ਹੈ ਪਰਿਵਰਤਨ, ਇਸ ਤਰ੍ਹਾਂ ਮਕਰ ਸੰਕ੍ਰਾਂਤੀ ਸੂਰਜ ਦੇ ਮਕਰ ਰਾਸ਼ੀ (ਇੱਕ ਰਾਸ਼ੀ) ਵਿੱਚ ਤਬਦੀਲੀ ਨੂੰ ਦਰਸਾਉਂਦੀ ਹੈ। ਦੇਸ਼ ਭਗਤ ਯੂਨੀਵਰਸਿਟੀ ਦੀ ਮਾਨਯੋਗ ਪ੍ਰੋ. ਚਾਂਸਲਰ, ਡਾ. ਤਜਿੰਦਰ ਕੌਰ ਨੇ ਲੋਹੜੀ ਦੇ ਮਹੱਤਵ ਬਾਰੇ ਸਾਰਿਆਂ ਨੂੰ ਜਾਣੂ ਕਰਾਇਆ ਅਤੇ ਵਿਦਿਆਰਥੀਆਂ ਨੂੰ ਇਸ ਪਵਿੱਤਰ ਅੱਗ ਦੇ ਨਿੱਘ ਦਾ ਆਨੰਦ ਲੈਣ ਤੇ ਆਪਣੇ ਸਾਰੇ ਡਰ ਅਤੇ ਨਕਾਰਾਤਮਕ ਰਵੱਈਏ ਨੂੰ ਸਾੜਨ ਦੀ ਸਲਾਹ ਦਿੱਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਵਰਿੰਦਰ ਸਿੰਘ ਨੇ ਵੀ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਹਰ ਪਲ ਭਗਤੀ ਨਾਲ ਭਰਪੂਰ ਜੀਵਨ ਹੀ ਇੱਕ ਤਿਉਹਾਰ ਹੁੰਦਾ : ਮਾਤਾ ਸੁਦੀਕਸ਼ਾ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)



"ਭਗਤੀ ਹਰ ਪਲ ਸਮਰਪਣ ਦੇ ਨਾਲ ਜੀਵਨ ਜਿਉਣ ਦਾ ਨਾਂਅ ਹੈ, ਜਿਸ ਵਿੱਚ ਜੀਵਨ ਦਾ ਹਰ ਪਲ ਇੱਕ ਤਿਉਹਾਰ ਵਰਗਾ ਬਣ ਜਾਂਦਾ ਹੈ।" ਉਪਰੋਕਤ ਪ੍ਰਵਚਨ ਸੰਤ ਨਿਰੰਕਾਰੀ ਅਧਿਆਤਮਕ ਸਥਾਨ ਸਮਾਲਖਾ (ਹਰਿਆਣਾ) ਵਿਖੇ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ 'ਭਗਤੀ ਪਰਵ ਸਮਾਗਮ' ਦੇ ਮੌਕੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਭਗਤੀ ਪਰਵ ਸਮਾਗਮ ਮੌਕੇ ਪਰਮ ਸੰਤ ਸੰਤੋਖ ਸਿੰਘ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਦੀ ਤਪੱਸਿਆ ਅਤੇ ਤਿਆਗ ਨੂੰ ਯਾਦ ਕੀਤਾ ਜਾਂਦਾ ਹੈ, ਜਿਨ੍ਹਾਂ ਨੇ ਬ੍ਰਹਮਗਿਆਨ ਦੇ ਇਲਾਹੀ ਪ੍ਰਕਾਸ਼ ਨੂੰ ਫੈਲਾਉਣ ਲਈ ਨਿਰੰਤਰ ਯਤਨ ਕੀਤੇ। ਪਟਿਆਲਾ ਜ਼ੋਨ ਦੇ ਜ਼ੋਨਲ ਇੰਚਾਰਜ ਰਾਧੇ ਸ਼ਾਮ ਨੇ ਕਿਹਾ ਕਿ ਸਤਿਗੁਰੂ ਮਾਤਾ ਜੀ ਨੇ ਭਗਤੀ ਦੀ ਪਰਿਭਾਸ਼ਾ ਨੂੰ ਸਾਰਥਕ ਢੰਗ ਨਾਲ ਬਿਆਨ ਕਰਦਿਆਂ ਕਿਹਾ ਕਿ ਭਗਤੀ ਦਾ ਅਰਥ ਸਾਦਾ ਜੀਵਨ ਬਤੀਤ ਕਰਨਾ ਹੈ, ਇਨ੍ਹਾਂ ਬਚਨਾਂ ਨੂੰ ਮੰਨ ਕੇ ਆਨੰਦ ਦੀ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਵਿੱਚ ਚਤਰ ਚਲਾਕੀਆਂ ਦੀ ਕੋਈ ਥਾਂ ਨਹੀਂ ਹੈ। ਜਦੋਂ ਅਸੀਂ ਨਿਰੰਕਾਰ ਨਾਲ ਜੁੜ ਜਾਂਦੇ ਹਾਂ ਤਾਂ ਸਾਡੇ ਸਾਰੇ ਭਰਮ ਖਤਮ ਹੋ ਜਾਂਦੇ ਹਨ। ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਭਗਤੀ ਖੁਦ ਦੀ ਯਾਤਰਾ ਹੈ, ਇਸ ਪਰਮਾਤਮਾ ਨਾਲ ਜੁੜਨ ਦਾ ਇੱਕ ਸਰਲ ਤਰੀਕਾ ਹੈ। ਅਜਿਹੀ ਭਗਤੀ ਹੀ ਜੀਵਨ ਨੂੰ ਸਾਰਥਕ ਬਣਾਉਂਦੀ ਹੈ ਅਤੇ ਦੁਨਿਆਵੀ ਦਿਖਾਵਿਆਂ ਤੋਂ ਮੁਕਤ ਕਰਦੀ ਹੈ। ਭਗਤੀ ਵਿੱਚ ਲੀਨ ਹੋ ਕੇ, ਇੱਕ ਸੰਤ ਆਪਣਾ ਜੀਵਨ ਸਾਦੇ ਢੰਗ ਨਾਲ ਬਤੀਤ ਕਰਦਾ ਹੈ ਅਤੇ ਸੰਸਾਰਕ ਚਮਕ ਉਸ ਨੂੰ ਪ੍ਰਭਾਵਿਤ ਨਹੀਂ ਕਰਦੀ। ਦੂਸਰਿਆਂ ਦੇ ਦੁੱਖਾਂ ਨੂੰ ਸਮਝ ਕੇ, ਉਹ ਉਨ੍ਹਾਂ ਪ੍ਰਤੀ ਸਨੇਹ ਦੀ ਭਾਵਨਾ ਹੀ ਅਪਣਾਉਂਦਾ ਹੈ। ਉਸ ਦਾ ਜੀਵਨ ਇੱਕ ਨਦੀ ਦੇ ਵਾਂਗ ਵਗਣ ਵਾਲੇ ਪਾਣੀ ਦੀ ਤਰ੍ਹਾਂ ਬਣ ਜਾਂਦਾ ਹੈ। ਭਗਤੀ ਪਰਵ ਦੇ ਮੌਕੇ ਨਿਰੰਕਾਰੀ ਰਾਜਪਿਤਾ ਨੇ ਸਤਿਗੁਰੂ ਮਾਤਾ ਜੀ ਤੋਂ ਪਹਿਲਾਂ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਦੇ ਹੋਏ ਫਰਮਾਇਆ ਕਿ ਸ਼ਰਧਾਲੂ ਦਾ ਜੀਵਨ ਉਦੋਂ ਹੀ ਸ਼ਰਧਾ ਨਾਲ ਭਰਪੂਰ ਹੁੰਦਾ ਹੈ ਜਦੋਂ ਉਸ ਦੇ ਆਚਰਣ ਅਤੇ ਵਿਵਹਾਰ ਵਿੱਚੋਂ ਪਿਆਰ ਦੀ ਖੁਸ਼ਬੂ ਆਵੇ। ਆਪਣੇ ਆਪ ਨੂੰ ਸਤਿਗੁਰੂ ਪ੍ਰਤੀ ਸਮਰਪਤ ਕਰਦੇ ਹੋਏ ਆਨੰਦ ਅਤੇ ਖੁਸ਼ੀਆਂ ਭਰਪੂਰ ਜੀਵਨ ਬਤੀਤ ਕਰਨਾ ਚਾਹੀਦਾ ਹੈ। ਆਪਣੇ ਕਰਮਾਂ ਦੇ ਪ੍ਰਭਾਵ ਦੁਆਰਾ ਦੂਜਿਆਂ ਲਈ ਪ੍ਰੇਰਨਾ ਦਾ ਸਰੋਤ ਬਣੀਏ। ਸਤਿਗੁਰੂ ਦੇ ਕਹੇ ਬਚਨਾਂ ਨੂੰ ਸਤਬਚਨ ਮੰਨ ਕੇ ਜੀਵਨ ਬਤੀਤ ਕਰਨਾ ਹੀ ਭਗਤੀ ਹੈ। ਹਰ ਪਲ ਕੇਵਲ ਸ਼ੁਕਰਾਨੇ ਦਾ ਭਾਵ ਪ੍ਰਗਟ ਕਰਨਾ ਹੀ ਸੱਚੇ ਭਗਤ ਦੀ ਅਵਸਥਾ ਹੈ। ਰਾਜਪਿਤਾ ਨੇ ਕਿਹਾ ਕਿ ਜਦੋਂ ਅਸੀਂ ਲਾਲਚ, ਮੋਹ, ਸਵਾਰਥ ਆਦਿ ਭਰਮਾਂ ਵਿੱਚ ਫਸ ਜਾਂਦੇ ਹਾਂ ਤਾਂ ਸਾਡੇ ਜੀਵਨ ਵਿੱਚੋਂ ਆਨੰਦ ਰੂਪੀ ਮਿਠਾਸ ਖਤਮ ਹੋ ਜਾਂਦੀ ਹੈ। ਸਾਡੇ ਜੀਵਨ ਵਿੱਚ ਸਤਿਗੁਰੂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ, ਉਹੀ ਇੱਕ ਸੱਚਾ ਮਾਰਗ ਦਰਸ਼ਕ ਅਤੇ ਪ੍ਰੇਰਕ ਹੁੰਦਾ ਹੈ ਜੋ ਸਾਨੂੰ ਆਪਣੇ ਸਕਾਰਾਤਮਕ ਪ੍ਰਭਾਵ ਨਾਲ ਕੀਮਤੀ ਬਣਾਉਂਦਾ ਹੈ, ਇਸ ਲਈ ਉਸ ਤੋਂ ਬਿਨਾਂ ਭਗਤੀ ਸੰਭਵ ਨਹੀਂ। ਅਜਿਹੀ ਅਵਸਥਾ ਹੀ ਭਗਤੀ ਵਾਲੀ ਹੁੰਦੀ ਹੈ ਅਤੇ ਸਾਡੇ ਜੀਵਨ ਦਾ ਅਧਾਰ ਵੀ ਇਹੀ ਹੈ। ਅੰਤ ਵਿੱਚ ਸਤਿਗੁਰੂ ਮਾਤਾ ਨੇ ਸਮੂਹ ਸੰਗਤਾਂ ਅਤੇ ਸੰਤਾਂ ਨੂੰ ਭਗਤੀ ਮਾਰਗ 'ਤੇ ਅੱਗੇ ਵਧਣ ਲਈ ਪ੍ਰੇਰਿਆ ਅਤੇ ਪੁਰਾਤਨ ਸੰਤਾਂ ਦੀ ਭਗਤੀ ਭਾਵਨਾ ਤੋਂ ਪ੍ਰੇਰਨਾ ਲੈ ਕੇ ਆਪਣਾ ਜੀਵਨ ਸਾਰਥਕ ਬਣਾਉਣ ਦਾ ਸੰਦੇਸ਼ ਦਿੱਤਾ।

## ਵਾਹਨਾਂ 'ਤੇ ਹਾਈ ਸਕਿਊਰਿਟੀ ਨੰਬਰ ਪਲੇਟਾਂ ਲਗਵਾਉਣੀਆਂ ਲਾਜ਼ਮੀ : ਕੇਵਲ ਸਿੰਘ



ਮੋਗਾ (ਅਮਰਜੀਤ ਬੱਬਰੀ)

ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਸੀਨੀਅਰ ਕਪਤਾਨ ਪੁਲਸ ਮੋਗਾ ਗੁਲਨੀਤ ਸਿੰਘ ਖੁਰਾਨਾ ਦੀ ਦੇਖ ਰੇਖ ਹੇਠ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਵੱਲੋਂ ਸੜਕ ਸੁਰੱਖਿਆ ਹਫ਼ਤਾ-2023 ਤਹਿਤ ਵੱਖ ਵੱਖ ਥਾਵਾਂ ਤੇ ਨਿੱਤ ਦਿਨ ਜਾਗਰੂਕਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ ਅਤੇ ਡਰਾਈਵਰਾਂ, ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਆਵਾਜਾਈ ਦੇ ਨਿਯਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਟ੍ਰੈਫਿਕ ਐਜੂਕੇਸ਼ਨ ਸੈੱਲ ਮੋਗਾ ਦੇ ਇੰਚਾਰਜ ਕੇਵਲ ਸਿੰਘ ਨੇ ਦੱਸਿਆ ਕਿ ਉਕਤ ਦੀ ਲਗਾਤਾਰਤਾ ਵਿੱਚ ਅੱਜ ਐਸ ਡੀ ਕਾਲਜ ਫਾਰ ਵੋਮੈਨ ਮੋਗਾ ਦੀਆਂ ਵਿਦਿਆਰਥਣਾਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਵਾਹਨਾਂ ਦੇ ਦਸਤਾਵੇਜ਼ ਪੂਰੇ ਰੱਖਣ, ਸਾਈਬਰ ਕਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਸੰਬੰਧੀ ਅਤੇ ਅਣਪਛਾਤੇ ਵਾਹਨ ਨਾਲ ਐਕਸੀਡੈਂਟ ਹੋਣ 'ਤੇ ਸਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਜਾਗਰੂਕ ਕੀਤਾ ਗਿਆ। ਉਨ੍ਹਾ ਦੱਸਿਆ ਕਿ ਵਾਹਨਾਂ ਉੱਪਰ ਹਾਈ ਸਕਿਊਰਿਟੀ ਨੰਬਰ ਪਲੇਟਾਂ ਲਗਵਾਉਣੀਆਂ ਲਾਜ਼ਮੀ ਹਨ। ਸਾਈਬਰ ਕ੍ਰਾਈਮ ਰਾਹੀਂ ਹੋ ਰਹੀਆਂ ਠੱਗੀਆਂ ਤੋਂ ਬਚਣ ਸੰਬੰਧੀ ਵਿਸਥਾਰਪੂਰਵਕ ਜਾਗਰੂਕ ਕਰਕੇ ਇਸ ਸੰਬੰਧੀ ਜਾਰੀ ਕੀਤੇ ਗਏ ਹੈਲਪ ਲਾਈਨ ਨੰਬਰ 1930 ਦੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਅਣਪਛਾਤੇ ਵਾਹਨ ਨਾਲ ਐਕਸੀਡੈਂਟ ਹੋਣ 'ਤੇ ਸਿਲੇਸ਼ੀਅਨ ਫੰਡ ਮੁਆਵਜ਼ਾ ਲੈਣ ਸੰਬੰਧੀ ਵੀ ਜਾਣਕਾਰੀ ਦਿੱਤੀ ਗਈ। ਉਨ੍ਹਾ ਕਿਹਾ ਕਿ ਕਿਸੇ ਤਰ੍ਹਾਂ ਦੀ ਸਮੱਸਿਆ ਸਮੇਂ ਲੋੜ ਪੈਣ 'ਤੇ 112 ਨੰਬਰ ਡਾਇਲ ਕਰਕੇ ਸਹਾਇਤਾ ਲਈ ਜਾ ਸਕਦੀ ਹੈ। ਇਸ ਮੌਕੇ ਪ੍ਰਿੰਸੀਪਲ ਮੈਡਮ ਡਾ. ਨੀਰਾ ਅਨੇਜਾ ,ਐਨ ਐਸ ਐਸ ਇੰਚਾਰਜ ਡਾ. ਬਲਜੀਤ ਕੌਰ, ਊਸ਼ਾ ਮਾਹਲ, ਡਾਕਟਰ ਕੰਚਨ, ਸੁਸ਼ਮਾ , ਰਮਨਪ੍ਰੀਤ ਕੌਰ, ਡਾ. ਪਲਵਿੰਦਰ ਕੌਰ, ਡਾ. ਸਾਕਸ਼ੀ ਸ਼ਰਮਾ ਆਦਿ ਅਧਿਆਪਕ ਹਾਜ਼ਰ ਸਨ।

18-JAN-PAGE-7.qxd 1/17/2023 10:01 PM Page 1



# ਕਿਸਾਨਾਂ ਵੱਲੋਂ 10 ਘੰਟੇ ਬਿਜਲੀ ਸਪਲਾਈ ਲੈਣ ਲਈ ਧਰਨਾ

## ਸੀਨੀਅਰ ਕਾਰਜਕਾਰੀ ਇੰਜੀਨੀਅਰ ਨੂੰ ਸੌਂਪਿਆ ਮੰਗ ਪੱਤਰ



ਧਰਨੇ 'ਤੇ ਬੈਠੇ ਕਿਸਾਨ ਆਗੂ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**

ਜ਼ਿਲ੍ਹਾ ਕਮੇਟੀ ਭਾਰਤੀ ਕਿਸਾਨ ਯੂਨੀਅਨ ਕਾਦੀਆ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਫਸਲਾਂ ਦੀ ਸਿੰਚਾਈ ਲਈ ਮੋਟਰਾਂ ਚਲਾਉਣ ਵਾਸਤੇ ਦਿਨ ਸਮੇਂ ਰੋਜ਼ਾਨਾ 10 ਘੰਟੇ ਬਿਜਲੀ ਸਪਲਾਈ ਲੈਣ ਲਈ ਧਰਨਾ ਦੇਣ ਉਪਰੰਤ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੀ ਐੱਸ ਪੀ ਸੀ ਐੱਲ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਹੱਡ ਭੰਨਵੀਂ ਮਿਹਨਤ ਕਰਕੇ ਸਾਰੇ ਦੇਸ਼ ਦੇ ਅੰਨ ਭੰਡਾਰ 'ਚ ਆਪਣਾ ਵਡਮੁੱਲਾ ਯੋਗਦਾਨ ਆਪਣੇ ਵੱਲੋਂ ਪੈਦਾ ਕੀਤੀਆਂ ਫਸਲਾਂ ਨਾਲ ਪਾਉਂਦੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਠੰਡ ਤੇ ਧੁੰਦ ਕਾਰਨ ਸਰਕਾਰੀ ਦਫਤਰਾਂ ਦਾ ਸਮਾਂ ਬਦਲਿਆ ਜਾ ਸਕਦਾ ਹੈ, ਸਕੂਲਾਂ ਤੇ ਕਾਲਜਾਂ ਨੂੰ ਛੁੱਟੀਆਂ ਕੀਤੀਆਂ ਜਾ ਸਕਦੀਆਂ ਹਨ, ਫਿਰ ਕਿਸਾਨਾਂ ਨਾਲ ਵਿਤਕਰਾ ਕਿਉਂ ਕੀਤਾ ਜਾਂਦਾ ਹੈ, ਇਸ ਕਰਕੇ ਕਿਸਾਨਾਂ ਨਾਲ ਵੀ ਹਮਦਰਦੀ ਵਿਖਾਈ ਜਾਵੇ। ਉਹਨਾਂ ਮੰਗ ਕੀਤੀ ਕਿ ਮੌਜੂਦਾ ਮੌਸਮ ਦੌਰਾਨ ਕੜਾਕੇ ਦੀ ਠੰਢ ਹੋਣ ਕਰਕੇ ਮਹਿਕਮਾ ਪਾਵਰਕਾਮ ਵੱਲੋਂ ਕਿਸਾਨਾਂ ਨੂੰ ਰਾਹਤ ਦਿੰਦੇ ਹੋਏ ਕਿਸਾਨਾਂ ਨੂੰ ਆਪਣੀਆਂ ਫਸਲਾਂ ਦੀ ਸਿੰਚਾਈ ਵਾਸਤੇ ਖੇਤੀ ਮੋਟਰਾਂ ਚਲਾਉਣ ਲਈ ਬਿਨਾਂ ਕਿਸੇ ਪਾਵਰ ਕੱਟ ਦੇ ਨਿਰਵਿਘਨ ਬਿਜਲੀ ਸਪਲਾਈ ਰੋਜ਼ਾਨਾ ਦਿਨ ਦੇ ਸਮੇਂ 10 ਘੰਟੇ ਦਿੱਤੀ ਜਾਵੇ ਤਾਂ ਕਿ ਕਿਸਾਨ ਆਪਣੀਆਂ ਫਸਲਾਂ ਦੀ ਸਿੰਚਾਈ ਦਿਨ ਸਮੇਂ ਵਧੀਆ ਢੰਗ ਨਾਲ ਘੱਟ ਪਾਣੀ ਦੀ ਵਰਤੋਂ ਕਰਕੇ ਕਰ ਸਕਣ। ਇਸ ਮੌਕੇ ਵੱਡੀ ਗਿਣਤੀ 'ਚ ਕਿਸਾਨ ਆਗੂ ਹਾਜ਼ਰ ਸਨ।

# ਦਿਨ-ਦਿਹਾੜੇ ਚੋਰ ਸਕੂਟਰੀ ਚੋਰੀ ਕਰਕੇ ਫਰਾਰ




ਚਿੱਟੇ ਰੰਗ ਦੀ ਸਕੂਟਰੀ ਚੁੱਕ ਕੇ ਲਿਜਾ ਰਹੇ ਚੋਰ ਦੀ ਫੁਟੇਜ।

**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**

ਦਿਨ-ਦਿਹਾੜੇ ਸਦਰ ਬਾਜ਼ਾਰ ਵਿੱਚੋਂ ਰੁਮਾਲ ਨਾਲ ਮੂੰਹ ਬੰਨ੍ਹੇ ਇੱਕ ਨਾਮਾਲੂਮ ਚੋਰ ਚਿੱਟੇ ਰੰਗ ਦੀ ਇਲੈਕਟਰੋਨਿਕਸ ਸਕੂਟਰੀ ਚੋਰੀ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਵੀਡੀਓ ਵਾਈਰਲ ਅਨੁਸਾਰ ਮੂੰਹ ਬੰਨ੍ਹਿਆ ਇੱਕ ਨੌਜਵਾਨ ਦੁਕਾਨ ਮੂਹਰੇ ਗੇੜਾ ਲਾਉਂਦਾ ਹੋਇਆ ਨੌਜਵਾਨ ਕੁਲਭੂਸ਼ਨ ਕੁਮਾਰ ਉਰਫ ਕਾਲਾ ਸੂਦ ਦੀ ਦੁਕਾਨ ਅੱਗਿਉਂ ਸਕੂਟਰੀ ਲੈ ਕੇ ਫਰਾਰ ਹੋਣ ਕਾਰਨ ਦੁਕਾਨਦਾਰਾਂ 'ਚ ਮੁੜ ਡਰ ਦਾ ਮਾਹੌਲ ਬਣ ਗਿਆ ਹੈ। ਚੋਰ ਗਲੀ ਨੰਬਰ 7 ਵਿੱਚੋਂ ਦੀ ਫਰਾਰ ਹੋ ਗਿਆ। ਦੁਕਾਨਦਾਰ ਨੂੰ ਜਦ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਤੁਰੰਤ ਪਿੱਛਾ ਵੀ ਕੀਤਾ ਪਰ ਪਤਾ ਨਾ ਲੱਗਣ 'ਤੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ,ਜਿਨ੍ਹਾਂ ਮੌਕੇ 'ਤੇ ਪਹੁੰਚ ਕੇ ਸੀਸੀਟੀਵੀ ਕੈਮਰੇ ਦੀ ਫੁਟੇਜ ਵਾਇਰਲ ਕੀਤੀ। ਇਥੇ ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਚਾਰ ਦਿਨਾਂ 'ਚ 2 ਮੋਟਰਸਾਈਕਲ ਵੀ ਚੋਰੀ ਹੋ ਗਏ ਜਿਨ੍ਹਾਂ ਨੂੰ ਪੁਲਸ ਲੱਭਣ 'ਚ ਨਾਕਾਮ ਰਹੀ ਹੈ ਅਤੇ ਵਪਾਰੀਆਂ 'ਚ ਡਰ ਦਾ ਮਾਹੌਲ ਬਣਿਆ ਹੋਇਆ ਹੈ।

# ਮਜ਼ਦੂਰ ਮੁਕਤੀ ਮੋਰਚਾ ਵੱਲੋਂ ਮਹਿਲਾਂ ਚੌਕੀ ਅੱਗੇ ਧਰਨਾ ਦੇਣ ਦਾ ਐਲਾਨ



**ਛਾਜਲੀ (ਜਸਵੀਰ ਲਾਡੀ)**

ਸੀ.ਪੀ.ਆਈ (ਐੱਮ.ਐੱਲ) ਲਿਬਰੇਸ਼ਨ ਪਾਰਟੀ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਜਥੇਬੰਦੀ ਦੇ ਆਗੂਆਂ ਨੇ ਇਕਾਈ ਪ੍ਰਧਾਨ ਨਾਥ ਸਿੰਘ ਛਾਜਲੀ ਦੀ ਅਗਵਾਈ ਹੇਠ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਮਜ਼ਦੂਰਾਂ ਨੂੰ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਸੀ.ਪੀ.ਆਈ (ਐੱਮ.ਐੱਲ) ਲਿਬਰੇਸ਼ਨ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਅਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮਜ਼ਦੂਰਾਂ ਵੱਲੋਂ ਸਮਾਜ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਚਾਨਣਾ ਪਾਉਂਦਿਆਂ ਆਪਣੀਆਂ ਮੰਗਾਂ ਸਬੰਧੀ ਜਾਣਕਾਰੀ ਦਿੱਤੀ।

ਪ੍ਰਧਾਨ ਕਾਮਰੇਡ ਗੋਬਿੰਦ ਸਿੰਘ ਛਾਜਲੀ ਨੇ ਪੰਜਾਬ ਸਰਕਾਰ 'ਤੇ ਤਨਜ਼ ਕੱਸਦਿਆਂ ਕਿਹਾ ਕਿ ਜਿੱਥੇ ਸੂਬੇ ਵਿੱਚ ਅਕਾਲੀ-ਕਾਂਗਰਸੀ ਰਾਜ ਹਾਸਲ ਕਰਕੇ ਮਜ਼ਦੂਰਾਂ ਦੀ ਅਵਾਜ ਦਬਾਉਣ ਦੀ ਕੋਸ਼ਿਸ਼ ਕਰਦੇ ਸੀ, ਉਸੇ ਤਰ੍ਹਾਂ ਪੰਜਾਬ 'ਚ ਸੱਤਾ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਉਨ੍ਹਾਂ ਤੋਂ ਮਾੜੀ ਸਾਬਤ ਹੋ ਰਹੀ ਹੈ, ਕਿਉਂਕਿ ਸਰਕਾਰ ਬਣੀ ਨੂੰ 10 ਮਹੀਨੇ ਦੇ ਕਰੀਬ ਹੋ ਚੁੱਕੇ ਹਨ। ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਮਜ਼ਦੂਰ ਆਗੂਆਂ ਨਾਲ ਮਜ਼ਦੂਰਾਂ ਦੀਆਂ ਸਮੱਸਿਆਵਾਂ 'ਤੇ ਇੱਕ ਮੀਟਿੰਗ ਤੱਕ ਕਰ ਰਿਹਾ, ਜਿਸ ਤੋਂ ਸਪੱਸ਼ਟ ਭਗਵੰਤ ਮਾਨ ਦਾ ਮਜ਼ਦੂਰ ਵਿਰੋਧੀ ਚਿਹਰਾ ਸਾਹਮਣੇ ਆਇਆ ਹੈ।

ਮੀਟਿੰਗ ਦੌਰਾਨ ਇੱਕ ਮਜ਼ਦੂਰ ਸਤਗੁਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਖਡਿਆਲ ਨੇ ਮਜ਼ਦੂਰ ਆਗੂਆਂ ਤੋਂ ਗੁਹਾਰ ਲਗਾਈ ਕਿ ਬੀਤੇ ਸਾਲ ਮੇਰਾ ਕੋਈ ਮੋਟਰਸਾਈਕਲ ਮੰਗ ਕੇ ਲੈ ਗਿਆ ਸੀ, ਉਹ ਵਾਪਸ ਮੋੜਨ ਲਈ ਤਿਆਰ ਨਹੀਂ। ਇਸ ਮਾਮਲੇ ਸਬੰਧੀ ਮੈਂ ਥਾਣਾ ਛਾਜਲੀ ਵਿਖੇ ਲਿਖਤੀ ਸ਼ਿਕਾਇਤ ਵੀ ਦਰਜ ਕਰਾਈ ਸੀ, ਜਿਸ ਦਾ ਨੰਬਰ 3025 ਲਾ ਕੇ ਮਹਿਲਾਂ ਚੌਂਕੀ ਨੂੰ ਮਾਰਕ ਕੀਤੀ ਗਈ ਸੀ, ਲਗਭਗ ਤਿੰਨ ਮਹੀਨੇ ਬੀਤ ਜਾਣ 'ਤੇ ਵੀ ਪੁਲਸ ਪ੍ਰਸ਼ਾਸਨ ਵੱਲੋਂ ਮੇਰੀ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਜਦੋਂ ਇਸ ਸੰਬੰਧੀ ਥਾਣਾ ਮੁਖੀ ਜੋ ਨਵੇਂ ਬਦਲ ਕੇ ਆਏ ਹਨ, ਉਨ੍ਹਾਂ ਨਾਲ ਕਾਮਰੇਡ ਗੋਬਿੰਦ ਸਿੰਘ ਛਾਜਲੀ ਫੋਨ 'ਤੇ ਗੱਲਬਾਤ ਕੀਤੀ ਤਾਂ ਉਨ੍ਹਾਂ ਦਾ ਰਵੱਈਆ ਮਾੜਾ ਸੀ। ਜਿਸ ਤੋਂ ਬਾਅਦ ਸਾਰੇ ਆਗੂਆਂ ਦੀ ਹਾਜ਼ਰੀ ਵਿੱਚ ਤੈਅ ਕੀਤਾ ਗਿਆ ਕਿ ਮਾਮਲੇ ਨੂੰ ਹੱਲ ਕਰਾਉਣ ਲਈ ਆਉਣ ਵਾਲੀ 23 ਜਨਵਰੀ ਨੂੰ ਮਹਿਲਾਂ ਚੌਂਕੀ ਅੱਗੇ ਧਰਨਾ ਲਾ ਕੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਮੀਟਿੰਗ 'ਚ ਹਾਜਰ ਨਿਰਮਲ ਸਿੰਘ, ਜੀਤ ਸਿੰਘ, ਸੰਘਾ ਸਿੰਘ ਛਾਜਲੀ, ਹਰਜੀਤ ਸਿੰਘ ਕੁਲਵੰਤ ਸਿੰਘ, ਗੁਰਜੰਟ ਸਿੰਘ ਜੰਟੀ, ਗਗਨਦੀਪ ਸਿੰਘ, ਸੱਤੀ ਸਿੰਘ ਤੋਂ ਇਲਾਵਾ ਪੀੜਤ ਪਰਵਾਰ ਹਾਜ਼ਰ ਸਨ।

## ਕਾਤਰਾਂ

### ਨਸ਼ੀਲੀਆਂ ਗੋਲੀਆਂ ਤੇ ਕੈਪਸੂਲਾਂ ਸਮੇਤ ਇੱਕ ਕਾਬੂ



**ਧਨੌਲਾ (ਕਰਮਜੀਤ ਸਿੰਘ ਸਾਗਰ)**-ਸੀਨੀਅਰ ਪੁਲਸ ਕਪਤਾਨ ਬਰਨਾਲਾ ਸੰਦੀਪ ਮਲਕ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਥਾਣਾ ਧਨੌਲਾ ਪੁਲਸ ਵੱਲੋਂ ਇੱਕ ਵਿਅਕਤੀ ਨੂੰ ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲਾਂ ਸਮੇਤ ਕਾਬੂ ਕਰਨ ਦਾ ਦਾਅਵਾ ਕੀਤਾ ਗਿਆ ਹੈ। ਐਸ ਐਚ ਓ ਧਨੌਲਾ ਲਖਵਿੰਦਰ ਸਿੰਘ ਨੇ ਦੱਸਿਆ ਕਿ ਮੁਖਬਰੀ ਦੇ ਅਧਾਰ 'ਤੇ ਥਾਣੇਦਾਰ ਬਲਵਿੰਦਰ ਸਿੰਘ ਨੇ ਨੇੜੇ ਪਸ਼ੂ ਮੰਡੀ ਧਨੌਲਾ ਵਿਖੇ ਇੱਕ ਵਿਅਕਤੀ ਦੀ ਤਲਾਸ਼ੀ ਲੈਣ 'ਤੇ 300 ਨਸ਼ੀਲੀਆਂ ਗੋਲੀਆਂ 150 ਕੈਪਸੂਲ ਬਰਾਮਦ ਕੀਤੇ ਗਏ ਜਿਸ ਦੀ ਪਛਾਣ ਪਲਵਿੰਦਰ ਸਿੰਘ ਪੁੱਤਰ ਜਗਦੀਪ ਸਿੰਘ ਨਾਮ ਨਾਲ ਹੋਈ। ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਰਿਮਾਂਡ ਲਿਆ ਗਿਆ ਤੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।

### ਪਿੰਡ ਕਾਹਨੇਕੇ 'ਚ ਲਾਇਆ ਜਾਗਰੂਕਤਾ ਕੈਂਪ

**ਬਰਨਾਲਾ (ਰਜਿੰਦਰ ਬਰਾੜ, ਰਾਕੇਸ਼ ਨੀਟਾ)**-ਸਖੀ-ਵੰਨ ਸਟਾਪ ਸੈਂਟਰ ਵੱਲੋਂ ਪਿੰਡ ਕਾਹਨੇਕੇ ਵਿਖੇ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਔਰਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸੈਂਟਰ ਪ੍ਰਬੰਧਕ ਜਯੋਤੀ ਵੰਸ਼ ਦੀ ਅਗਵਾਈ ਹੇਠ ਕਾਊਂਸਲਰ ਸੰਦੀਪ ਸ਼ਰਮਾ ਅਤੇ ਆਈ.ਟੀ ਸਟਾਫ ਨੀਲਮ ਰਾਣੀ ਨੇ ਦੱਸਿਆ ਕਿ ਸਖੀ ਵਨ ਸਟਾਪ ਸੈਂਟਰ ਵਿੱਚ ਇੱਕ ਹੀ ਛੱਤ ਹੇਠ ਪੀੜਤ ਔਰਤਾਂ, ਜੋ ਸਰੀਰਕ, ਮਾਨਸਿਕ, ਭਾਵਨਾਤਮਕ, ਘਰੇਲੂ ਤੇ ਹਿੰਸਾ ਸ਼ੋਸ਼ਣ ਦੀਆਂ ਸ਼ਿਕਾਰ ਹਨ, ਆਦਿ ਨੂੰ ਪੁਲਸ ਸਹਾਇਤਾ, ਡਾਕਟਰੀ ਸਹਾਇਤਾ, ਕਾਨੂੰਨੀ ਸਹਾਇਤਾ ਤੇ ਹੋਰ ਸੈਂਟਰ ਸੁਵਿਧਾਵਾਂ ਵੀ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਸੈਂਟਰ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਪੀੜਤ ਔਰਤਾਂ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ।

### ਪਤੰਗਬਾਜ਼ੀ ਲਈ ਪਲਾਸਟਿਕ ਡੋਰ ਦੀ ਵਰਤੋਂ 'ਤੇ ਪੂਰਨ ਪਾਬੰਦੀ ਹੋਵੇ : ਤਰਕਸ਼ੀਲ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਪਤੰਗਬਾਜ਼ੀ ਲਈ ਵਰਤੀ ਜਾਂਦੀ ਪਲਾਸਟਿਕ ਡੋਰ ਦੀ ਵਿਕਰੀ 'ਤੇ ਪਬੰਦੀ ਲਾਉਣ ਲਈ ਯਤਨਸ਼ੀਲ ਹੈ। ਪਰ ਇਸ ਦੀ ਵਰਤੋਂ ਅਜੇ ਵੀ ਕਾਫੀ ਮਾਤਰਾ ਵਿੱਚ ਹੋ ਰਹੀ ਹੈ। ਬੱਚਿਆਂ ਨੂੰ ਇਸ ਜਾਨਲੇਵਾ ਡੋਰ ਦੀ ਵਰਤੋਂ ਕਰਦਿਆਂ ਆਮ ਦੇਖਿਆ ਜਾ ਸਕਦਾ ਹੈ, ਜਿਸ ਨਾਲ ਬਹੁਤ ਸਾਰੇ ਪੰਛੀ ਤੇ ਵਿਅਕਤੀ ਅਜੇ ਵੀ ਜ਼ਖ਼ਮੀ ਹੋ ਰਹੇ ਹਨ। ਤਰਕਸ਼ੀਲ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰਪਾਲ, ਕ੍ਰਿਸ਼ਨ ਸਿੰਘ ਤੇ ਚਰਨ ਕਮਲ ਸਿੰਘ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਦੀ ਵਰਤੋਂ ਕਰਨ ਵਾਲਿਆਂ 'ਤੇ ਸਖ਼ਤ ਕਰਵਾਈ ਕੀਤੀ ਜਾਵੇ। ਇਸ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਈ ਅਨਾਊਂਸਮੈਂਟ ਕੀਤੀ ਜਾਵੇ ਤੇ ਪਤੰਗਬਾਜ਼ੀ ਕਰਦਿਆਂ ਤੇ ਛਾਪੇ ਮਾਰੇ ਜਾਣ ਤੇ ਇਸਦੀ ਸੂਚਨਾ ਲਈ ਮੋਬਾਈਲ ਨੰਬਰ ਜਾਰੀ ਕੀਤਾ ਜਾਵੇ ਤਾਂ ਜੁ ਪਲਾਸਟਿਕ ਡੋਰ ਦੀ ਵਰਤੋਂ ਹੁੰਦੀ ਦੇਖਦਿਆਂ ਫੌਰੀ ਜਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਂਦਾ ਸਕੇ। ਉਨ੍ਹਾਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਕਈ ਸਾਲਾਂ ਤੋਂ ਇਸ ਡੋਰ 'ਤੇ ਪਾਬੰਦੀ ਲਾਉਣ ਦੀ ਮੰਗ ਕਰਦੀ ਆ ਰਹੀ ਹੈ ਐਤਕੀਂ ਬੂਰ ਪੈਂਦਾ ਨਜ਼ਰ ਆ ਰਿਹਾ ਹੈ।

### ਸਹੀਦ ਭਗਤ ਸਿੰਘ ਸਰਕਾਰੀ ਕਾਲਜ ਨੂੰ ਜਾਰੀ ਕੀਤੀ ਵੱਡੀ ਰਕਮ

**ਕੋਟਕਪੂਰਾ (ਰਛਪਾਲ ਭੁੱਲਰ)**-ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਰਾਹੀਂ ਪ੍ਰਾਪਤ ਹੋਈ ਸੂਚਨਾ ਦੇ ਅਧਾਰ 'ਤੇ ਸਿੱਖਿਆ ਦੇ ਖੇਤਰ 'ਚ ਹੋਰ ਬਿਹਤਰੀ ਲਿਆਉਣ ਦੇ ਮਕਸਦ ਤਹਿਤ ਸ਼ਹੀਦ ਭਗਤ ਸਿੰਘ ਸਰਕਾਰੀ ਕਾਲਜ ਵਿਖੇ 500 ਸੀਟ ਵਾਲਾ ਮਲਟੀਪਰਪਜ਼ ਆਡੀਟੋਰੀਅਮ ਲਈ 2 ਕਰੋੜ 68 ਲੱਖ ਇਕਵੰਜਾ ਹਜ਼ਾਰ ਰੁਪਏ, 10 ਲੱਖ 98 ਹਜ਼ਾਰ ਰੁਪਏ ਬਾਥਰੂਮਾਂ ਲਈ, 10 ਲੱਖ 70 ਹਜ਼ਾਰ ਰੁਪਏ ਕਾਲਜ ਸਟੇਡੀਅਮ ਦੇ ਨਵੀਨੀਕਰਨ ਲਈ, 19 ਲੱਖ ਰੁਪਏ ਕਾਲਜ 'ਚ ਵਾਲੀਵਾਲ ਗਰਾਊਂਡ ਲਈ ਤੇ 2 ਲੱਖ 79 ਹਜ਼ਾਰ ਰੁਪਏ ਕਾਲਜ ਦੇ ਗੇਟਾਂ ਦੀ ਨਵ ਉਸਾਰੀ ਲਈ ਜਾਰੀ ਕੀਤੇ ਗਏ ਹਨ।

# ਹੁਣ ਪੈਸਿਆਂ ਕਰਕੇ ਇਲਾਜ ਨਾ ਮਿਲਣ ਕਾਰਨ ਹੋਣ ਵਾਲੀਆਂ ਮੌਤਾਂ 'ਤੇ ਲੱਗੇਗੀ ਬ੍ਰੇਕ : ਦਹੀਆ



**ਮਮਦੋਟ (ਜਸਬੀਰ ਸਿੰਘ ਕੰਬੋਜ, ਹਰਪਾਲ ਸੋਢੀ)**-ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਪਣਾ ਪਹਿਲਾ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਵਿੱਚ ਫਰਿਸ਼ਤੇ ਸਕੀਮ ਦਾ ਜ਼ਿਕਰ ਕੀਤਾ ਸੀ ਅਤੇ ਇਸ ਦੇ ਵਾਸਤੇ ਬਕਾਇਦਾ ਬਜਟ ਵਿੱਚ ਰੱਖਿਆ ਗਿਆ ਸੀ। ਜਿਸ ਦੇ ਤਹਿਤ ਹੁਣ ਪੰਜਾਬ 'ਚ ਫਰਿਸ਼ਤੇ ਸਕੀਮ ਲਾਗੂ ਹੋ ਗਈ ਹੈ। ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਏ ਹਲਕਾ ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ ਦੱਸਿਆ ਕਿ ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਪਾਰਟੀ ਵੱਲੋਂ ਕੀਤੀ ਗਈਆਂ ਗਰੰਟੀਆਂ ਲਗਾਤਾਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਵਿਧਾਇਕ ਰਜਨੀਸ਼ ਦਹੀਆ ਨੇ ਦੱਸਿਆ ਹੁਣ ਸੜਕ ਦੁਰਘਟਨਾਵਾਂ ਵਿੱਚ ਪੈਸਿਆਂ ਕਰਕੇ ਇਲਾਜ ਨਾ ਮਿਲਣ ਕਾਰਨ ਹੋਣ ਵਾਲੀਆਂ ਮੌਤਾਂ ਤੇ ਬ੍ਰੇਕਾਂ ਲੱਗ ਜਾਣਗੀਆਂ। ਮਹਿੰਗੇ ਇਲਾਜਾਂ ਤੋਂ ਦੁਖੀ ਲੋਕ ਅਕਸਰ ਹੀ ਸੜਕ ਹਾਦਸਿਆਂ ਵਿੱਚ ਅਪਣੇ ਪਰਵਾਰਕ ਜੀਆਂ ਨੂੰ ਖੋਹ ਦਿੰਦੇ ਸੀ। ਪਰ ਹੁਣ ਮੁੱਖ ਮੰਤਰੀ ਅਤੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸੋਚ ਅਤੇ ਮੁੱਖ ਮੰਤਰੀ ਭਗਵੰਤ ਮਾਨ ਜੀ ਦੀ ਅਗਵਾਈ ਸਦਕਾ ਪੰਜਾਬ ਵਿੱਚ ਲੋਕਾਂ ਨੂੰ ਆਪਣੇ ਪਰਵਾਰਕ ਜੀਆਂ ਨੂੰ ਖੋਹਣਾ ਨਹੀਂ ਪਵੇਗਾ।

ਵਿਧਾਇਕ ਦਹੀਆ ਨੇ ਦੱਸਿਆ ਕਿ ਹਾਦਸਿਆਂ ਵਿੱਚ ਜ਼ਖ਼ਮੀ ਮਰੀਜ਼ ਨੂੰ ਕਿਸੇ ਵੀ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਉਣ ਵਾਲੀ ਨੇਕ ਸ਼ਖਸੀਅਤ ਨੂੰ ਸਰਕਾਰ ਵਲੋਂ 2000 ਰੁਪਏ ਦੀ ਸਨਮਾਨ ਰਾਸ਼ੀ ਮਿਲੇਗੀ। ਇਲਾਜ ਦਾ ਸਾਰਾ ਖਰਚਾ ਚੁੱਕੇਗੀ ਆਮ ਲੋਕਾਂ ਦੀ ਸਰਕਾਰ। ਉਨ੍ਹਾਂ ਕਿਹਾ ਕਿ ਸੜਕਾਂ 'ਤੇ ਇਲਾਜ ਨੂੰ ਤਰਸਦੇ ਮਰੀਜ਼ਾਂ ਨੂੰ ਕੋਈ ਵੀ ਰਾਹਗੀਰ ਕਾਨੂੰਨੀ ਝਮੇਲਿਆਂ ਤੋਂ ਬਚਣ ਲਈ ਅਣਵੇਖਿਆ ਕਰਕੇ ਤੁਰ ਜਾਂਦਾ ਸੀ ਪਰ ਹੁਣ ਮਰੀਜ਼ ਨੂੰ ਦਾਖਲ ਕਰਵਾਉਣ ਵਾਲੀ ਨੇਕ ਸ਼ਖਸੀਅਤ ਨਾਲ ਕੋਈ ਪੁੱਛ ਪੜਤਾਲ ਨਹੀਂ ਹੋਵੇਗੀ। ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਦਹੀਆ ਵੱਲੋਂ ਇਨਸਾਨੀਅਤ ਦੀ ਸੇਵਾ ਕਰਦਿਆਂ ਪੰਜਾਬ ਵਿੱਚ ਫਰਿਸ਼ਤੇ ਸਕੀਮ ਲਾਗੂ ਕਰਨ 'ਤੇ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਧੰਨਵਾਦ ਵੀ ਕੀਤਾ ਹੈ।

# ਸਿੱਖਿਆ ਵਿਭਾਗ 'ਚ ਲੱਖਾਂ ਮੁਲਾਜ਼ਮਾਂ ਦੇ ਮਸਲੇ ਸਾਲਾਂ ਤੋਂ ਲਟਕ ਰਹੇ : ਡੀ ਟੀ ਐੱਫ਼




**ਸਮਰਾਲਾ (ਸੁਰਜੀਤ ਸਿੰਘ)**

ਪੰਜਾਬ ਦੇ ਪ੍ਰਾਇਮਰੀ ਤੇ ਸੈਕੰਡਰੀ ਅਧਿਆਪਕਾਂ ਤੇ ਹੋਰ ਕ੍ਰਮਚਾਰੀਆਂ ਦੇ ਵਿਭਾਗੀ ਮਾਮਲਿਆਂ ਨੂੰ ਨਜਿੱਠਣ ਲਈ ਜ਼ਿੰਮੇਵਾਰ ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਪ੍ਰਾਇਮਰੀ ਤੇ ਸੈਕੰਡਰੀ) ਦੀ ਢਿੱਲੀ ਕਾਰਗੁਜ਼ਾਰੀ ਕਾਰਨ ਕਈ ਤਰ੍ਹਾਂ ਦੇ ਜਾਂਚ-ਪੜਤਾਲ, ਤਰੱਕੀਆਂ ਅਤੇ ਮੈਡੀਕਲ ਅਦਾਇਗੀਆਂ ਦੇ ਮਸਲੇ ਕਈ-ਕਈ ਸਾਲ ਤੋਂ ਲਟਕਦੇ ਆ ਰਹੇ ਹਨ, ਜਿਸ ਕਾਰਨ ਸੰਬਧਤ ਅਧਿਆਪਕਾਂ ਨੂੰ ਗਹਿਰੀ ਮਾਨਸਿਕ ਪੀੜਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ ਅਤੇ ਸੂਬਾ ਸੰਯੁਕਤ ਸਕੱਤਰ ਰੁਪਿੰਦਰ ਪਾਲ ਗਿੱਲ ਨੇ ਦੱਸਿਆ ਕਿ ਡੀ.ਪੀ.ਆਈ. ਦਫਤਰ ਪ੍ਰਾਇਮਰੀ ਤੇ ਸੈਕੰਡਰੀ ਅੰਦਰ ਲੰਮੇ ਸਮੇਂ ਤੋਂ ਅਧਿਆਪਕਾਂ ਦੀਆਂ ਬਹੁਤ ਸਾਰੀਆਂ ਇਨਕੁਆਰੀਆਂ ਤੇ ਹੋਰ ਮਾਮਲੇ ਕਈ ਸਾਲਾਂ ਤੋਂ ਅਣਛੋਹੇ ਪਏ ਹਨ ਅਤੇ 'ਆਪ' ਸਰਕਾਰ ਵੱਲੋਂ ਲੋਕਾਂ ਨੂੰ ਚੰਗਾ ਪ੍ਰਸ਼ਾਸ਼ਨ ਦੇਣ ਦੇ ਦਾਅਵੇ ਦਾ ਮੂੰਹ ਚਿੜ੍ਹਾ ਰਹੇ ਹਨ। ਇਨ੍ਹਾਂ ਵਿੱਚ ਅਧਿਆਪਕਾਂ ਵੱਲੋਂ ਬਿਮਾਰੀ ਦੇ ਖਰਚੇ ਦਾ ਮੈਡੀਕਲ ਕਲੇਮ ਲੈਣ ਲਈ ਭੇਜੇ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਦੇ ਮਾਮਲਿਆਂ ਦਾ ਵੀ ਸ਼ਾਮਲ ਹੋਣਾ ਗੰਭੀਰ ਚਿੰਤਾ ਦੀ ਗੱਲ ਹੈ। ਡੀ.ਟੀ.ਐੱਫ. ਲੁਧਿਆਣਾ ਦੇ ਜ਼ਿਲ੍ਹਾ ਪ੍ਰਧਾਨ ਸੁਖਚਰਨਪ੍ਰੀਤ ਸਿੰਘ ਤੇ ਜ਼ਿਲ੍ਹਾ ਸਕੱਤਰ ਰਮਨਜੀਤ ਸੰਧੂ ਨੇ ਦੱਸਿਆ ਕਿ ਪੈਂਡਿੰਗ ਇਨਕੁਆਰੀਆਂ ਹੋਣ ਕਾਰਨ ਬਹੁਤ ਸਾਰੇ ਅਧਿਆਪਕਾਂ ਦੀਆਂ ਬਦਲੀ, ਪ੍ਰਮੋਸ਼ਨ, ਸੇਵਾਮੁਕਤੀ ਤੇ ਵਿਦੇਸ਼ੀ ਛੁੱਟੀ ਆਦਿ ਦੀ ਪ੍ਰਵਾਨਗੀ ਵੀ ਵਿਚਕਾਰ ਲਟਕ ਰਹੀ ਹੈ ਤੇ ਅਧਿਆਪਕਾਂ ਨੂੰ ਕਾਫੀ ਪ੍ਰੇਸ਼ਾਨੀ ਦੇ ਦੌਰ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ। ਅਧਿਆਪਕ ਆਗੂਆਂ ਨੇ ਮੰਗ ਕੀਤੀ ਹੈ ਡਾਇਰੈਕਟਰ ਸਿੱਖਿਆ ਵਿਭਾਗ (ਪ੍ਰਾਇਮਰੀ ਤੇ ਸੈਕੰਡਰੀ) ਵਿੱਚ ਅਧਿਕਾਰੀਆਂ ਤੇ ਕ੍ਰਮਚਾਰੀਆਂ ਦੀਆਂ ਸਾਰੀਆਂ ਖਾਲੀ ਅਸਾਮੀਆਂ ਫੌਰੀ ਭਰੀਆਂ ਜਾਣ ਅਤੇ ਅਧਿਆਪਕਾਂ ਦੇ ਸਾਰੇ ਪੈਂਡਿੰਗ ਕੇਸਾਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ, ਤਾਂ ਜੁ ਅਧਿਆਪਕਾਂ ਦੇ ਵਿਭਾਗੀ ਕੰਮਕਾਜ ਸਹੀ ਸਮੇਂ ਪੂਰੇ ਹੋ ਸਕਣ।

# ਟਰਾਈਡੈਂਟ ਕੰਪਨੀ ਵੱਲੋਂ ਕਰਵਾਇਆ ਜਾ ਰਿਹਾ ਮੁਫ਼ਤ ਕਿੱਤਾ-ਮੁਖੀ ਕੋਰਸ

**ਬਰਨਾਲਾ (ਰਜਿੰਦਰ ਬਰਾੜ, ਗੁਰਪ੍ਰੀਤ ਸਿੰਘ)**

ਟ੍ਰਾਈਡੈਂਟ ਇੰਡਸਟ੍ਰੀਜ ਲਿਮ: ਵੱਲੋਂ ਦੀਨ ਦਯਾਲ ਉਪਾਧਿਆਇ ਗ੍ਰਾਮੀਣ ਕੌਸ਼ਲ ਯੋਜਨਾ ਸਕੀਮ ਅਧੀਨ ਜ਼ਿਲ੍ਹਾ ਬਰਨਾਲਾ, ਸੰਗਰੂਰ, ਬਠਿੰਡਾ, ਮਾਨਸਾ ਤੇ ਫ਼ਾਜ਼ਿਲਕਾ ਦੇ ਬੇਰੁਜ਼ਗਾਰ ਨੌਜਵਾਨਾਂ ਲਈ ਮੁਫ਼ਤ ਕਿੱਤਾ ਮੁਖੀ ਕੋਰਸ ਕਰਾਏ ਜਾ ਰਹੇ ਹਨ।

ਪੰਜਾਬ ਸਕਿਲ ਡਿਵੈਲਪਮੈਂਟ ਮਿਸ਼ਨ ਦੇ ਮਿਸ਼ਨ ਮੈਨੇਜਰ, ਕਮਲਦੀਪ ਵਰਮਾ ਨੇ ਦੱਸਿਆ ਕਿ ਟਰਾਈਡੈਂਟ ਵਲੋਂ ਤਿੰਨ ਤੋਂ ਚਾਰ ਮਹੀਨੇ ਦੀ ਮੁਫ਼ਤ ਰਿਹਾਇਸ਼ੀ ਟ੍ਰੇਨਿੰਗ ਰਿੰਗ ਫਰੇਮ ਟੇਂਟਰ, ਸਿਉਇੰਗ ਮਸ਼ੀਨ ਆਪਰੇਟਰ ਅਤੇ ਚੈਕਰ/ਪੈਕਰ ਕੋਰਸਾਂ ਵਿੱਚ ਦਿੱਤੀ ਜਾ ਰਹੀ ਹੈ। ਹੁਣ ਤੱਕ ਸੈਂਕੜੇ ਹੀ ਨੌਜਵਾਨਾਂ ਨੇ ਇਸ ਸਕੀਮ ਦਾ ਲਾਭ ਉਠਾ ਕੇ ਨੌਕਰੀ ਪ੍ਰਾਪਤ ਕੀਤੀ ਹੈ ਅਤੇ ਆਪਣੇ ਤੇ ਆਪਣੇ ਪਰਵਾਰ ਦਾ ਜੀਵਨ ਪੱਧਰ ਉੱਚਾ ਚੁੱਕਿਆ ਹੈ। ਇਸ ਪ੍ਰੋਗਰਾਮ ਅਧੀਨ 18 ਤੋਂ 35 ਸਾਲ ਦੇ ਘੱਟੋ-ਘੱਟ 10ਵੀਂ ਪਾਸ ਮੁੰਡੇ ਅਤੇ ਕੁੜੀਆਂ ਟ੍ਰੇਨਿੰਗ ਪ੍ਰਾਪਤ ਕਰ ਸਕਦੇ ਹਨ। ਕੋਰਸ ਕਰਨ ਤੋਂ ਬਾਅਦ ਉਮੀਦਵਾਰਾਂ ਨੂੰ ਇੰਡਸਟਰੀ ਵੱਲੋਂ ਨੌਕਰੀ ਦੀ ਪੇਸ਼ਕਸ਼ ਕੀਤੀ ਜਾਵੇਗੀ। ਟ੍ਰੇਨਿੰਗ ਦੌਰਾਨ ਉਮੀਦਵਾਰਾਂ ਨੂੰ ਮੁਫਤ ਰਹਿਣਾ ਅਤੇ ਖਾਣਾ-ਪੀਣਾ ਵੀ ਦਿੱਤਾ ਜਾਵੇਗਾ। ਇਸ ਟ੍ਰੇਨਿੰਗ ਦਾ ਮੁੱਖ ਮੰਤਵ ਬੇਰੁਜ਼ਗਾਰ ਨੌਜਵਾਨਾਂ ਨੂੰ ਸਿਖਲਾਈ ਦੇ ਕੇ ਹੁਨਰਮੰਦ ਤੇ ਆਤਮ-ਨਿਰਭਰ ਬਨਾਉਣਾ ਹੈ।

# ਟ੍ਰੈਫਿਕ ਪੁਲਸ ਵੱਲੋਂ ਜਾਗਰੂਕਤਾ ਸੈਮੀਨਾਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਰਾਸ਼ਟਰੀ ਸੜਕ ਸੁਰੱਖਿਆ ਸਪਤਾਹ ਤਹਿਤ ਟ੍ਰੈਫਿਕ ਐਜੂਕੇਸ਼ਨ ਸੈੱਲ ਪਟਿਆਲਾ ਵੱਲੋਂ ਡੀ ਐੱਸ ਪੀ ਪਾਤੜਾਂ ਗੁਰਦੀਪ ਸਿੰਘ ਦਿਓਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਥਾਣਾ ਮੁਖੀ ਪਾਤੜਾਂ ਇੰਸਪੈਕਟਰ ਹਰਮਿੰਦਰ ਸਿੰਘ ਤੇ ਟ੍ਰੈਫਿਕ ਪੁਲਿਸ ਦੇ ਇੰਚਾਰਜ ਨਿਰਮਲ ਸਿੰਘ ਦੀ ਅਗਵਾਈ ਹੇਠ ਸਥਾਨਕ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ 'ਚ ਟਰੈਫਿਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਟਰੈਫਿਕ ਐਜੂਕੇਸ਼ਨ ਸੈੱਲ ਪਟਿਆਲਾ ਤੋਂ ਇੰਸਪੈਕਟਰ ਪੁਸ਼ਪਾ ਰਾਣੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਦੌਰਾਨ ਸੜਕ 'ਤੇ ਚੱਲਣ ਸਮੇਂ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸੁੰਹ ਵੀ ਚੁਕਾਈ ਗਈ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸੜਕ ਤੇ ਚੱਲਣ ਸਮੇਂ ਵਾਪਰਨ ਵਾਲੇ ਹਾਦਸੇ ਟ੍ਰੈਫਿਕ ਦੇ ਨਿਯਮਾਂ ਦੀ ਪਾਲਣਾ ਨਾ ਕਰਨ ਕਾਰਨ ਵਾਪਰਦੇ ਹਨ ਤੇ ਕਈ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ, ਜਿਨਾਂ ਨੂੰ ਰੋਕਣ ਲਈ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਹਨਾਂ ਅਪੀਲ ਕੀਤੀ ਕਿ ਡਰਾਈਵਿੰਗ ਕਰਦੇ ਸਮੇਂ ਹੈਲਮਟ ਦੀ ਵਰਤੋਂ ਕਰਨਾ, ਸੀਟ ਬੈਲਟ, ਮੋਬਾਈਲ ਦੀ ਵਰਤੋਂ ਨਾ ਕਰਨ, ਤੇਜ਼ ਰਫਤਾਰੀ, ਨਾਲ ਗੱਡੀ ਨਾ ਚਲਾਓ, ਨੀਂਦ ਆਉਣ 'ਤੇ ਗੱਡੀ ਰੋਕ ਕੇ ਅਰਾਮ ਕਰਨਾ, ਰਾਤ ਸਮੇਂ ਡਿੱਪਰ ਲਾਇਟਾਂ, ਕੋਹਰੇ ਤੇ ਰਾਤ ਸਮੇਂ ਗੱਡੀਆਂ ਪਿੱਛੇ ਰਿਫਲੈਕਟਰ ਲਾਉਣਾ ਜ਼ਰੂਰੀ ਹੈ। ਇਸ ਦੇ ਨਾਲ ਹੀ ਸ਼ਰਾਬ ਪੀ ਕੇ ਗੱਡੀ ਨਾ ਚਲਾਉਣ ਸੰਬੰਧੀ ਪ੍ਰੇਰਿਤ ਕੀਤਾ। ਉਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਸੜਕ ਤੇ ਹਾਦਸਾ ਹੋਣ 'ਤੇ ਤੁਰੰਤ 112 'ਤੇ ਫੋਨ ਕਰਕੇ ਜ਼ਖ਼ਮੀਆਂ ਦੀ ਮਦਦ ਕਰਨੀ ਚਾਹੀਦੀ ਹੈ ਨਾ ਕਿ ਵੀਡੀਓ ਬਣਾਉਣੀ। ਇਸ ਤੋਂ ਇਲਾਵਾ ਔਰਤਾਂ ਤੇ ਲੜਕੀਆਂ ਨਾਲ ਜਿਸਮਾਨੀ ਛੇੜਖਾਨੀ ਕਰਨ ਸੰਬੰਧੀ ਵੀ ਪੁਲਸ ਦੀ ਮਦਦ ਲਈ ਜਾ ਸਕਦੀ ਹੈ।

# ਸਾਫ਼ ਪਾਣੀ ਆਉਣ ਕਾਰਨ ਲੋਕਾਂ 'ਚ ਖੁਸ਼ੀ ਦੀ ਲਹਿਰ



**ਮਮਦੋਟ (ਹਰਪਾਲ ਸਿੰਘ ਸੋਢੀ)**-ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਘੋੜੇਚੱਕ ਦੀ ਅਗਵਾਈ ਵਿੱਚ ਸਮੇਂ-ਸਮੇਂ ਪ੍ਰਸ਼ਾਸਨ ਨੂੰ ਮੰਗ ਪੱਤਰ ਦਿੱਤੇ ਜਾ ਰਹੇ ਸਨ ਕਿ ਸਾਡੇ ਲੂਥੜ ਹੈੱਡ ਨੂੰ ਹੁਸੈਨੀ ਵਾਲਾ ਹੈੱਡ ਤੋਂ ਗੰਦਾ ਪਾਣੀ ਆਉਂਦਾ ਸੀ, ਜਿਸ ਪਾਣੀ ਨਾਲ ਸਾਡੇ ਕਿਸਾਨਾਂ ਮਜ਼ਦੂਰਾਂ ਤੇ ਫ਼ਸਲਾਂ ਨੂੰ ਭਿਆਨਕ ਬਿਮਾਰੀ ਲੱਗ ਰਹੀਆਂ ਸਨ। ਅਸੀਂ ਇਸ ਮੰਗ ਨੂੰ ਡੀ.ਸੀ. ਫ਼ਿਰੋਜ਼ਪੁਰ ਰਾਹੀਂ ਮੰਤਰੀ ਸਹਿਬਾਨਾਂ ਪਾਸ ਰੱਖਿਆ ਤੇ ਪੰਜਾਬ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੇ ਧਿਆਨ ਵਿੱਚ ਲਿਆਂਦਾ ਗਿਆ। ਉਨ੍ਹਾਂ ਵੱਲੋਂ ਇਸ ਮੁਸ਼ਕਲ ਨੂੰ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਅਤੇ ਮੰਗ ਕੀਤੀ ਕਿ ਬਾਲੇ ਵਾਲੇ ਹੈੱਡ ਤੋਂ ਲੂਥੜ ਹੈੱਡ ਨੂੰ ਸਾਫ਼ ਪਾਣੀ ਦਿੱਤਾ ਜਾਵੇ, ਕਿਉਂਕਿ ਜੋ ਗੰਦਾ ਪਾਣੀ ਆਉਣ ਨਾਲ ਫ਼ਸਲਾਂ ਦੇ ਨਾਲ ਨਾਲ ਆਮ ਜ਼ਿੰਦਗੀ ਵੀ ਪ੍ਰਭਾਵਤ ਹੋ ਰਹੀ ਸੀ। ਪਿਛਲੇ 3-4 ਦਿਨਾਂ ਤੋਂ ਪ੍ਰਸ਼ਾਸਨ ਵੱਲੋਂ ਕਾਰਵਾਈ ਕਰਦੇ ਹੋਏ ਬਾਲੇ ਵਾਲਾ ਹੈਡ ਤੋਂ ਲੂਥੜ ਹੈਡ ਨੂੰ ਸਾਫ਼ ਪਾਣੀ ਛੱਡਿਆ ਗਿਆ ਹੈ, ਜਿਸ ਨਾਲ ਇਲਾਕੇ ਦੇ ਕਿਸਾਨਾਂ ਤੇ ਜਥੇਬੰਦੀ ਵਿੱਚ ਖੁਸ਼ੀ ਦੀ ਲਹਿਰ ਹੈ। ਇਲਾਕੇ ਦੇ ਕਿਸਾਨਾਂ ਨੇ ਕਿਹਾ ਕਿ ਸਾਫ਼ ਪਾਣੀ ਛੱਡਣ ਨਾਲ ਫ਼ਸਲਾਂ ਲਈ ਕਾਫੀ ਜ਼ਿਆਦਾ ਫਾਇਦੇਮੰਦ ਰਹੇਗਾ, ਕਿਉਂ ਜੁ ਇਲਾਕੇ ਦੇ ਜ਼ਿਆਦਾਤਰ ਲੋਕ ਖੇਤੀਬਾੜੀ ਨਾਲ ਸਬੰਧਤ ਹਨ। ਇਸ ਨਾਲ ਮਮਦੋਟ ਏਰੀਆ, ਜਲਾਲਾਬਾਦ ਅਤੇ ਫਾਜ਼ਿਲਕਾ ਨੂੰ ਵੀ ਸਾਫ਼ ਪਾਣੀ ਮਿਲਿਆ ਹੈ। ਜਗਜੀਤ ਸਿੰਘ ਡੱਲੇਵਾਲ ਪੰਜਾਬ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੇ ਸੀ.ਐਮ. ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਬੀਰ ਸਿੰਘ ਸਾਬਕਾ ਸਰਪੰਚ, ਸਰਬਜੀਤ ਸਿੰਘ, ਨਿਸ਼ਾਨ ਸਿੰਘ, ਸ਼ਿੰਦਰਪਾਲ ਸਿੰਘ ਇਕਾਈ ਪ੍ਰਧਾਨ, ਰਜਿੰਦਰ ਸਿੰਘ, ਸੁਖਵਿੰਦਰ ਸਿੰਘ ਯੂਥ ਆਗੂ, ਪਿਸ਼ੌਰ ਸਿੰਘ ਜਨਰਲ ਸਕੱਤਰ, ਮਨਪ੍ਰੀਤ ਸਿੰਘ ਨੰਬਰਦਾਰ, ਮਨਪ੍ਰੀਤ ਸਿੰਘ ਯੂਥ ਆਗੂ, ਦਿਲਬਰ ਸਿੰਘ ਤੇ ਹੋਰ ਵੀ ਕਿਸਾਨ ਆਗੂ ਹਾਜ਼ਰ ਸਨ।

# ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਬਰਸੀ ਸਮਾਗਮ ਅੱਜ ਤੋਂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ)**

ਅਮਰ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੀ 89ਵੀਂ ਬਰਸੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨਗਰ ਪੰਚਾਇਤ ਤੇ ਸਮੂਹ ਪਿੰਡ ਵਾਸੀਆਂ ਵੱਲੋਂ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਵੱਖ ਵੱਖ ਰਾਜਨੀਤਕ, ਧਾਰਮਿਕ, ਕਿਸਾਨ ਜਥੇਬੰਦੀਆਂ ਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਸੇਵਾ ਸਿੰਘ ਠੀਕਰੀਵਾਲਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਕਮੇਟੀ ਪ੍ਰਧਾਨ ਜਗਸੀਰ ਸਿੰਘ ਔਲਖ ਨੇ ਦੱਸਿਆ ਕਿ 18 ਜਨਵਰੀ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। 19 ਜਨਵਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਵਿਧਾਇਕ ਕੁਲਵੰਤ ਸਿੰਘ ਪੰਡੋਰੀ, ਲਾਭ ਸਿੰਘ ਉਗੋਕੇ, ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਬਾਠ, ਕੈਪਟਨ ਅਮਰਜੀਤ ਸਿੰਘ ਜੇਜੀ ਤੇ ਬੀਬੀ ਅਰਸੀ ਨਾਗਰਾ ਹਾਜ਼ਰੀ ਭਰਨਗੇ। 20 ਜਨਵਰੀ ਨੂੰ ਸ਼੍ਰੋਅਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ, ਵਾਰਿਸ ਪੰਜਾਬ ਦੇ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ, ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ, ਕੁਲਵੰਤ ਸਿੰਘ ਕੀਤੂ, ਸਤਨਾਮ ਸਿੰਘ ਰਾਹੀ, ਪਰਮਜੀਤ ਸਿੰਘ ਖਾਲਸਾ, ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ, ਸੁਖਪਾਲ ਸਿੰਘ ਖਹਿਰਾ, ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਕਾਲਾ ਢਿੱਲੋਂ, ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਦਰਸ਼ਨ ਸਿੰਘ ਮੰਡੇਰ, ਕਿਸਾਨ ਜਥੇਬੰਦੀਆਂ ਵੱਲੋਂ ਹਰਮੀਤ ਸਿੰਘ ਕਾਦੀਆਂ, ਜਗਸੀਰ ਸਿੰਘ ਸੀਰਾ ਛੀਨੀਵਾਲ, ਡਾ. ਦਰਸ਼ਨਪਾਲ ਸਿੰਘ, ਪਵਿੱਤਰ ਸਿੰਘ ਲਾਲੀ, ਬੂਟਾ ਸਿੰਘ ਬੁਰਜ ਗਿੱਲ, ਦਰਸ਼ਨ ਸਿੰਘ ਉਗੋਕੇ, ਮੰਗਤ ਰਾਮ ਪਾਸਲਾ ਸਮੇਤ ਹੋਰ ਆਗੂ ਵੀ ਵਿਚਾਰ ਸਾਂਝੇ ਕਰਨਗੇ। ਇਸ ਮੌਕੇ ਰਾਗੀ ਸਿੰਘ ਤੇ ਕਵੀਸ਼ਰੀ ਜਥੇ ਅਮਰ ਸ਼ਹੀਦ ਸੇਵਾ ਸਿੰਘ ਜੀ ਦਾ ਸ਼ਾਨਾਮੱਤਾ ਇਤਿਹਾਸ ਸਰਵਣ ਕਰਾਉਣਗੇ। 21 ਜਨਵਰੀ ਨੂੰ ਪੰਜ ਪਿਆਰਿਆਂ ਵੱਲੋਂ ਅੰਮ੍ਰਿਤ ਸੰਚਾਰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਬਰਸੀ ਸਮਾਗਮ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ।

# ਲੜਕੀਆਂ ਨੂੰ ਲੜਕਿਆਂ ਵਾਂਗ ਸਤਿਕਾਰ ਦਿਓ : ਐੱਸ ਐੱਮ ਓ

## ਨਵ-ਜਨਮੀਆਂ ਲੜਕੀਆਂ ਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੂੰ ਕੀਤਾ ਸਨਮਾਨਤ



ਨਵ-ਜਨਮੀਆਂ ਲੜਕੀਆਂ ਨੂੰ ਸਨਮਾਨਤ ਕਰਨ ਦਾ ਦ੍ਰਿਸ਼।

**ਮਮਦੋਟ (ਜਸਬੀਰ ਸਿੰਘ ਕੰਬੋਜ)**

ਲੜਕੀਆਂ ਬਿਨਾਂ ਸਮਾਜ ਅਧੂਰਾ ਹੈ ਤੇ ਲੜਕੀਆਂ ਦੀ ਕਾਬਲੀਅਤ ਨੂੰ ਕਿਸੇ ਵੀ ਢੰਗ ਨਾਲ ਦਬਾਇਆ ਨਹੀਂ ਜਾ ਸਕਦਾ ਹੈ ਅਤੇ ਦੇਸ਼ ਦਾ ਨਾਮ ਰੋਸ਼ਨ ਕਰਨ ਵਾਲੀਆਂ ਲੜਕੀਆਂ 'ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ। ਇਹ ਵਿਚਾਰ ਡਾ: ਰਵਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਮਮਦੋਟ ਨੇ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਵਿਖੇ ਕਰਵਾਏ ਨਵ-ਜਨਮੀਆਂ ਲੜਕੀਆਂ ਦੇ ਲੋਹੜੀ ਸਮਾਰੋਹ ਦੌਰਾਨ ਆਏ ਮਾਪਿਆਂ ਤੇ ਸਟਾਫ ਨਾਲ ਸਾਂਝੇ ਕੀਤੇ।

ਉਨ੍ਹਾ ਕਿਹਾ ਕਿ ਜਿੱਥੇ ਲੜਕੀਆਂ ਨੇ ਪੜ੍ਹਾਈ ਦੇ ਨਾਲ ਨਾਲ ਹਰ ਖੇਤਰ ਵਿੱਚ ਪਿਛਲੇ ਕਈ ਸਾਲਾਂ ਤੋਂ ਆਪਣਾ ਰਿਕਾਰਡ ਕਾਇਮ ਕੀਤਾ ਹੋਇਆ ਹੈ, ਉਥੇ ਹਰੇਕ ਖੇਤਰ ਵਿੱਚ ਲੜਕਿਆਂ ਦੇ ਬਰਾਬਰ ਲੜਕੀਆਂ ਖੜੀਆਂ ਹੀ ਨਹੀਂ, ਬਲਕਿ ਦੋ ਕਦਮ ਅੱਗੇ ਹੀ ਵਧੀਆਂ ਹਨ, ਪ੍ਰੰਤੂ ਬਾਵਜੂਦ ਇਸ ਦੇ ਸਮਾਜ ਦੀ ਕੁੜੀਆਂ ਪ੍ਰਤੀ ਸੋਚ ਕਾਰਨ ਅਜੋਕੇ ਸਮੇਂ ਵਿੱਚ ਹਾਲੇ ਵੀ ਕਾਫੀ ਹੱਦ ਤੱਕ ਲੜਕੀਆਂ ਨਾਲ ਵਿਤਕਰਾ ਹੋਣਾ ਬੰਦ ਨਹੀਂ ਹੋਇਆ ਹੈ। ਸੀ.ਐੱਚ.ਸੀ. ਮਮਦੋਟ ਵਿਖੇ ਕਰਵਾਏ ਨਵਜਾਤ ਲੜਕੀਆਂ ਦੇ ਲੋਹੜੀ ਸਮਾਰੋਹ ਵਿੱਚ ਆਏ ਮਾਪਿਆਂ ਤੇ ਆਮ ਲੋਕਾਂ ਨੂੰ ਲੜਕੀਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਦਾ ਅਹਿਦ ਕਰਵਾਇਆ ਗਿਆ। ਡਾ: ਰਵਜੀਤ ਸਿੰਘ ਨੇ ਕਿਹਾ ਕਿ ਸਿਰਫ ਲੜਕੀਆਂ ਨਾਲ ਹੁੰਦਾ ਵਿਤਕਰਾ ਹੀ ਖਤਮ ਨਹੀਂ ਹੋਣਾ ਚਾਹੀਦਾ, ਬਲਕਿ ਲੜਕੀਆਂ ਨੂੰ ਲੜਕਿਆਂ ਵਾਂਗ ਸਮਝਣਾ ਚਾਹੀਦਾ ਹੈ, ਕਿਉਂਕਿ ਲੜਕੀਆਂ ਸਦਕਾ ਹੀ ਕਿਸੇ ਪਰਿਵਾਰ ਦੀ ਕੁੱਲ ਅੱਗੇ ਵਧਦੀ ਹੈ। ਐੱਸ.ਐੱਮ.ਓ. ਨੇ ਕਿਹਾ ਕਿ ਮਾਣਯੋਗ ਅਦਾਲਤਾਂ ਵੱਲੋਂ ਲੜਕੀਆਂ ਦੇ ਹੱਕ ਵਿੱਚ ਕਈ ਕਾਨੂੰਨ ਬਣਾ ਕੇ ਲੜਕੀਆਂ ਨੂੰ ਬਰਾਬਰਤਾ ਦੇ ਅਧਿਕਾਰ ਦਿੱਤੇ ਗਏ ਹਨ, ਪ੍ਰੰਤੂ ਸਮਾਜ ਵਿੱਚ ਅਜੇ ਵੀ ਕਈ ਲੋਕ ਆਪਣਾ ਵੰਸ਼ ਲੜਕੀ ਦੀ ਬਜਾਏ ਲੜਕੇ ਨੂੰ ਸਮਝਦੇ ਹਨ, ਜੋ ਲੜਕੀਆਂ ਦੇ ਅਧਿਕਾਰਾਂ ਨਾਲ ਖਿਲਵਾੜ ਹੈ।

ਉਨ੍ਹਾ ਕਿਹਾ ਕਿ ਜੇਕਰ ਘਰ ਦੀ ਉੱਨਤੀ, ਖੁਸ਼ਹਾਲੀ ਲਈ ਲੜਕਾ ਯੋਗਦਾਨ ਪਾ ਸਕਦਾ ਹੈ ਤਾਂ ਲੜਕੀ ਵੀ ਲੜਕੇ ਵਾਂਗ ਆਪਣੇ ਮਾਪਿਆਂ ਦੀ ਦੇਖ-ਭਾਲ ਕਰਨ ਦੇ ਨਾਲ-ਨਾਲ ਬਿਨਾਂ ਕਿਸੇ ਲਾਲਚ ਦੇ ਆਪਣੇ ਮਾਪਿਆਂ ਦੀ ਸੇਵਾ ਕਰਦੀ ਹੈ, ਜਿਸ ਦੀ ਪਿਛਲੇ ਕੁਝ ਸਾਲਾਂ ਦੌਰਾਨ ਸਾਹਮਣੇ ਆਏ ਤੱਥ ਗਵਾਹੀ ਭਰਦੇ ਹਨ।

ਸੀ.ਐੱਸ.ਸੀ. ਮਮਦੋਟ ਵਿਖੇ ਲੜਕੀਆਂ ਦੇ ਮਨਾਏ ਲੋਹੜੀ ਸਮਾਰੋਹ ਵਿੱਚ ਸ਼ਿਰਕਤ ਕਰਨ ਪਹੁੰਚੇ ਡਾ. ਰਵਜੀਤ ਸਿੰਘ ਐੱਸ ਐੱਮ ਓ, ਡਾ. ਜਸਪ੍ਰੀਤ, ਡਾ. ਪੱਲਵੀ, ਅੰਕੁਸ਼ ਭੰਡਾਰੀ ਬੀ ਈ ਈ, ਮੈਡਮ ਆਸ਼ੂ, ਮੈਡਮ ਗੁਰਵਿੰਦਰ, ਮੈਡਮ ਜਿੰਨੀ, ਮੈਡਮ ਨੇਹਾ, ਮੈਡਮ ਸ਼ਰਨਜੀਤ ਨੇ ਨਵ-ਜਨਮੀਆਂ ਬੱਚੀਆਂ ਨੂੰ ਸਨਮਾਨਤ ਕਰਦਿਆਂ ਧੀਆਂ ਦੇ ਮਾਪਿਆਂ ਨੂੰ ਵਡਭਾਗੇ ਕਰਾਰ ਦਿੱਤਾ। ਇਸ ਮੌਕੇ ਮੈਡਮ ਸੀਮਾ, ਮੈਡਮ ਰਿੰਪਲ ਏ ਐੱਨ ਐਮਜ਼ ਤੇ ਵੱਡੀ ਗਿਣਤੀ ਇਲਾਕਾ ਨਿਵਾਸੀਆਂ ਸਮੇਤ ਸਿਹਤ ਵਿਭਾਗ ਦਾ ਸਟਾਫ ਹਾਜ਼ਰ ਸੀ।

# ਕਾਸਤੀ ਦੇਵੀ ਦੀ ਇੱਛਾ ਅਨੁਸਾਰ ਪਰਵਾਰਕ ਮੈਂਬਰਾਂ ਨੇ ਕੀਤੀਆਂ ਅੱਖਾਂ ਦਾਨ



**ਫ਼ਤਿਹਗੜ੍ਹ ਪੰਜਤੂਰ (ਭੁੱਲਰ)**

ਮੌਤ ਉਪਰੰਤ ਅੱਖਾਂ ਮਿੱਟੀ ਹੋ ਜਾਂਦੀਆਂ ਹਨ, ਜਦੋਂਕਿ ਇਹ ਅੱਖਾਂ ਕਿਸੇ ਲੋੜਵੰਦ ਵਿਅਕਤੀ ਨੂੰ ਦਾਨ ਕਰ ਦਿੱਤੀਆਂ ਜਾਣ ਤਾਂ ਉਹ ਇਸ ਦੁਨੀਆ ਦੇ ਰੰਗ ਤਮਾਸ਼ੇ ਵੇਖ ਸਕਦਾ ਹੈ।

ਇਸੇ ਤਰ੍ਹਾਂ ਕਾਸ਼ਤੀ ਦੇਵੀ ਪਤਨੀ ਰਾਮ ਸਰੂਪ ਪਰੋਹਿਤ ਵਾਸੀ ਜੀਰਾ ਵੱਲੋਂ ਆਪਣੀ ਮੌਤ ਤੋਂ ਪਹਿਲਾਂ ਜ਼ਾਹਰ ਕੀਤੀ ਗਈ ਇੱਛਾ ਦੇ ਅਨੁਸਾਰ ਉਸ ਦੇ ਦਿਹਾਂਤ ਤੋਂ ਬਾਅਦ ਉਸ ਦੇ ਪਰਵਾਰਕ ਮੈਂਬਰਾਂ ਬੇਟੇ ਰਾਕੇਸ਼ ਸ਼ਰਮਾ, ਨਰੇਸ਼ ਸ਼ਰਮਾ ਤੇ ਨਰਿੰਦਰ ਸਰਮਾ ਨੇ ਸੇਵਾ ਭਾਰਤੀ ਜੀਰਾ ਅਤੇ ਜੈਨ ਸਮਾਜ ਜੀਰਾ ਦੇ ਸਹਿਯੋਗ ਨਾਲ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਤੋਂ ਆਈ ਡਾਕਟਰਾਂ ਦੀ ਟੀਮ ਨੂੰ ਸੌਂਪ ਦਿੱਤੀਆਂ।

ਇਸ ਮੌਕੇ ਰਿਸ਼ੂ ਸ਼ਰਮਾ, ਸ਼ਿਵ ਸ਼ਰਮਾ ਤੋਂ ਇਲਾਵਾ ਸੇਵਾ ਭਾਰਤੀ ਜੀਰਾ ਦੇ ਪ੍ਰਧਾਨ ਵੀਰ ਸਿੰਘ ਚਾਵਲਾ, ਐਡਵੋਕੇਟ ਰੋਹਿਤ ਜੈਨ, ਪ੍ਰੀਤਮ ਸਿੰਘ ਮੀਤ ਪ੍ਰਧਾਨ, ਤਰੁਨ ਜੈਨ, ਰਮੇਸ਼ ਚੰਦਰ, ਜਨਿੰਦਰ ਜੈਨ, ਮਧੂ ਮਿੱਤਲ, ਪਰਦੀਪ ਜੈਨ, ਨਰੇਸ਼ ਕੁਮਾਰ ਜੈਨ ਤੇ ਰਜਿੰਦਰ ਬੰਸੀਵਾਲ ਆਦਿ ਹਾਜ਼ਰ ਸਨ।

# ਮਾਘੀ ਮੇਲੇ 'ਚ 'ਧੰਨ ਲੇਖਾਰੀ ਨਾਨਕਾ' ਨਾਟਕ ਚਾਨਣ ਬਣ ਬਿਖਰਿਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**



ਮਾਘੀ ਮੇਲੇ ਵਿੱਚ ਲੋਕ ਨਾਟਕ ਮੇਲੇ ਵਿੱਚ ਪੇਸ ਪ੍ਰੋਗਰਾਮ ਦੀਆਂ ਝਲਕਾਂ।

ਮਾਘੀ ਮੇਲੇ 'ਚ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਕਰਵਾਏ ਗਏ ਲੋਕ ਨਾਟ ਮੇਲੇ ਵਿੱਚ ਦੂਸਰੇ ਦਿਨ ਪ੍ਰਸਿੱਧ ਅਦਾਕਾਰ, ਨਾਟਕਕਾਰ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਦਾ ਨਾਟਕ 'ਧੰਨ ਲੇਖਾਰੀ ਨਾਨਕਾ' ਚਾਨਣ ਬਣ ਬਿਖਰਿਆ। ਸਮਾਜ ਵਿੱਚ ਦਰਪੇਸ਼ ਚੁਣੌਤੀਆਂ ਨੂੰ ਕਲਾ ਦੇ ਉੱਚੇ ਮਿਆਰ ਨਾਲ ਲੋਕਾਂ ਸਾਹਵੇਂ ਪੇਸ਼ ਕੀਤਾ ਗਿਆ। ਬਾਬੇ ਨਾਨਕ ਦੇ ਫਲਸਫੇ ਦੀ ਗੱਲ ਕਰਦਿਆਂ ਨਾਟਕਕਾਰ ਨੇ ਸੱਚ ਬੋਲਦੇ ਵਿਦਿਆਰਥੀਆਂ ਤੇ ਜੇਲ੍ਹਾਂ ਵਿੱਚ ਡੱਕੇ ਬੁੱਧੀਜੀਵੀਆਂ ਦਾ ਮੁੱਦਾ ਉਠਾਇਆ। ਨਾਟਕ ਦੀ ਬੁਣਤ ਵਿੱਚ ਏਨੇ ਲੋਕ ਮੁੱਦੇ ਸਮੋਏ ਹੋਏ ਸਨ, ਜਿਹੜੇ ਦਰਸ਼ਕਾਂ ਦਾ ਮਨ ਮਸਤਕ ਰੌਸ਼ਨ ਕਰ ਗਏ। ਜਲ੍ਹਿਆਂਵਾਲਾ ਬਾਗ, ਦਿੱਲੀ ਦੰਗੇ, ਕੋਵਿਡ ਤੇ ਰਾਜ ਨੇਤਾਵਾਂ ਦੀ ਬਦਨੀਤੀ ਦੇ ਨਾਟਕ ਦੀ ਮਾਲਾ ਦੇ ਮਣਕੇ ਬਣੇ। ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਜਗਸੀਰ ਜੀਦਾ ਦੀ ਅਗਵਾਈ ਵਿੱਚ ਲੋਕ ਪੱਖੀ ਬੋਲੀਆਂ ਨਾਲ ਹਾਜ਼ਰੀ ਲਗਵਾਈ। ਉਨਾਂ ਭਗਤ, ਸਰਾਭਿਆਂ ਤੇ ਦੁੱਲੇ ਭੱਟੀ ਵਾਲੇ ਪੰਜਾਬ ਦੇ ਜੁਝਾਰੂ ਵਿਰਸੇ ਨੂੰ ਗੀਤਾਂ ਵਿੱਚ ਪਰੋਇਆ। ਪੰਡਾਲ ਵਿੱਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਸੂਬਾਈ ਆਗੂ ਰਾਜਿੰਦਰ ਭਦੌੜ ਨੇ ਆਖਿਆ ਕਿ ਵਿਗਿਆਨਕ ਚੇਤਨਾ ਵਕਤ ਦੀ ਲੋੜ ਹੈ। ਸੁਖਦੇਵ ਮਲੂਕ ਨੇ ਮੇਲੇ ਵਿੱਚ ਜਾਦੂ ਕਲਾ ਦੀ ਭਾਵਪੂਰਤ ਪੇਸ਼ਕਾਰੀ ਕੀਤੀ।

ਮੇਲੇ ਵਿੱਚ ਆਏ ਲੋਕਾਂ ਪੁਸਤਕਾਂ ਖਰੀਦਣ ਵੱਲ ਵੀ ਅਹੁਲਦੇ ਰਹੇ। ਮੰਚ ਤੋਂ ਗੁਰਪ੍ਰੀਤ ਸਹਿਣਾ, ਚੰਨਣ ਵਾਂਦਰ, ਕੇ ਸੀ ਰੁਪਾਣਾ, ਜਗਸੀਰ ਜੀਦਾ, ਸੁਰਿੰਦਰ ਗੰਜੂਆਣਾ ਤੇ ਡਾ. ਸਾਹਿਬ ਸਿੰਘ ਦਾ ਸਨਮਾਨ ਕੀਤਾ ਗਿਆ। ਸੰਚਾਲਨ ਮਾਸਟਰ ਕੁਲਜੀਤ ਤੇ ਰਾਮ ਸਵਰਨ ਲੱਖੇਵਾਲੀ ਨੇ ਕੀਤਾ।

ਮੇਲੇ ਦੀ ਸਫਲਤਾ ਲਈ ਬਲਦੇਵ ਸਿੰਘ ਲੱਧੂਵਾਲਾ, ਪਰਮਿੰਦਰ ਖੋਖਰ, ਭੁਪਿੰਦਰ ਵੜਿੰਗ, ਸੰਜੇ ਕੁਮਾਰ, ਜਸਵੰਤ ਸਿੰਘ, ਪ੍ਰਵੀਨ ਜੰਡਵਾਲਾ, ਸੁਰਿੰਦਰ ਗੰਜੂਆਣਾ ਤੇ ਸ਼ਿਵਰਾਜ ਖੁੰਡੇ ਹਲਾਲ ਨੇ ਭਰਵਾਂ ਯੋਗਦਾਨ ਪਾਇਆ। ਮੇਲੇ ਵਿੱਚ ਡੈਮੋਕ੍ਰੈਟਿਕ ਟੀਚਰਜ਼ ਫਰੰਟ ਦੇ ਸਕੱਤਰ ਪਰਮਿੰਦਰ ਪਾਲ ਹਰੀਕੇ, ਪ੍ਰਕਾਸ ਚੰਦ ਚੰਨੂੰ, ਕੁਲਵੰਤ ਦੰਦੀਵਾਲ ਵੀ ਮੌਜੂਦ ਰਹੇ।

# ਟਰੱਕ ਯੂਨੀਅਨ 'ਚ ਸੈਮੀਨਾਰ ਕਰਾਇਆ, ਵਾਹਨਾਂ ਨੂੰ ਰਿਫਲੈਕਟਰ ਲਾਏ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**

ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਐਸ.ਡੀ.ਐਮ ਸ੍ਰੀ ਨਿਕਾਸ ਖੀਚੜ ਦੀ ਅਗਵਾਈ ਹੇਠ ਸੜਕ ਸੁਰੱਖਿਆ ਹਫ਼ਤਾ ਮੁਹਿੰਮ ਤਹਿਤ ਟਰੱਕ ਯੂਨੀਅਨ ਵਿਖੇ ਸੈਮੀਨਾਰ ਕਰਾਇਆ ਗਿਆ। ਸੈਮੀਨਾਰ ਵਿੱਚ ਟਰੱਕ ਯੂਨੀਅਨ ਦੇ ਡਰਾਇਵਰਾਂ ਵੱਲੋਂ ਵੱਡੇ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਐਸ.ਡੀ.ਐਮ ਵੱਲੋਂ ਵਾਹਨਾਂ ਨੂੰ ਰਿਫਲੈਕਟਰ ਵੀ ਲਾਏ ਗਏ। ਇਸ ਮੌਕੇ ਡੀ.ਐਸ.ਪੀ ਸੁਬੇਗ ਸਿੰਘ ਵੀ ਉਨ੍ਹਾਂ ਨਾਲ ਹਾਜ਼ਰ ਸਨ। ਸੈਮੀਨਾਰ ਵਿਖੇ ਐਸ.ਡੀ.ਐਮ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੂਬੇ ਅੰਦਰ ਸੁਰੱਖਿਅਤ ਪੰਜਾਬ-ਸੋਹਣਾ ਪੰਜਾਬ ਤਹਿਤ ਸੜਕ ਸੁਰੱਖਿਆ ਹਫ਼ਤਾ 2023 ਮਨਾਇਆ ਜਾ ਰਿਹਾ ਹੈ, ਜਿਸ ਤਹਿਤ ਆਮ ਲੋਕਾਂ ਨੂੰ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ। ਸੈਮੀਨਾਰ ਮੌਕੇ ਟ੍ਰੈਫ਼ਿਕ ਇੰਚਾਰਜ ਸ੍ਰੀ ਪਵਨ ਕੁਮਾਰ, ਰਤਨ ਲਾਲ ਤੇ ਟਰਾਂਸਪੋਰਟ ਦਫ਼ਤਰ ਵੱਲੋਂ ਸ੍ਰੀ ਅਸ਼ੀਸ਼ ਕੰਬੋਜ ਤੇ ਸ਼ਿਵ ਕੁਮਾਰ ਨੇ ਟਰੱਕ ਯੂਨੀਅਨ ਦੇ ਡਰਾਇਵਰਾਂ ਨੂੰ ਟ੍ਰੈਫ਼ਿਕ ਨਿਯਮਾਂ ਸੰਬੰਧੀ ਜਾਗਰੂਕ ਕੀਤਾ ਤੇ ਭਵਿੱਖ ਵਿੱਚ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ।

18-Jan-PAGE-8.qxd 1/17/2023 10:17 PM Page 1



# ਪੁਲਸ ਤੋਂ ਦੁਖੀ ਲੋਕਾਂ ਨੇ ਸਰਕਾਰ ਦਾ ਪੁਤਲਾ ਫੂਕ ਕੇ ਕੀਤਾ ਰੋਸ ਪ੍ਰਦਰਸ਼ਨਜ਼

**ਮੋਹਾਲੀ (ਗੁਰਜੀਤ ਬਿੱਲਾ)**

ਬਲਵਿੰਦਰ ਸਿੰਘ ਕੁੰਬੜਾਂ ਪ੍ਰਧਾਨ ਅੱਤਿਆਚਾਰ ਅਤੇ ਭ੍ਰਿਸ਼ਟਾਚਾਰ ਵਿਰੋਧੀ ਫ਼ਰੰਟ ਪੰਜਾਬ ਦੇ ਅਹੁਦੇਦਾਰਾਂ ਦੀ ਅਗਵਾਈ ਵਿੱਚ ਪੁਲਸ ਵਲੋਂ ਪੀੜਤ ਪਰਵਾਰਾਂ ਨੇ ਕਈ ਥਾਨਿਆਂ ਤੋਂ ਦੁੱਖੀ ਹੋਏ ਲੋਕਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਆਪਣਾ ਰੋਸ ਜਤਾਇਆ। ਇਸ ਮੌਕੇ ਪੀੜਤਾਂ ਨੇ ਪੰਜਾਬ ਸਰਕਾਰ ਅਤੇ ਪੁਲਸ ਦੀ ਘਟੀਆ ਕਾਰਗੁਜ਼ਾਰੀ ਦੇ ਖਿਲਾਫ਼ ਜ਼ੋਰ ਸ਼ੋਰ ਨਾਲ ਨਾਅਰੇਬਾਜੀ ਵੀ ਕੀਤੀ ਅਤੇ ਚੇਤਾਵਨੀ ਦਿੱਤੀ ਜੇ ਉਹਨ੍ਹਾਂ ਦੇ ਮਸਲਿਆਂ ਨੂੰ ਜਲਦੀ ਹੱਲ ਨਹੀਂ ਕੀਤਾ ਗਿਆ ਤਾਂ ਇਹ ਆਪਣੇ ਸੰਘਰਸ਼ ਨੂੰ ਹੋਰ ਤਿੱਖਾ ਕਰਨਗੇ। ਜੋਤਸਣਾ ਪਤਨੀ ਗਗਨਦੀਪ ਕੁਮਾਰ ਪਿੰਡ ਕੁੰਬੜਾਂ,ਗੌਰਵ ਦੀ ਪਤਨੀ ਨੇ ਮਾਨਯੋਗ ਡੀਜੀਪੀ ਪੰਜਾਬ ਨੂੰ ਮੁਕੱਦਮਾ ਅਧੀਨ ਧਾਰਾ 376,506 ਦਾ ਝੂਠਾ ਪਰਚਾ ਦਰਜ ਕਰਵਾ ਕੇ ਸੰਦੀਪ ਕੌਰ ਵਲੋਂ ਬਲੈਕਮੇਲ ਕਰਨ ਸੰਬੰਧਿਤ ਦਰਖ਼ਾਸਤ ਦਿੱਤੀ ਗਈ ਸੀ, ਪਰ ਪੁਲਸ ਵਲੋਂ ਹਜੇ ਤਕ ਕੋਈ ਵੀ ਕਾਰਵਾਈ ਅਮਲ 'ਚ ਨਹੀਂ ਲਿਆਂਦੀ ਗਈ। ਇਨਸਾਫ ਲਈ ਪਰਵਾਰ ਦਰ ਦਰ ਦੀ ਠੋਕਰਾਂ ਖਾ ਰਿਹਾ ਹੈ। ਥਾਣਾ ਫੇਸ 8 ਦੀ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕੇ ਰਾਕੇਸ਼ ਕੁਮਾਰ ਏਐਸਆਈ ਥਾਣਾ ਫੇਸ 8 ਦਾ ਪੁਲਸ ਮੁਲਾਜਮ ਬਲੈਕਮੇਲ ਕਰਨ ਵਾਲਿਆਂ ਕੁੜੀਆਂ ਦੇ ਨਾਲ ਮਿਲਿਆ ਹੋਇਆ ਹੈ। ਉਹਨ੍ਹਾਂ ਨੇ ਇਸ ਮੌਕੇ ਪੱਤਰਕਾਰਾਂ ਨੂੰ ਸਬੂਤ ਪੇਸ਼ ਕੀਤੇ।

ਇਸ ਮੌਕੇ ਇਕ ਪੀੜਤ ਬਲਵਿੰਦਰ ਸਿੰਘ ਮਕਾਨ ਨੰ.415 ਏ, ਗੁਲਮੋਹਰ ਸਿਟੀ ਖਰੜ ਨੇ ਦਸਿਆ ਕੇ ਉਹਨ੍ਹਾਂ ਵਲੋਂ ਥਾਣਾ ਸਿਟੀ ਖਰੜ ਦੀ ਪੁਲਿਸ ਦੇ ਏਐਸਆਈ ਸਿਕੰਦਰ ਸਿੰਘ ਖਿਲਾਫ਼ ਪਹਿਲੇ ਵੀ 19 ਦਸੰਬਰ 2022 ਨੂੰ ਪ੍ਰੈਸ ਦੇ ਜਰੀਏ ਝੂਠੇ ਮੁਕੱਦਮਾ ਨੰ.135/22 ਥਾਣਾ ਸਿਟੀ ਖਰੜ ਵਲੋਂ ਪਰਵਿੰਦਰ ਸਿੰਘ, ਕਰਮਜੀਤ ਸਿੰਘ, ਮਨਜੀਤ ਕੌਰ, ਬਲਵਿੰਦਰ ਕੌਰ ਦੇ ਝੂਠੇ ਬਿਆਨਾ ਦੇ ਅਧਾਰ 'ਤੇ ਉਸਦੇ ਪਰਵਾਰ ਦੇ ਉਪਰ ਇਕ ਤਰਫਾ ਕਾਰਵਾਈ ਕਰਨ ਲਈ ਪੁਲਸ ਅਧਿਕਾਰੀਆਂ ਨੂੰ ਇੰਕਵਾਰੀ ਪਾਈ ਗਈ ਸੀ ਪਰ ਉਹ ਦਰ ਦਰ ਭਟਕਦੇ ਰਹੇ ਪਰ ਅਰੋਪੀਆਂ ਦੇ ਖਿਲਾਫ਼ ਹਜੇ ਤਕ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਉਹਨ੍ਹਾਂ ਨੇ ਦਸਿਆ ਕੇ ਏਐਸਆਈ ਸਿਕੰਦਰ ਸਿੰਘ ਦੀ ਮਿਲੀਭੁਗਤ ਦੇ ਕਾਰਣ ਗ਼ਲਤ ਕਾਰਵਾਈ ਕਰਕੇ ਮੇਰੇ ਮੁੰਡੇ ਨੂੰ ਕੇਂਦਰੀ ਜੇਲ ਪਟਿਆਲਾ 'ਚ ਬੈਠੇ ਨੂੰ ਪਰਚੇ ਵਿਚ ਸ਼ਾਮਲ ਕੀਤਾ ਗਿਆ। ਬਲਵਿੰਦਰ ਸਿੰਘ ਕੁੰਬੜਾਂ ਨੇ ਕਿਹਾ ਕੇ ਏਐਸਆਈ ਰਾਕੇਸ਼ ਕੁਮਾਰ ਥਾਣਾ ਫੇਸ 8 ਦੇ ਖਿਲਾਫ਼ ਮਾਨਯੋਗ ਕੌਮੀ ਕਮਿਸ਼ਨ ਅਨੁਸੂਚਿਤ ਜਾਤੀ ਨੇ 3 ਜਨਵਰੀ 2023 ਨੂੰ ਐਫ.ਆਈ.ਆਰ ਨੰ.72,2014 ਦੇ ਸੰਬੰਧ ਵਿੱਚ ਐਸ ਸੀ ਐਸ ਟੀ ਐਕਟ ਅਤੇ ਆਦਿ ਧਾਰਾਵਾਂ ਦੇ ਤਹਿਤ ਮਾਮਲਾ ਦਰਜ ਕਰਨ ਲਈ ਡੀਜੀਪੀ ਪੰਜਾਬ ਨੂੰ ਆਰਡਰ ਕੀਤੇ ਗਏ ਹਨ। ਇਸ ਤੋਂ ਇਲਾਵਾ 31 ਜਨਵਰੀ ਨੂੰ ਸਟੇਟਸ ਰਿਪੋਰਟ ਮੰਗੀ ਗਈ ਹੈ ਪਰ ਪੁਲਸ ਅਧਿਕਾਰੀਆਂ ਨੇ ਕੋਈ ਕਾਰਵਾਈ ਨਹੀਂ ਕੀਤੀ, ਜਿਸ ਕਰਕੇ ਸਭ ਪੀੜਤ ਪਰਵਾਰਾਂ ਨੇ ਅਤੇ ਜਾਗਦੀ ਜਮੀਰ ਵਾਲੇ ਲੋਕਾਂ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਹੈ। ਚੌਥੇ ਮਾਮਲੇ 'ਤੇ ਬਲਵਿੰਦਰ ਸਿੰਘ ਕੁੰਬੜਾਂ ਨੇ ਦਸਿਆ ਕੇ ਇਕ ਮਾਮਲਾ ਫੇਸ 8 ਹਰਜਿੰਦਰ ਸਿੰਘ ਹੈਰੀ ਵਾਸੀ ਮਕਾਨ ਨੰ.2479 ਸੈਕਟਰ 71 ਦੇ ਖਿਲਾਫ਼ ਧੋਖਾਧੜੀ 420,406 ਦਾ ਮਾਮਲਾ ਦਰਜ ਸੀ ਜਿਸ ਵਿੱਚ ਥਾਣਾ ਫੇਸ 8 ਦੇ ਤਫਤਿਸ਼ ਅਫਸਰ ਏਐਸਆਈ ਭੁਪਿੰਦਰ ਸਿੰਘ ਲਗਭਗ ਇਕ ਮਹੀਨਾ ਬੀਤ ਜਾਣ ਤੋਂ ਬਾਅਦ ਵੀ ਅਰੋਪੀ ਨੂੰ ਗਿਰਫਤਾਰ ਨਹੀਂ ਕਰ ਰਿਹਾ . ਉਹਨ੍ਹਾਂ ਨੇ ਦਸਿਆ ਕੇ ਉਹਨ੍ਹਾਂ ਨੇ ਆਪ ਤਫਤਿਸ਼ ਅਧਿਕਾਰੀ ਨੂੰ ਫੋਨ ਤੇ ਅਤੇ ਮਿਲਕੇ ਵੀ ਜਾਣਕਾਰੀ ਦਿੱਤੀ ਪਰ ਉਸ ਅਧਿਕਾਰੀ ਦੇ ਕੰਨਾਂ ਤੇ ਜੂੰ ਤਕ ਨਹੀਂ ਰੜਕੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਮੌਜੂਦਾ ਵਿਅਕਤੀਆਂ ਵਿੱਚ ਸਵਿੰਦਰ ਸਿੰਘ ਲੱਖੋਵਾਲ (ਪ੍ਰਧਾਨ ਹਿਉਮਨ ਵੈਲਫ਼ੇਅਰ ਐਸੋਸੀਏਸ਼ਨ ਪੰਜਾਬ ), ਬਿਕਰਮ ਸਿੰਘ ਬਾਂਕਰਪੁਰ ਸਮਾਜ ਸੇਵੀ, ਬਰਿੰਦਰ ਕੁਮਾਰ ਕੁੰਬੜਾਂ, ਅਮਿਤ ਕੁਮਾਰ ਜ਼ੀਰਕਪੁਰ, ਨਵਦੀਪ ਕੁਮਾਰ ਜ਼ੀਰਕਪੁਰ, ਕਰਮਵੀਰ ਸਿੰਘ ਕੁੰਬੜਾਂ, ਸੌਰਵ ਕੁਮਾਰ ਕੁੰਬੜਾਂ, ਬਲਵਿੰਦਰ ਮਾਣਕਪੁਰ ਕੱਲਰ, ਤਜਿੰਦਰ ਸਿੰਘ ਕੁੰਬੜਾਂ,ਮੈਡਮ ਜੋਗਿੰਦਰ ਕੌਰ ਸਿੱਧੂ ਲੁਧਿਆਣਾ, ਅਵਤਾਰ ਸਿੰਘ ਮਕੜਿਆ, ਸਾਬਕਾ ਸਰਪੰਚ ਬਲਜਿੰਦਰ ਸਿੰਘ ਪੋਪਣੀਆਂ, ਹਰਨੇਕ ਸਿੰਘ ਨਿਡਿਆਲੀ, ਜਗਤਾਰ ਸਿੰਘ ਬਨੂੜ, ਸੁਖਦੇਵ ਸਿੰਘ ਚਪਰਚੀੜੀ, ਕਿਰਪਾਲ ਸਿੰਘ ਮੁੰਡੀ ਖਰੜ, ਸੋਹਣ ਸਿੰਘ ਮਕੜਿਆ, ਸੁਰਜੀਤ ਸਿੰਘ ਮਕੜਿਆ, ਗੁਰਮੇਲ ਸਿੰਘ ਮਕੜਿਆ, ਅਵਤਾਰ ਸਿੰਘ ਮਕੜਿਆ ਤੋਂ ਇਲਾਵਾ ਆਦਿ ਪੀੜਤ ਲੋਕ ਹਾਜ਼ਰ ਸਨ।

## ਮੀਜਲ ਰੂਬੇਲਾ ਦੇ ਖਾਤਮੇ ਲਈ 100 ਫੀਸਦੀ ਬੱਚਿਆਂ ਦਾ ਟੀਕਾਕਰਨ ਯਕੀਨੀ ਬਣਾਇਆ ਜਾਵੇ : ਸਿਵਲ ਸਰਜਨ

**ਜਲੰਧਰ (ਸ਼ੈਲੀ ਐਲਬਰਟ)**-ਸਿਵਲ ਸਰਜਨ ਡਾ. ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਸੋਮਵਾਰ ਨੂੰ ਦਫਤਰ ਸਿਵਲ ਸਰਜਨ ਵਿਖੇ ਮੈਡੀਕਲ ਅਫਸਰਾਂ ਅਤੇ ਏ.ਐਨ.ਐਮਜ ਦੀ ਮੀਟਿੰਗ ਕੀਤੀ ਗਈ। ਸਿਵਲ ਸਰਜਨ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਰਕਾਰ ਦੇ ਨਿਰਦੇਸ਼ਾਂ ਮੁਤਾਬਿਕ ਦੇਸ਼ ਨੂੰ ਸਾਲ 2023 ਦੇ ਅੰਤ ਤੱਕ ਮੀਜਲ-ਰੂਬੇਲਾ ਦੇ ਖਾਤਮੇ ਲਈ 100 ਫੀਸਦੀ ਬੱਚਿਆਂ ਦਾ ਟੀਕਾਕਰਨ ਕਰਨਾ ਯਕੀਨੀ ਬਣਾਇਆ ਜਾਵੇ। ਮੀਟਿੰਗ ਦੌਰਾਨ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਚੋਪੜਾ ਵਲੋਂ ਹਦਾਇਤ ਕਰਦਿਆਂ ਕਿਹਾ ਗਿਆ ਕਿ ਹਰ ਇਕ ਏ.ਐਨ.ਐਮ. ਵੱਲੋਂ ਆਪਣੇ ਅਧੀਨ ਆਉਂਦੇ ਸਲੱਮ ਏਰੀਏ ਤੇ ਹਾਈ ਰਿਸਕ ਖੇਤਰ ਵਿੱਚ ਰੂਟੀਨ ਵੈਕਸੀਨੇਸ਼ਨ 'ਤੇ ਧਿਆਨ ਦਿੰਦੇ ਹੋਏ ਵਿਸ਼ੇਸ਼ ਆਰ.ਆਈ. ਸੈਸ਼ਨ ਲਗਾਏ ਜਾਣ ਤਾਂ ਜੋ ਕੋਈ ਬੱਚਾ ਟੀਕਾਕਰਨ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਮੀਜਲ-ਰੂਬੇਲਾ ਟੀਕਾਕਰਨ ਤੋਂ ਵਾਂਝੇ ਬੱਚਿਆਂ ਦੀ ਪਹਿਚਾਣ ਕਰਕੇ ਉਨ੍ਹਾਂ ਦਾ ਟੀਕਾਕਰਨ ਪੂਰਾ ਕੀਤਾ ਜਾਵੇ। ਉਨ੍ਹਾਂ ਐਮ.ਓਜ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਏ.ਐਨ.ਐਮਜ ਅਤੇ ਆਸ਼ਾ ਵਰਕਰਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਖੇਤਰਾਂ ਵਿੱਚ ਸਰਵੇ ਕਰਕੇ ਮੀਜਲ-ਰੁਬੇਲਾ ਕਰਵਾਉਣ ਤੋਂ ਵਾਂਝੇ ਰਹਿ ਗਏ ਬੱਚਿਆਂ ਦਾ ਪਤਾ ਲਗਾਉਣ ਅਤੇ ਮਾਪਿਆਂ ਨੂੰ ਬੱਚਿਆਂ ਦਾ ਮੁਕੰਮਲ ਟੀਕਾਕਰਨ ਕਰਵਾਉਣ ਲਈ ਪ੍ਰੇਰਿਤ ਕਰਨ ਤਾਂ ਜੋ 2023 ਤੱਕ ਮੀਜਲ ਰੁਬੇਲਾ ਤੋਂ ਮੁਕਤ ਹੋਣ ਦੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

ਡਾ. ਰਾਕੇਸ਼ ਚੋਪੜਾ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਸਰਕਾਰ ਵੱਲੋਂ 2022-23 ਵਿੱਚ 32,102 ਬੱਚਿਆਂ ਦੇ ਟੀਕਾਕਰਨ ਦਾ ਟੀਚਾ ਦਿੱਤਾ ਗਿਆ ਹੈ। ਜਿਸ ਵਿੱਚੋਂ ਦਸੰਬਰ 2022 ਤੱਕ 25,179 ਬੱਚਿਆਂ ਨੂੰ ਐਮ.ਆਰ. ਦਾ ਪਹਿਲਾ ਟੀਕਾ ਅਤੇ 24046 ਬੱਚਿਆਂ ਨੂੰ ਐਮ.ਆਰ. ਦਾ ਦੂਜਾ ਟੀਕਾ ਲਗਾਇਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਮਾਰਚ 2023 ਤੱਕ ਨਿਰਧਾਰਤ ਟੀਚੇ ਨੂੰ ਪੂਰਾ ਕਰ ਲਿਆ ਜਾਵੇਗਾ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਵਰਿੰਦਰ ਕੌਰ ਥਿੰਦ, ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਰਮਨ ਗੁਪਤਾ, ਸਰਵਿਲੈਂਸ ਮੈਡੀਕਲ ਅਫਸਰ (ਡਬਲਯੂ. ਐਚ.ਓ.) ਡਾ. ਗਗਨ ਸ਼ਰਮਾ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

## ਪੰਜਾਬ ਰੋਡਵੇਜ਼ ਤੇ ਪੀ ਆਰ ਟੀ ਸੀ ਨੇ 10 ਮਹੀਨਿਆਂ 'ਚ ਪਿਛਲੇ ਵਰ੍ਹੇ ਨਾਲੋਂ 367.67 ਕਰੋੜ ਰੁਪਏ ਵੱਧ ਜੁਟਾਏ : ਭੁੱਲਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੇ ਪਹਿਲੇ 10 ਮਹੀਨਿਆਂ ਦੌਰਾਨ ਪੰਜਾਬ ਰੋਡਵੇਜ਼/ਪਨਬੱਸ ਅਤੇ ਪੀ.ਆਰ.ਟੀ.ਸੀ. ਨੇ ਸਾਲ 2022 'ਚ ਪਿਛਲੇ ਵਰ੍ਹੇ ਦੇ ਮੁਕਾਬਲੇ 367.67 ਕਰੋੜ ਰੁਪਏ ਵੱਧ ਮਾਲੀਆ ਇਕੱਤਰ ਕੀਤਾ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਪੰਜਾਬ ਰੋਡਵੇਜ਼/ਪਨਬੱਸ ਅਤੇ ਪੀ.ਆਰ.ਟੀ.ਸੀ. ਵੱਲੋਂ ਮਾਰਚ ਤੋਂ ਦਸੰਬਰ 2022 ਤੱਕ 1247.22 ਕਰੋੜ ਰੁਪਏ ਦੀ ਆਮਦਨ ਦਰਜ ਕੀਤੀ ਗਈ ਹੈ ਜਦਕਿ ਸਾਲ 2021 ਦੇ ਇਸ ਅਰਸੇ ਦੌਰਾਨ ਸਰਕਾਰੀ ਬੱਸਾਂ ਤੋਂ ਇਹ ਆਮਦਨ 879.55 ਕਰੋੜ ਰੁਪਏ ਹੋਈ। ਉਨ੍ਹਾਂ ਦੱਸਿਆ ਕਿ ਇਹ ਵਾਧਾ 41.80 ਫ਼ੀਸਦੀ ਬਣਦਾ ਹੈ। ਵਿਸਥਾਰ 'ਚ ਵੇਰਵੇ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਨੇ ਸਾਲ 2022 ਦੇ 10 ਮਹੀਨਿਆਂ ਦੌਰਾਨ 665.30 ਕਰੋੜ ਰੁਪਏ ਜੁਟਾਏ ਜਦਕਿ ਸਾਲ 2021 ਦੌਰਾਨ ਇਹ ਕਮਾਈ 446.83 ਕਰੋੜ ਰੁਪਏ ਰਹੀ। ਉਨ੍ਹਾਂ ਦੱਸਿਆ ਕਿ 48.89 ਫ਼ੀਸਦੀ ਵਾਧੇ ਨਾਲ ਪੀ.ਆਰ.ਟੀ.ਸੀ. ਨੇ 218.47 ਕਰੋੜ ਰੁਪਏ ਵੱਧ ਜੁਟਾਏ ਹਨ। ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਇਸੇ ਤਰ੍ਹਾਂ ਪੰਜਾਬ ਰੋਡਵੇਜ਼/ਪਨਬੱਸ ਦੀ ਆਮਦਨ ਸਾਲ 2022 ਦੇ 10 ਮਹੀਨਿਆਂ ਦੌਰਾਨ 149.20 ਕਰੋੜ ਰੁਪਏ ਦੇ ਵਾਧੇ ਨਾਲ 581.92 ਕਰੋੜ ਰੁਪਏ ਰਹੀ ਜਦਕਿ ਸਾਲ 2021 ਦੌਰਾਨ ਇਹ ਆਮਦਨ 432.72 ਕਰੋੜ ਰੁਪਏ ਸੀ। ਉਨ੍ਹਾਂ ਦੱਸਿਆ ਕਿ ਪੰਜਾਬ ਰੋਡਵੇਜ਼/ਪਨਬੱਸ ਨੇ 10 ਮਹੀਨਿਆਂ ਦੌਰਾਨ 34.47 ਫ਼ੀਸਦੀ ਵਾਧਾ ਦਰਜ ਕੀਤਾ ਹੈ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਔਰਤਾਂ ਨੂੰ ਦਿੱਤੀ ਜਾਂਦੀ ਮੁਫ਼ਤ ਸਫ਼ਰ ਸਹੂਲਤ ਤਹਿਤ ਅਪ੍ਰੈਲ ਤੋਂ ਦਸੰਬਰ 2022 ਤੱਕ ਪੰਜਾਬ ਰੋਡਵੇਜ਼/ਪਨਬੱਸ ਅਤੇ ਪੀ.ਆਰ.ਟੀ.ਸੀ. ਦੀਆਂ ਬੱਸਾਂ 'ਚ ਕੁੱਲ 558.85 ਕਰੋੜ ਰੁਪਏ ਖ਼ਰਚ ਕੀਤੇ ਗਏ, ਜੋ ਸਾਲ 2021 ਦੇ ਇਸ ਅਰਸੇ ਦੌਰਾਨ 313.46 ਕਰੋੜ ਰੁਪਏ ਸੀ।

ਉਨ੍ਹਾਂ ਦੱਸਿਆ ਕਿ ਸਾਲ 2022 ਦੌਰਾਨ ਪੀ.ਆਰ.ਟੀ.ਸੀ. ਦੀਆਂ ਬੱਸਾਂ 'ਚ ਔਰਤਾਂ ਲਈ ਮੁਫ਼ਤ ਸਫ਼ਰ ਸਹੂਲਤ ਤਹਿਤ 299.66 ਕਰੋੜ ਰੁਪਏ ਖ਼ਰਚੇ ਗਏ ਜਦਕਿ ਸਾਲ 2021 ਦੇ ਇਸ ਅਰਸੇ ਦੌਰਾਨ ਇਹ ਖ਼ਰਚ 166.87 ਕਰੋੜ ਰੁਪਏ ਰਿਹਾ। ਇਸੇ ਤਰ੍ਹਾਂ ਪੰਜਾਬ ਰੋਡਵੇਜ਼/ਪਨਬੱਸ ਦੀਆਂ ਬੱਸਾਂ ਵਿੱਚ ਸਾਲ 2021 ਦੇ 146.59 ਕਰੋੜ ਰੁਪਏ ਦੇ ਮੁਕਾਬਲੇ ਸਾਲ 2022 ਦੌਰਾਨ ਔਰਤਾਂ ਨੂੰ 259.19 ਕਰੋੜ ਰੁਪਏ ਨਾਲ ਮੁਫ਼ਤ ਸਫ਼ਰ ਸਹੂਲਤ ਮੁਹੱਈਆ ਕਰਵਾਈ ਗਈ।

## ਬਜਵਾੜਾ ਕਲਾਂ ਵਿਖੇ ਚਾਲੀ ਮੁਕਤਿਆਂ ਦੀ ਯਾਦ 'ਚ ਮਹਾਨ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਬਜਵਾੜਾ ਕਲਾਂ ਵਿਖੇ ਗੁਰਦੁਆਰਾ ਸ੍ਰੀ ਸਿੰਘ ਸਾਹਿਬ ਜੀ ਛਾਉਣੀ ਨਿਹੰਗ ਸਿੰਘਾਂ ਦੇ ਅਸਥਾਨ 'ਤੇ ਚਾਲੀ



ਮੁਕਤਿਆਂ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਜਥੇਬੰਦੀ ਦੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਛਾਉਣੀ ਨਿਹੰਗ ਸਿੰਘਾਂ ਤਰਨਾਂ ਦਲ ਮੁੱਖੀ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਛਾਉਣੀ ਨਿਹੰਗ ਸਿੰਘਾਂ ਹੈੱਡਕੁਆਰਟਰ ਬਜਵਾੜਾ ਕਲਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਭਾਈ ਅਕਾਸ਼ਦੀਪ ਸਿੰਘ ਦਮਦਮੀ ਟਕਸਾਲ ਕਥਾ ਵਾਚਕ, ਭਾਈ ਸਿਮਰਨਜੀਤ ਸਿੰਘ ਬਜਵਾੜਾ ਕਲਾ, ਭਾਈ ਜਸਵਿੰਦਰ ਸਿੰਘ ਹੈੱਡ ਗ੍ਰੰਥੀ ਬਜਵਾੜਾ ਕਲਾਂ, ਭਾਈ ਸਰਬਜੀਤ ਸਿੰਘ, ਭਾਈ ਤਨਵੀਰ ਸਿੰਘ ਬਜਵਾੜਾ ਕਲਾਂ, ਬਾਬਾ ਰੇਸ਼ਮ ਸਿੰਘ ਕਥਾ ਵਾਚਕ, ਪ੍ਰਭਾਤ ਫੇਰੀ ਜਥੇ ਨੇ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ ਨੇ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਮਨਜਿੰਦਰ ਸਿੰਘ ਲੰਗੇਰੀ, ਤਲਵਿੰਦਰ ਸਿੰਘ ਬਾੜੀਆਂ, ਗੁਰਪਾਲ ਸਿੰਘ ਬਜਵਾੜਾ ਕਲਾਂ ਮਨਜੀਤ ਸਿੰਘ ਜਲੰਧਰ, ਸਿਮਰਨਜੀਤ ਸਿੰਘ ਬਜਵਾੜਾ ਕਲਾਂ, ਜਸਪ੍ਰੀਤ ਸਿੰਘ, ਪਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਅਕਾਸਦੀਪ ਸਿੰਘ ਦਮਦਮੀ ਟਕਸਾਲ, ਰੇਸਮ ਸਿੰਘ, ਧਰਮ ਸਿੰਘ ਹਰਮੋਇਆ, ਸੁਖਵਿੰਦਰ ਸਿੰਘ, ਸਤਨਾਮ ਸਿੰਘ ਖੇੜਾ, ਜੋਧ ਸਿੰਘ, ਅਜੀਤ ਸਿੰਘ ਸੁਭਾਨਪੁਰ, ਬਲਰਾਜ ਸਿੰਘ ਜਲੰਧਰ, ਫਹਤਿ ਸਿੰਘ ਜਲੰਧਰ, ਸਰਬਜੀਤ ਸਿੰਘ ਜਲੰਧਰ ਆਦਿ ਹਾਜਰ ਸਨ।

## ਲੋਕ ਸੱਭਿਆਚਾਰ ਦਾ ਚਾਨਣ ਵੰਡਣ ਦੀ ਲੋੜ : ਪਲਸ ਮੰਚ

**ਮਾਹਿਲਪੁਰ - (ਸਫਰੀ)**

ਗਦਰ ਲਹਿਰ,ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਸਮੇਤ ਉਹਨਾਂ ਦੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਲਹਿਰ ਦੀ ਅਮੀਰ ਇਤਿਹਾਸਕ ਵਿਰਾਸਤ ਨੂੰ ਸੰਭਾਲਣ, ਉਸਦੀ ਲੋਅ ਜਗਦੀ ਰੱਖਣ ਅਤੇ ਵਿਸ਼ੇਸ਼ ਕਰਕੇ ਸਮਾਜਕ ਸਰੋਕਾਰਾਂ ਨਾਲ ਜੁੜੇ ਸਾਹਿਤ ਸਭਿਆਚਾਰ ਦਾ ਚਾਨਣ ਵੰਡਣ ਲਈ ਮਾਹਿਲਪੁਰ ਵਿਖੇ ਜੁੜੇ ਸਾਹਿਤਕਾਰਾਂ, ਲੇਖਕਾਂ, ਰੰਗ ਕਰਮੀਆਂ, ਕਿਸਾਨਾਂ ਮਜ਼ਦੂਰਾਂ ਅਤੇ ਨੌਜਵਾਨਾਂ ਨੇ ਸਿਰ ਜੋੜ ਕੇ ਗੰਭੀਰ ਵਿਚਾਰਾਂ ਕੀਤੀਆਂ। ਇਸ ਵਿਚਾਰ ਚਰਚਾ ਦਾ ਆਯੋਜਨ ਸੰਯੁਕਤ ਕਿਸਾਨ ਮੋਰਚੇ ਵਿੱਚ ਆਪਣੀਆਂ ਨਿਰੰਤਰ ਸੇਵਾਵਾਂ ਪ੍ਰਦਾਨ ਕਰਦੇ ਆ ਰਹੇ ਜਨਤਕ ਕਾਮਿਆਂ ਵੱਲੋਂ ਕੀਤਾ ਗਿਆ।



ਵਿਚਾਰ ਚਰਚਾ ਵਿੱਚ ਉਚੇਚੇ ਤੌਰ 'ਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਕਿਹਾ ਕਿ ਸਾਡੇ ਸਮਾਜ ਨੂੰ ਚਿੰਬੜੀਆਂ ਨਾ-ਮੁਰਾਦ ਮਰਜਾਂ ਦਾ ਇਲਾਜ ਕਰਨ ਲਈ ਸਮਾਜ ਅੰਦਰ ਪੁਸਤਕ ਸਭਿਆਚਾਰ, ਰੰਗ ਮੰਚ, ਵਿਗਿਆਨਕ,ਲੋਕ ਪੱਖੀ ਅਤੇ ਇਨਕਲਾਬੀ ਸਭਿਆਚਾਰਕ ਵਿਚਾਰਾਂ ਦੀਆਂ ਮੋਮਬੱਤੀਆਂ ਜਗਾ ਕੇ ਤੁਰਨ ਦੀ ਤੀਬਰ ਲੋੜ ਹੈ। ਅਮੋਲਕ ਸਿੰਘ ਨੇ ਕਿਹਾ ਕਿ ਅੱਜ ਜਦੋਂ ਲੋਕਾਂ ਦੀ ਜ਼ਿੰਦਗੀ ਦੇ ਹਰ ਖੇਤਰ ਉਪਰ ਚੌਤਰਫਾ ਹੱਲਾ ਬੋਲਿਆ ਜਾ ਰਿਹਾ ਹੈ ਇਸਦੇ ਬਦਲ ਵਿੱਚ ਲੋਕਾਂ ਦੇ ਮਸਲਿਆਂ ਨਾਲ ਜੁੜੇ ਫਿਕਰਾਂ ਦੀ ਬਾਂਹ ਫੜਨ ਲਈ ਲੋਕਾਂ ਵਿੱਚ ਖੂਬਸੂਰਤ ਸਮਾਜ ਸਿਰਜਣ ਦਾ ਸੁਨੇਹਾ ਦਿੰਦੇ ਕਾਫਲੇ ਪਿੰਡ ਪਿੰਡ ਲਿਜਾਣ ਲਈ ਪੰਜਾਬ ਲੋਕ ਸੱਭਿਆਚਾਰਕ ਮੰਚ ( ਪਲਸ ਮੰਚ ) ਅਥਾਹ ਯਤਨ ਜੁਟਾਏਗਾ। ਸਭਨਾਂ ਹਾਜ਼ਰੀਨ ਦੇ ਵਿਚਾਰਾਂ ਉਪਰੰਤ ਫੈਸਲਾ ਕੀਤਾ ਗਿਆ ਕਿ ਪਲਸ ਮੰਚ ਵਲੋਂ 25 ਜਨਵਰੀ ਤੋਂ 31 ਜਨਵਰੀ ਤੱਕ ਕਰਵਾਈਆਂ ਜਾ ਰਹੀਆਂ ਸਭਿਆਚਾਰਕ ਤੇ ਸਾਹਿਤਕ ਸਰਗਰਮੀਆਂ ਦੀ ਲੜੀ ਵਿੱਚ ਆਉਣ ਵਾਲੇ ਦਿਨਾਂ ਵਿੱਚ ਮਾਹਿਲਪੁਰ ਚੱਬੇਵਾਲ ਤੇ ਗੜ੍ਹਸ਼ੰਕਰ ਦੇ ਖੇਤਰਾਂ ਵਿੱਚ ਢੁੱਕਵੇਂ ਰੂਪ ਵਿੱਚ ਸਰਗਰਮੀਆਂ ਕੀਤੀਆਂ ਜਾਣਗੀਆਂ। ਇਸ ਮੌਕੇ 'ਤੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਮੀਟਿੰਗ ਵਿੱਚ ਪਹੁੰਚਣ ਲਈ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦਾ ਤੇ ਸਮੂਹ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੀ ਬਿਹਤਰੀ ਲਈ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਉਹ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਸਹਿਯੋਗ ਅਤੇ ਦਿਸ਼ਾ ਨਿਰਦੇਸ਼ਾਂ ਨਾਲ ਇਲਾਕੇ ਵਿੱਚ ਸਾਰਥਕ ਸਭਿਆਚਾਰਕ ਤੇ ਸਾਹਿਤਕ ਸਰਗਰਮੀਆਂ ਕਰਵਾਉਣ ਲਈ ਹਮੇਸ਼ਾ ਯਤਨਸੀਲ ਰਹਿਣਗੇ। ਇਸ ਮੌਕੇ ਉੱਘੇ ਲੇਖਕ ਵਿਜੇ ਬੰਬੇਲੀ, ਡਾਕਟਰ ਜੁਗਿੰਦਰ ਕੁੱਲੇਵਾਲ, ਪ੍ਰੋਫੈਸਰ ਜੇ ਬੀ ਸੇਖੋਂ,ਗੀਤਕਾਰ ਗੁਰਮਿੰਦਰ ਕੈਂਡੋਵਾਲ, ਰੰਗਕਰਮੀ ਜਗਤਾਰ ਬਾਹੋਵਾਲ, ਰਾਜਿੰਦਰ ਸਿੰਘ, ਕਰਦੀ ਸਿੰਘ,ਜਸਵਿੰਦਰ ਸਿੰਘ ਬੰਗਾ,ਜੁਝਾਰ ਸਿੰਘ ਮਹਿਨਾ,ਜਸਵੀਰ ਸਿੰਘ ਸੀਰਾ, ਇਕਬਾਲ ਸਿੰਘ ਤੇਲੂ ਜੱਸੋਵਾਲ, ਵਿੱਕੀ ਕਹਾਰਪੁਰ,ਯੋਧਾ ਬਰਾੜ,ਪਰਮਿੰਦਰ ਸਿੰਘ ਪਿੰਦਾ, ਸੁਖਦੇਵ ਸਿੰਘ ਸੰਘਾ ਲੰਗੇਰੀ, ਇਕਬਾਲ ਸਿੰਘ ਪੁਰੇਵਾਲ ਕੈਨੇਡਾ,ਜਸਪਾਲ ਸਿੰਘ ਕਾਲੇਵਾਲ ਫੱਤੂ,ਗੁਰਬਖਸੀਸ ਸਿੰਘ ਬੰਗਾ,ਗੁਰਿੰਦਰ ਸਿੰਘ ਬੈਂਸ ਨੰਗਲ ਕਲਾਂ,ਅਵਤਾਰ ਲੰਗੇਰੀ, ਕਰਨ ਸਿੰਘ,ਪ੍ਰਭਜੋਤ ਸਿੰਘ,ਸੁਖਪ੍ਰੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਆਵਾਰਾ ਪਸ਼ੂ ਨੂੰ ਬਚਾਉਂਦਿਆਂ ਕੰਟੇਨਰ ਪਲਟਿਆ



**ਫਿਲੌਰ, (ਨਿਰਮਲ)**-ਫਿਲੌਰ ਦੇ ਨਜਦੀਕੀ ਪਿੰਡ ਬੱਛੋਵਾਲ ਹਾਈਵੇ 'ਤੇ ਆਵਾਰਾ ਪਸ਼ੂ ਨੂੰ ਬਚਾਉਂਦੇ ਹੋਏ ਕੰਟੇਨਰ ਪਲਟਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਹਾਈਵੇ ਪੈਟਰੋਲੀਅਮ ਗੁਰਾਇਆ ਦੇ ਏ.ਐਸ.ਆਈ ਜਸਵਿੰਦਰ ਸਿੰਘ ਅਤੇ ਏ.ਐਸ.ਆਈ ਸਰਬਜੀਤ ਸਿੰਘ ਨੇ ਦੱਸਿਆ ਕਿ ਕੰਟੇਨਰ ਡਰਾਈਵਰ ਜਗਦੀਸ ਸਿੰਘ ਪੁੱਤਰ ਹਰਪਾਲ ਸਿੰਘ ਵਾਸੀ ਔਲਖ ਖੁਰਦ ਜ਼ਿਲ੍ਹਾ (ਗੁਰਦਾਸਪੁਰ) ਨੇ ਦੱਸਿਆ ਕਿ ਉਹ ਕੰਟੇਨਰ ਲੈਣ ਕੇ ਜਲੰਧਰ ਤੋਂ ਲੁਧਿਆਣਾ ਵੱਲ ਨੂੰ ਜਾ ਰਿਹਾ ਸੀ ਕਿ ਜਦੋਂ ਉਹ ਫਿਲੌਰ ਦੇ ਨਜਦੀਕੀ ਪਿੰਡ ਬੱਛੋਵਾਲ ਹਾਈਵੇ ਪਹੁੰਚਿਆ ਤਾਂ ਇੱਕ ਦਮ ਉਸ ਦੇ ਅੱਗੇ ਇੱਕ ਅਵਾਰਾ ਪਸ਼ੂ ਆ ਗਿਆ। ਉਸ ਨੇ ਉਸ ਨੂੰ ਬਹੁਤ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਬਚਾਉਣ ਦੇ ਚੱਕਰ ਕੰਟੇਨਰ ਬੇਕਾਬੂ ਹੋ ਕੇ ਪਲਟ ਗਿਆ। ਮੌਕੇ 'ਤੇ ਆਵਾਰਾ ਪਸ਼ੂ ਵੀ ਮਰ ਗਿਆ ਅਤੇ ਡਰਾਈਵਰ ਵਾਲ ਬਚ ਗਿਆ। ਇਸ ਤੋਂ ਬਾਅਦ ਕਰੇਨ ਮੰਗਵਾ ਕੇ ਕੰਟੇਨਰ ਸਿੱਧਾ ਕੀਤਾ ਗਿਆ।

## ਸਿਲਵਰ ਓਕ ਸਕੂਲ 'ਚ ਕੂਕਾ ਅੰਦੋਲਨ ਨੂੰ ਕੀਤਾ ਯਾਦ

**ਟਾਂਡਾ ਉੜਮੁੜ (ਓਂਕਾਰ ਸਿੰਘ ਜਸਵਿੰਦਰ ਸੰਧੂ)**

ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ ਵਿਖੇ ਕੂਕਾ ਅੰਦੋਲਨ ਦੇ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਸੰਸਥਾ ਦੇ ਚੈਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੈਡਮ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ 1872 ਤੱਕ ਚੱਲੇ ਕੂਕਾ ਅੰਦੋਲਨ ਦੇ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ



ਕਿਵੇਂ ਅੰਗਰੇਜਾਂ ਦੇ ਖਿਲਾਫ ਪੰਜਾਬ ਵਿਚ ਇਕ ਅਨੋਖੀ ਵਿਰੋਧੀ ਲਹਿਰ ਨੇ ਜਨਮ ਲਿਆ। ਪ੍ਰਿੰਸੀਪਲ ਮੁਨੀਸਾ ਸੰਗਰ ਨੇ ਦੱਸਿਆ ਕਿ ਬੱਚਿਆਂ ਨੂੰ ਸਾਡੇ ਗੌਰਵਮਈ ਇਤਿਹਾਸ ਦੇ ਬਾਰੇ ਜਾਣਕਾਰੀ ਹੋਣੀ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਕੂਕਾ ਅੰਦੋਲਨ ਦਾ ਆਜਾਦੀ ਦੀ ਲੜਾਈ ਵਿਚ ਪੰਜਾਬ ਵੱਲੋਂ ਇਕ ਅਹਿਮ ਯੋਗਦਾਨ ਸੀ ਅਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਅੱਖੋ ਓਹਲੇ ਨਹੀਂ ਕੀਤਾ ਜਾ ਸਕਦਾ। ਸਕੂਲ ਦੇ ਮੈਨੇਜਰ ਕਰਨਜੀਤ ਸਿੰਘ ਅਤੇ ਤਰਨ ਸੈਣੀ, ਸੰਜੀਵ ਕੁਮਾਰ ਸ਼ਰਮਾ, ਬਿਕਰਮਜੀਤ ਸਿੰਘ ਭੇਲਾ, ਗਜਿੰਦਰਪਾਲ ਸਿੰਘ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਰਾਜਵਿੰਦਰ ਕੌਰ, ਰਾਜਵੀਰ ਕੌਰ, ਗੁਰਪ੍ਰੀਤ ਕੌਰ, ਪਰਮਜੀਤ ਕੌਰ, ਸੁਮੀਤ ਕੌਰ, ਬਲਵਿੰਦਰ ਕੌਰ, ਕੁਲਵਿੰਦਰ ਕੌਰ, ਬਲਜਿੰਦਰ ਕੌਰ, ਸੁਮਨ ਅਤੇ ਬਾਕੀ ਸਟਾਫ਼ ਵੀ ਇਸ ਮੌਕੇ 'ਤੇ ਮੌਜੂਦ ਸੀ।

## ਬਾਪੂ ਕੁੰਭ ਦਾਸ ਸੇਵਾ ਮਿਸ਼ਨ ਵੱਲੋਂ ਸਟੇਟ ਤੇ ਨੈਸ਼ਨਲ ਪੱਧਰ ਦੇ ਖਿਡਾਰੀਆਂ ਦਾ ਸਨਮਾਨ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਬਾਪੂ ਕੁੰਭ ਦਾਸ ਸੇਵਾ ਮਿਸਨ ਵੱਲੋਂ ਡੇਰਾ ਬਾਪੂ ਕੁੰਭ ਦਾਸ ਬਰਾਰੀ (ਬਾਲੇਵਾਲ) ਵਿਖੇ ਬਾਪੂ ਕੁੰਭ ਦਾਸ ਦੀ 17ਵੀਂ ਬਰਸੀ ਸਬੰਧੀ ਆਯੋਜਿਤ ਧਾਰਮਿਕ ਸਮਾਗਮ ਦੌਰਾਨ ਖੇਡਾਂ 'ਚ ਸਟੇਟ ਤੇ ਨੈਸ਼ਨਲ ਪੱਧਰ 'ਤੇ ਮੱਲਾ ਮਾਰਨ ਵਾਲੇ ਸਕੂਲੀ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ। ਇੱਸ ਮੌਕੇ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਮਾਜ ਸੇਵੀ ਗੌਰਵ ਰਾਣਾ ਵੱਲੋਂ ਸਰਕਾਰੀ ਸਕੂਲ ਕਾਂਗੜ ਦੇ 15 ਹੋਣਹਾਰ ਵਿਦਿਆਰਥੀਆਂ ਜਿਨ੍ਹਾਂ ਨੇ ਕਿ ਕਬੱਡੀ ਜਗਤ ਦੇ ਹੋਰ ਕਈ ਖੇਡਾ ਵਿੱਚ ਨੈਸ਼ਨਲ ਤੇ ਸੂਬਾ ਪੱਧਰ 'ਤੇ ਪੁਜੀਸ਼ਨ ਹਾਸਲ ਕਰਨ ਵਾਲੇ 15 ਵਿਦਿਆਰਥਣਾਂ ਤੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਇੱਥੇ ਮੰਚ ਤੋਂ ਸੰਬੋਧਨ ਕਰਦਿਆਂ ਸਮਾਜ ਸੇਵੀ ਗੌਰਵ ਰਾਣਾ ਨੇ ਕਿਹਾ ਕਿ ਨੂਰਪੁਰਬੇਦੀ ਦੀ ਧਰਤੀ ਨੂੰ ਬਾਪੂ ਕੁੰਭ ਦਾਸ ਵਰਗੇ ਮਹਾਨ ਫੱਕਰਾਂ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਨੇ ਕਿਹਾ ਕਿ ਸੰਤ ਮਹਾਂਪੁਰਸ਼ ਸਾਡੇ ਸਮਾਜ ਦੀ ਨੀਂਹ ਹੁੰਦੇ ਹਨ। ਜਿੱਥੇ ਸੰਤ ਮਹਾਂਪੁਰਸ਼ ਧਰਮ ਤੇ ਮਰਿਆਦਾ ਦੀ ਰੱਖਿਆ ਕਰਦੇ ਹਨ। ਉੱਥੇ ਇਨ੍ਹਾਂ ਤੋਂ ਸੇਧ ਲੈ ਕੇ ਇਨਸਾਨ ਆਪਣੇ ਜੀਵਨ ਨੂੰ ਸਫਲ ਬਣਾ ਸਕਦਾ ਹੈ। ਰਾਣਾ ਨੇ ਵਿਦਿਆਰਥਣਾਂ ਦੀ ਸਫਲਤਾ ਦੇ ਉਨ੍ਹਾਂ ਨੂੰ ਮੁਬਾਰਕਬਾਦ ਦਿੰਦਿਆਂ ਸ਼ਾਬਾਸ਼ੀ ਦਿੱਤੀ ਉਥੇ ਹੀ ਸਰਕਾਰੀ ਸਕੂਲ ਕਾਂਗੜ ਦੇ ਹੈਡਮਾਸਟਰ ਦੀ ਅੱਣਥਕ ਮਿਹਨਤ ਦੀ ਸਲਾਘਾ ਕੀਤੀ। ਇਸ



ਮੌਕੇ ਡੇਰੇ ਦੇ ਮੁੱਖ ਗੱਦੀਨਸ਼ੀਨ ਮਹੰਤ ਬੰਤੋਂ ਦਾਸ ਵੱਲੋ ਆਈਆਂ ਸਖਸੀਅਤਾਂ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਦਿਨੇਸ਼ ਹੱਲਣ, ਡਾਇਰੈਕਟਰ ਹਰਕੇਤ ਸਿੰਘ ਕੌਲਪੁਰ, ਚੌਧਰੀ ਲੇਖ ਰਾਜ, ਐਡਵੋਕੇਟ ਗਗਨਦੀਪ ਬਸਾਲੀ, ਜੱਸੀ ਬਲਾਚੌਰੀਆ,ਮਾ. ਦਵਿੰਦਰ ਬਾਲੇਵਾਲ, ਮਾ. ਸੋਮਨਾਥ ਮਣਕੌਲੀ,ਅਮਰਚੰਦ ਬਾਲੇਵਾਲ,ਸਾਗਰ ਦਾਸ,ਮੌਨੂੰ ਮੁਸਾਪੁਰਿਆ ਤੇ ਮਿਸ਼ਨ ਦੇ ਹੋਰ ਮੈਂਬਰ ਹਾਜਰ ਸਨ।

## ਸਿਹਤ ਵਿਭਾਗ ਸ੍ਰੀ ਚਮਕੌਰ ਸਾਹਿਬ ਵੱਲੋਂ ਰੋਡ ਸੇਫਟੀ ਹਫ਼ਤਾ ਮਨਾਇਆ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਸਹਾਇਕ ਕਮਿਸ਼ਨਰ ਜਨਰਲ ਰੂਪਨਗਰ ਦੇ ਹੁਕਮਾਂ ਅਤੇ ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਰੋਡ ਸੇਫਟੀ ਵੀਕ ਮਨਾਇਆ ਗਿਆ। ਇਸ ਮੌਕੇ ਹਰਨਰਾਇਣ ਸਿੰਘ ਓਪਥੈਲਮਿਕ ਅਫਸਰ ਵੱਲੋਂ ਗੁਰੂ ਨਾਨਕ ਟੈਕਸੀ ਸਟੈਂਡ ਅਤੇ ਟਰੱਕ ਯੂਨੀਅਨ ਸ੍ਰੀ ਚਮਕੌਰ ਸਾਹਿਬ ਦੇ ਡਰਾਇਵਰਾਂ ਦੀਆਂ ਅੱਖਾਂ ਦਾ ਚੈੱਕ-ਅੱਪ ਕੀਤਾ ਗਿਆ ਤੇ ਬਿਮਾਰੀਆਂ ਸੰਬੰਧੀ ਵਿਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਡਰਾਇਵਰਾਂ ਨੂੰ ਆਪਣੀਆਂ ਅੱਖਾਂ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਅੱਖਾਂ ਦੀ ਜਾਂਚ ਸਮੇਂ ਸਮੇਂ ਤੇ ਕਰਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਅੱਖਾਂ ਨਾਲ ਸੰਬਧਤ ਬਿਮਾਰੀਆਂ ਦਾ ਸਹੀ ਸਮੇਂ ਸਿਰ ਇਲਾਜ਼ ਕਰਵਾਇਆ ਜਾ ਸਕੇ। ਇਸ ਮੌਕੇ ਡਾ.ਗੋਬਿੰਦ ਟੰਡਨ ਨੇ ਕਿਹਾ ਕਿ ਜੇਕਰ ਕਿਸੇ ਨੂੰ ਲੱਗਦਾ ਹੈ ਕਿ ਨਜ਼ਰ ਘੱਟ ਰਹੀ ਹੈ ਜਾਂ ਅੱਖਾਂ 'ਤੇ ਜ਼ੋਰ ਪੈ ਰਿਹਾ ਹੈ ਤਾਂ ਉਹ ਤੁਰੰਤ ਆਪਣੀ ਨਜ਼ਰ ਦੀ ਜਾਂਚ ਕਰਵਾਉਣ ਤਾਂ ਜੋ ਸਮੇਂ ਸਿਰ ਲੋੜ ਅਨੁਸਾਰ ਐਨਕ ਲਗਾਈ ਜਾ ਸਕੇ। ਇਸ ਮੌਕੇ ਨਰੰਜਣ ਸਿੰਘ ਕਾਉਂਸਲਰ ਨੇ ਨਸ਼ਿਆਂ ਸੰਬਧੀ ਅਤੇ ਡੈਪੋ ਪ੍ਰੋਗਰਾਮ ਸਬੰਧੀ ਡਰਾਇਵਰਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਟਰੱਕ ਯੂਨੀਅਨ ਅਤੇ ਗੁਰੂ ਨਾਨਕ ਟੈਕਸੀ ਸਟੈਂਡ ਦੇ ਡਰਾਇਵਰ ਹਾਜ਼ਰ ਸਨ।




## 'ਧੰਨ ਗੁਰੂ ਰਵਿਦਾਸ ਜੀ' ਭਗਤੀ ਗੀਤ ਦੀ ਰਿਕਾਰਡਿੰਗ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਗਰੇਸਾ ਫਿਲਮਜ਼ ਵੱਲੋਂ ਇੱਕ ਭਗਤੀ ਗੀਤ 'ਧੰਨ ਗੁਰੂ ਰਵਿਦਾਸ ਜੀ' ਦੀ ਰਿਕਾਰਡਿੰਗ ਮੌਕੇ ਮਾਨਵਵਾਦੀ ਚਿੰਤਕ ਹਰਜਿੰਦਰ ਸਿੰਘ ਓਬਰਾਏ ਅਤੇ ਪੰਜਾਬ ਮੰਡੀ ਬੋਰਡ ਦੇ ਰਿਟਾਇਰਡ ਡੀ.ਡੀ.ਐਮ. ਨਰੇਸ਼ ਬੈਂਸ ਵਿਸ਼ੇਸ਼ ਤੌਰ 'ਤੇ ਪੁੱਜੇ। ਗੀਤ ਦੇ ਲੇਖਕ ਅਤੇ ਗਾਇਕ ਤਰਨਜੀਤ ਹਨ। ਇਸ ਦਾ ਸੰਗੀਤ ਸੁਨੀਲ ਬਾਵਾ ਨੇ ਦਿੱਤਾ ਹੈ। ਇਸ ਮੌਕੇ ਮਾਨਵਵਾਦੀ ਚਿੰਤਕ ਹਰਜਿੰਦਰ ਸਿੰਘ ਓਬਰਾਏ ਨੇ ਦੱਸਿਆ ਕਿ ਸਾਨੂੰ ਮਨੁੱਖ ਜਾਤੀ ਦੇ ਮਾਨਸਿਕ ਵਿਕਾਸ ਲਈ ਸਹਿਜ ਅਤੇ ਸੰਜਮ ਨਾਲ ਚੱਲਦੇ ਹੋਏ ਕੰਮ ਕਰਦੇ ਰਹਿਣਾ ਚਾਹੀਦਾ ਹੈ। ਇਹ ਮਾਨਵਤਾ ਦਾ ਸੁਨੇਹਾ ਗੁਰੂਆਂ ਅਤੇ ਪੀਰਾਂ ਦਾ ਸੁਨੇਹਾ ਹੈ ਜੋ ਮਨੁੱਖਤਾ ਦੇ ਕਲਿਆਣ ਲਈ ਇਕ ਕਾਰਗਰ ਕਦਮ ਹੈ।

ਇਸ ਮੌਕੇ ਨਰੇਸ਼ ਬੈਂਸ ਅਲਤਬਸ ਨੇ ਦੱਸਿਆ ਕਿ ਮਨੁੱਖ ਜਾਤੀ ਲਈ ਬੇਗਮਪੁਰੇ ਦਾ ਸੰਕਲਪ ਰਵਿਦਾਸ ਮਹਾਰਾਜ ਜੀ ਦਾ ਵਿਸ਼ਵ ਕਲਿਆਣ ਦੀ ਕਾਮਨਾ ਅਤੇ=ਅਲਤਬਸ ਕਰਮ ਯੰਤਰ ਹੈ। ਇਸ ਮੌਕੇ ਗਰੇਸਾ ਦੇ ਨਿਰਦੇਸ਼ਕ ਅਸ਼ੋਕ ਪੁਰੀ ਨੇ ਦੱਸਿਆ ਕਿ ਰਵਿਦਾਸ ਮਹਾਰਾਜ ਦੇ ਜਨਮ ਦਿਨ ਦੇ ਮੌਕੇ ਇਹ ਭਗਤੀ ਗੀਤ ਲੋਕ ਅਰਪਣ ਕੀਤਾ ਜਾਵੇਗਾ।

## ਦਿਵਿਆਂਗਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਦੇਣ ਲਈ ਬਣਾਏ ਜਾ ਰਹੇ ਹਨ ਯੂ ਡੀ ਆਈ ਡੀ ਕਾਰਡ : ਡਾ. ਵਿਧਾਨ ਚੰਦਰ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਸੀ.ਐਚ.ਸੀ ਸਿੰਘਪੁਰ ਵਿਖੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਵਿਸੇਸ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਰੂਪਨਗਰ ਤੋਂ ਅੱਖਾਂ,ਕੰਨਾਂ, ਹੱਡੀਆ, ਮਾਹਿਰ ਡਾਕਟਰਾਂ ਨੇ ਮੌਕੇ 'ਤੇ ਹੀ ਚੈਕਅਪ ਕੀਤਾ ਅਤੇ ਰਜਿਸਟ੍ਰੇਸ਼ਨ ਕੀਤੀ। ਇਹ ਜਾਣਕਾਰੀ ਡਾ.ਵਿਧਾਨ ਚੰਦਰ ਸੀਨੀਅਰ ਮੈਡੀਕਲ ਅਫਸਰ ਨੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਕੇ ਉਨ੍ਹਾਂ ਦੀ ਅਸਮਰੱਥਾ ਮੁਤਾਬਿਕ ਸਰਟੀਫਿਕੇਟ ਜਾਰੀ ਕੀਤੇ ਜਾਂਦੇ ਹਨ। ਜਿਸ ਦੇ ਲਈ ਵਿਅਕਤੀ ਨੂੰ ਸਬੰਧਿਤ ਮਾਹਰ ਡਾਕਟਰ ਤੋਂ ਆਪਣਾ ਚੈਕਅਪ ਕਰਵਾ ਕੇ ਟੈਸਟ ਰਿਪੋਰਟ ਲਈ ਜਾਂਦੀ ਹੈ। ਜਿਸ ਦੇ ਅਧਾਰ ਤੇ ਉਸ ਦਾ ਸਿਹਤ ਵਿਭਾਗ ਵਲੋਂ ਸਿਵਲ ਸਰਜਨ ਰਾਹੀ ਸਰਟੀਫਿਕੇਟ ਬਣਾਇਆ ਜਾਂਦਾ ਹੈ, ਜੋ ਉਸ ਦੇ ਦਿਵਿਆਂਗ ਹੋਣ ਨੂੰ ਤਸਦੀਕ ਕਰਦਾ ਹੈ ਅਤੇ ਦਿਵਿਆਂਗ ਵਿਅਕਤੀ ਸਰਕਾਰ ਦੀਆਂ ਵੱਖ ਵੱਖ ਯੋਜਨਾਵਾਂ ਦਾ ਲਾਭ ਲੈ ਸਕਦਾ ਹੈ। ਯੂ.ਡੀ.ਆਈ.ਡੀ ਕਾਰਡ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ, ਜੋ ਕਿ ਆਨਲਾਈਨ ਵੀ ਉਪਲੱਬਧ ਹੈ। ਇਸ ਕੈਂਪ ਵਿਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ ਜਿਨ੍ਹਾਂ ਦਾ ਡਾਕਟਰਾਂ ਨੇ ਮੌਕੇ 'ਤੇ ਹੀ ਚੈਕਅੱਪ ਕਰਕੇ ਰਿਪੋਰਟ ਤਿਆਰ ਕਰਕੇ ਕਾਰਡ ਬਣਾਏ ਗਏ। ਇਸ ਮੌਕੇ ਡਾਕਟਰ ਭਾਰਤ ਭੂਸ਼ਨ ਹੱਡੀਆਂ ਮਾਹਰ,ਡਾਕਟਰ ਅਮਨ ਕਾਲੀਆ ਅੱਖਾਂ ਰੋਗਾਂ ਦੇ ਮਾਹਿਰ ,ਡਾਕਟਰ ਨੂਪੁਰ ਅੱਖ ਕੰਨ ਗਲੇ ਦੇ ਮਾਹਰ ਵੱਲੋਂ ਆਏ ਹੋਏ ਲੋੜਵੰਦ ਵਿਅਕਤੀਆਂ ਤੇ ਬੱਚਿਆਂ ਦਾ ਮੁਆਇਨਾ ਕੀਤਾ ਗਿਆ।

## ਆਰ ਟੀ ਏ ਦਫ਼ਤਰ 'ਚ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਕੀਤਾ ਜਾਗਰੂਕ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੜਕ ਸੁਰੱਖਿਆ ਹਫ਼ਤੇ ਤਹਿਤ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ ਹੁਸ਼ਿਆਰਪੁਰ ਪ੍ਰਦੀਪ ਸਿੰਘ ਢਿੱਲੋਂ ਵਲੋਂ ਆਰ.ਟੀ.ਏ ਦਫ਼ਤਰ ਵਿਚ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਜਾਰਗੂਕਤਾ ਕੈਂਪ ਵਿਚ ਉਨ੍ਹਾਂ ਅਤੇ ਉਨ੍ਹਾਂ ਦੇ ਸਟਾਫ਼ ਨੇ ਆਮ ਜਨਤਾ ਤੇ ਡਰਾਈਵਰਾਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਨਿਯਮਾਂ ਸਬੰਧੀ ਸਾਹਿਤ ਵੀ ਵੰਡਿਆ। ਸਕੱਤਰ ਆਰ.ਟੀ.ਏ ਪ੍ਰਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਸੜਕ ਸੁਰੱਖਿਆ ਜਾਗਰੂਕਤਾ ਹਫਤੇ ਦੀ ਇਸ ਲੜੀ ਵਿਚ ਸੋਨਾਲੀਕਾ ਟਰੈਕਟਰਜ਼ ਲਿਮਟਿਡ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਲੋੜਵੰਦਾਂ ਨੂੰ ਮੁਫ਼ਤ ਹੈਲਮਟ ਵੰਡੇ ਗਏ ਅਤੇ ਨੂਰ ਪ੍ਰਦੂਸ਼ਣ ਚੈੱਕ ਸੈਂਟਰ ਵਲੋਂ ਪ੍ਰਦੂਸ਼ਣ ਚੈਕਿੰਗ ਵੀ ਕੀਤੀ ਗਈ। ਇਸ ਦੌਰਾਨ 50 ਗੱਡੀਆਂ ਦੇ ਪ੍ਰਦੂਸ਼ਣ ਚੈੱਕ ਕਰਕੇ ਉਨ੍ਹਾਂ ਨੂੰ ਮੁਫ਼ਤ ਪ੍ਰਦੂਸ਼ਣ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਇਸ ਮੌਕੇ ਸੈਕਸ਼ਨ ਅਫ਼ਸਰ ਰਜਿੰਦਰ ਸਿੰਘ ਤੋਂ ਇਲਾਵਾ ਸੁਰਿੰਦਰ ਭੰਡਾਰੀ, ਰਵਿੰਦਰ ਸ਼ਰਮਾ, ਜਤਿੰਦਰ ਸਿੰਘ ਵੀ ਮੌਜੂਦ ਸਨ।

## ਅਟਵਾਲ ਵੱਲੋਂ ਚੌਧਰੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਨੂਰਮਹਿਲ (ਬਾਲੀ)**- ਜਲੰਧਰ ਤੋਂ ਮੈਂਬਰ ਪਾਰਲੀਮੈਂਟ ਅਤੇ ਕਾਂਗਰਸ ਦੇ ਆਗੂ ਚੌਧਰੀ ਸੰਤੋਖ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਾਬਕਾ ਮੰਤਰੀ ਪੰਜਾਬ ਗੁਰਬਿੰਦਰ ਸਿੰਘ ਅਟਵਾਲ ਨੇ ਆਖਿਆ ਹੈ ਕਿ ਚੌਧਰੀ ਸੰਤੋਖ ਸਿੰਘ ਨੇ ਹਮੇਸ਼ਾਂ ਹੀ ਗਰੀਬਾਂ ਦੇ ਹੱਕਾਂ ਦੀ ਰਾਖੀ ਕੀਤੀ ਅਤੇ ਉਨ੍ਹਾਂ ਦੀ ਆਵਾਜ ਨੂੰ ਸਮੇਂ ਸਮੇਂ 'ਤੇ ਸਰਕਾਰ ਤੱਕ ਪੁਹੰਚਾਇਆ । ਚੌਧਰੀ ਹਰੇਕ ਇਨਸਾਨ ਦੀ ਕਦਰ ਕਰਦੇ ਸਨ ਅਤੇ ਬਹੁਤ ਹੀ ਮਿੱਠੇ ਸੁਭਾਅ ਦੇ ਸਨ । ਉਨ੍ਹਾਂ ਦਾ ਘਾਟਾ ਕਦੀ ਵੀ ਪੂਰਾ ਨਹੀਂ ਹੋ ਸਕਦਾ।

## ਲਾਰਡ ਕ੍ਰਿਸ਼ਨਾ ਕਾਲਜ 'ਚ ਨੈਸ਼ਨਲ ਯੂਥ ਡੇ ਮਨਾਇਆ

**ਸੁਲਤਾਨਪੁਰ ਲੋਧੀ, (ਹਨੀ)**- ਲਾਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਵਿਖੇ ਸਵਾਮੀ ਵਿਵੇਕਾਨੰਦ ਦੀ ਜਯੰਤੀ ਨੂੰ ਸਮਰਪਿਤ ਨੈਸ਼ਨਲ ਯੂਥ ਡੇ ਮਨਾਇਆ ਗਿਆ ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਰੂਬੀ ਭਗਤ ਨੇ ਦੱਸਿਆ ਕਿ ਭਾਰਤ ਸਰਕਾਰ ਨੇ 1984 ਵਿਚ



12 ਜਨਵਰੀ ਨੂੰ ਨੈਸ਼ਨਲ ਯੂਥ ਡੇ ਵੱਜੋਂ ਮਨਾਉਣ ਦਾ ਐਲਾਨ ਕੀਤਾ ਸੀ ਅਤੇ ਫਿਰ ਹਰ ਸਾਲ 12 ਜਨਵਰੀ ਦੇ ਦਿਨ ਨੂੰ ਨੈਸ਼ਨਲ ਯੂਥ ਡੇ ਵੱਜੋਂ ਮਨਾਇਆ ਜਾਣ ਲੱਗਾ । ਇਸ ਦੌਰਾਨ ਕਾਲਜ ਦੇ ਵਿਦਿਆਰਥੀਆਂ ਬਹੁਤ ਹੀ ਸਹਿਜਤਾ ਨਾਲ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਪ੍ਰੋ. ਸੁੰਮੀ ਧੀਰ, ਪ੍ਰੋ.ਰਮਾ, ਪ੍ਰੋ.ਕੁਲਦੀਪ ਕੌਰ, ਪ੍ਰੋ.ਚਰਨਜੀਤ ਕੌਰ, ਪ੍ਰੋ.ਵੀਨਸ, ਪ੍ਰੋ.ਨੀਰੂ ਬਾਲਾ, ਮੈਡਮ ਰੀਟਾ ਰਾਣੀ ਆਦਿ ਸਟਾਫ਼ ਮੈਂਬਰ ਹਾਜਰ ਸਨ ।

## ਠੰਢ 'ਚ ਲਗਾਇਆ ਚਾਹ ਦਾ ਲੰਗਰ



**ਕਪੂਰਥਲਾ ( ਰਵਿੰਦਰ ਸਿੰਘ)** — ਕੜਾਕੇ ਦੀ ਠੰਡ ਵਿੱਚ ਪੁਲਸ ਲਾਈਨ ਚੌਂਕ ਵਿਖੇ ਚਾਹ ਦਾ ਲੰਗਰ ਲਗਾਇਆ ਗਿਆ। ਇਹ ਲੰਗਰ ਸਵੇਰ 8 ਵਜੇ ਤੋਂ ਦੁਪਿਹਰ 12 ਵਜੇ ਤਕ ਚੱਲਦਾ ਰਿਹਾ। ਕੜਾਕੇ ਦੀ ਠੰਡ ਵਿੱਚ ਗਰਮ ਚਾਹ ਨੇ ਲੋਕਾਂ ਨੂੰ ਖੂਬ ਰਾਹਤ ਦਿੱਤੀ। ਇਹ ਲੰਗਰ ਦੋ ਭਰਾਵਾਂ ਵਲੋਂ ਸਮੇਤ ਪਰਵਾਰ ਲਗਵਾਇਆ ਗਿਆ। ਚਾਹ ਨਾਲ ਆਟੇ ਵਾਲੇ ਬਿਸਕੁਟ ਵੀ ਦਿੱਤੇ ਗਏ। ਆਉਂਦੀ-ਜਾਂਦੀ ਸੰਗਤ ਨੇ ਲੰਗਰ ਨੂੰ ਸ਼ਰਧਾ ਨਾਲ ਛਕਿਆ।

## ਕਾਂਤਾ ਪੰਮਾ ਨਮਿੱਤ ਗਰੁੜ ਪੁਰਾਣ ਪਾਠ ਤੇ ਰਸਮ ਪਗੜੀ 21 ਨੂੰ



**ਫਿਲੌਰ (ਬੀ ਐਸ ਕੈਨੈਡੀ)**- ਸਥਾਨਕ ਨਗਰ ਕੌਂਸਲ ਦੀ ਕੌਂਸਲਰ ਸ੍ਰੀਮਤੀ ਨੇਹਾ ਪੰਮਾ ਪਤਨੀ ਅੰਮਿਤ ਸੋਨੂ ਪੰਮਾ ਦੀ ਦਾਦੀ ਸਵ. ਸ੍ਰੀਮਤੀ ਕਾਤਾਂ ਪੰਮਾ ਦਾ ਬੀਤੇ ਦਿਨੀਂ ਦਿਹਾਤ ਹੋ ਗਿਆ ਸੀ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਗਰੁੜ ਪੁਰਾਨ ਪਾਠ ਦਾ ਭੋਗ ਅਤੇ ਰਸਮ ਪਗੜੀ 21 ਜਨਵਰੀ ਨੂੰ ਵਿ ਮੰਦਿਰ ਮੁਹੱਲਾ ਚੌਧਰੀਆਂ ਫਿਲੌਰ ਵਿਖੇ 1 ਤੋਂ 2 ਵਜੇ ਤੱਕ ਹੋਣਗੇ।

## ਚਾਨਣ ਮੁਨਾਰਾ ਮੁਹਿੰਮ ਤਹਿਤ ਕਰਵਾਇਆ ਨੁੱਕੜ ਨਾਟਕ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ ਏ ਐਸ ਨਗਰ ਦੇ ਦਿਸ਼ਾ-ਨਿਰਦੇਸਾਂ ਅਤੇ ਦਿਲਬਾਗ ਸਿੰਘ ਜੌਹਲ, ਜ਼ਿਲ੍ਹਾ ਤੇ ਸ਼ੈਸ਼ਨ ਜੱਜ—ਕਮ—ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਪਰਾਜਿਤਾ ਜੋਸ਼ੀ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ—ਕਮ—ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਲੋਂ ਚਾਨਣ ਮੁਨਾਰਾ ਮੁਹਿੰਮ ਤਹਿਤ ਪਿੰਡ ਹਰੀਪੁਰ, ਬਲਾਕ ਹੁਸ਼ਿਆਰਪੁਰ—2 ਵਿਖੇ ਨੁੱਕੜ ਨਾਟਕ ਕਰਵਾਇਆ ਗਿਆ। ਪ੍ਰਿੰਸੀਪਲ ਲਲਿਤਾ ਅਰੋੜਾ ਦੇ ਸਹਿਯੋਗ ਨਾਲ ਰੇਲਵੇ ਮੰਡੀ, ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਹੁਸ਼ਿਆਰਪੁਰ ਦੀਆਂ ਵਿਦਿਆਰਥਣਾਂ ਵਲੋਂ ਖੇਡੇ ਗਏ ਇਸ ਨਾਟਕ ਰਾਹੀਂ ਪਿੰਡ ਵਾਸੀਆਂ ਨੂੰ ਡੀ.ਵੀ. ਐਕਟ ਪੀ. ਐਲ. ਏ, ਲੋਕ ਅਦਾਲਤਾਂ ਅਤੇ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਦੇ ਪੀ.ਐਲ.ਵੀ ਹਾਜਰ ਸਨ।

# 'ਵਰਸਿਟੀਆਂ ਮਿਲ ਕੇ ਪੰਜਾਬ ਨੂੰ ਸਟਾਰਟ-ਅਪ ਹੱਬ ਬਣਾਉਣ : ਬੈਂਸ

**ਜਲੰਧਰ (ਸ਼ੈਲੀ ਐਲਬਰਟ)**

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਯੂਨੀਵਰਸਿਟੀਆਂ ਨੂੰ ਮਿਲਕੇ ਪੰਜਾਬ ਨੂੰ ਸਟਾਰਟ-ਅਪ ਹੱਬ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ। ਉਹਨਾਂ ਆਈ.ਕੇ.ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ.ਕੇ.ਜੀ ਪੀ.ਟੀ.ਯੂ) ਜਲੰਧਰ ਦੇ ਇੱਕ ਅਲੂਮਨੀ ਵੱਲੋਂ ਗੁੜ ਬਣਾਉਣ ਵਾਲੇ ਕੰਮ ਨੂੰ ਸਟਾਰਟ-ਅਪ ਵੱਜੋਂ ਲੈਂਦੇ ਹੋਏ ਸਫਲ ਕੰਪਨੀ ਸਥਾਪਿਤ ਕਰਨ ਦੀ ਉਦਾਹਰਣ ਨੂੰ ਪ੍ਰੇਰਨਾਦਾਇਕ ਦੱਸਦਿਆਂ ਪੰਜਾਬ ਅੰਦਰਲੇ ਤਕਨੀਕੀ ਸਿੱਖਿਆ ਦੇ ਅਦਾਰਿਆਂ ਨੂੰ ਇਸ ਰਾਹ 'ਤੇ ਕੰਮ ਕਰਨ ਨੂੰ ਕਿਹਾ ਹੈ। ਸੋਮਵਾਰ ਨੂੰ ਆਈ.ਕੇ.ਜੀ ਪੀ.ਟੀ.ਯੂ ਦੇ 27ਵੇਂ ਸਥਾਪਨਾ ਦਿਵਸ ਸਮਾਰੋਹ ਨੂੰ ਬਤੌਰ ਮੁੱਖ ਮਹਿਮਾਨ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਵਰਤਮਾਨ ਵਿਚ ਪੰਜਾਬ ਅੰਦਰਲੇ ਉਦਯੋਗਾਂ ਨੂੰ ਕੁਸ਼ਲ ਕਾਮਿਆਂ ਦੀ ਸਖ਼ਤ ਜਰੂਰਤ ਹੈ। ਉਹਨਾਂ ਬੋਆਈਲਰ ਉਦਯੋਗ ਦੀ ਜਰੂਰਤ ਦੇ ਤੱਥ ਸਾਂਝੇ ਕਰਦੇ ਹੋਏ ਕਿਹਾ ਕਿ ਵਰਤਮਾਨ ਵਿਚ ਸਿਰਫ ਇਸ ਇੰਡਸਟਰੀ ਨੂੰ ਹੀ 50 ਹਜ਼ਾਰ ਕੁਸ਼ਲ ਕਾਮਿਆਂ ਦੀ ਜਰੂਰਤ ਹੈ, ਜਦੋਂਕਿ ਇੱਕ ਵੀ ਡਿਗਰੀ ਜਾ ਸਰਟੀਫ਼ਿਕੇਟ ਰੱਖਣ ਵਾਲਾ ਨਿਪੁੰਨ ਕਰਮਚਾਰੀ ਪ੍ਰਦੇਸ਼ ਵਿਚ ਨਹੀਂ ਮਿਲ ਪਾ ਰਿਹਾ ਹੈ। ਉਹਨਾਂ ਇਸ ਲਈ ਸਕੂਲ ਸਿਖਿਆ, ਫਿਰ ਕਾਲਜ ਸਿਖਿਆ ਜਾਂ ਤਕਨੀਕੀ ਸਿਖਿਆ ਅਤੇ ਅੰਤ ਵਿਚ



ਯੂਨੀਵਰਸਿਟੀਆਂ ਵਿਚ ਆਪਸੀ ਤਾਲਮੇਲ ਦੀ ਕਮੀ ਨੂੰ ਜਿੰਮੇਦਾਰ ਮੰਨਦੇ ਹੋਏ ਸਕੂਲ, ਕਾਲਜ, ਤਕਨੀਕੀ ਸਿੱਖਿਆ ਦੇ ਅਦਾਰਿਆਂ ਤੇ ਯੂਨੀਵਰਸਿਟੀਆਂ ਨੂੰ ਮਿਲਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਹਨਾਂ ਵੱਲੋਂ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੇ 7ਵੇਂ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਤੇ ਓਲਡ ਪੈਨਸ਼ਨ ਸਕੀਮ ਦਾ ਲਾਭ ਤਕਨੀਕੀ ਯੂਨੀਵਰਸਿਟੀਆਂ ਦੇ ਸਟਾਫ਼ ਉਪਰ ਵੀ ਲਾਗੂ ਕਰਵਾਉਣ ਦੀ ਸਿਫਾਰਿਸ਼ ਸਰਕਾਰ ਨੂੰ ਕਰਨ ਦਾ ਭਰੋਸਾ ਦਿਵਾਇਆ।

ਯੂਨੀਵਰਸਿਟੀ ਪਹੁੰਚਣ ਤੇ ਰਜਿਸਟਰਾਰ ਡਾ.ਐਸ.ਕੇ.ਮਿਸ਼ਰਾ, ਵਿੱਤ ਅਧਿਕਾਰੀ ਡਾ.ਸੁਖਬੀਰ ਵਾਲੀਆ ਤੇ ਕੰਟ੍ਰੋਲਰ ਪ੍ਰੀਖਿਆਵਾਂ ਡਾ.ਪਰਮਜੀਤ ਸਿੰਘ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਯੂਨੀਵਰਸਿਟੀ ਰਜਿਸਟਰਾਰ ਡਾ.ਮਿਸ਼ਰਾ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅੱਗੇ ਯੂਨੀਵਰਸਿਟੀ ਦੇ 26 ਸਾਲਾਂ ਦੇ ਉਤਾਰ-ਚੜ੍ਹਾਹ, ਪ੍ਰਾਪਤੀਆਂ ਤੇ ਪਹਿਲਕਦਮੀਆਂ ਦਾ ਬਿਉਰਾ ਪੇਸ਼ ਕੀਤਾ ਗਿਆ। ਇਸ ਮੌਕੇ ਯੂਨੀਵਰਸਿਟੀ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਾਜਰੀ ਵਿਚ ਪਾਠ ਦੇ ਭੋਗ ਪਾਏ ਗਏ ਅਤੇ ਸੰਗਤ ਸਨਮੁੱਖ ਕੀਰਤਨ ਹੋਇਆ।

ਯੂਨੀਵਰਸਿਟੀ ਦੇ ਸ਼੍ਰੀ ਗੁਰੂ ਨਾਨਕ ਦੇਵ ਜੀ ਆਡੀਟੋਰੀਅਮ ਵਿਚ ਸਥਾਪਨਾ ਦਿਵਸ ਦੇ ਕਲਚਰਲ ਸਮਾਰੋਹ ਦੀ ਸ਼ੁਰੂਆਤ ਮੁੱਖ ਮਹਿਮਾਨ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਵਿਸ਼ੇਸ਼ ਮਹਿਮਾਨ ਰਾਜੀਵ ਕੁਮਾਰ ਗੁਪਤਾ, ਆਈ.ਏ.ਐਸ, ਸੱਕਤਰ ਪੰਜਾਬ ਰਾਜ ਤਕਨੀਕੀ ਸਿਖਿਆ ਤੇ ਉਦਯੋਗਿਕ ਸਿਖਲਾਈ ਬੋਰਡ ਤੇ ਮੇਜ਼ਬਾਨ ਮੰਡਲ ਵੱਲੋਂ ਸ਼ਮਾ ਰੌਸ਼ਨ ਕਰਨ ਨਾਲ ਕੀਤੀ ਗਈ। ਇਸ ਮੌਕੇ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਬਿਹਤਰ ਉਦਯੋਗਿਕ ਸਿਖਲਾਈ ਤੇ ਰੋਜ਼ਗਾਰ ਦੇ ਮੌਕੇ ਮੁਹਈਆ ਕਰਵਾਉਣ ਲਈ ਪ੍ਰਸਿੱਧ ਉਦਯੋਗਪਤੀ ਹਰਜਿੰਦਰ ਸਿੰਘ ਚੀਮਾ, ਚੇਅਰਮੈਨ ਚੀਮਾ ਬੋਆਈਲਰਜ, ਰੋਪੜ ਅਤੇ ਸੁਰੇਂਦਰ ਵਿਕਰਮ ਸਿੰਘ, ਫਾਉਂਡਰ ਵੀ.ਟੀ. ਨੇਟਜ਼ਵੇਲਟ ਪ੍ਰਾ ਲਿਮਿਟੇਡ ਨੂੰ ਵਿਸ਼ੇਸ਼ ਤੌਰ ਕੈਬਿਨਟ ਮੰਤਰੀ ਬੈਂਸ ਪਾਸੋਂ ਸਨਮਾਨਿਤ ਕਰਵਾਇਆ ਗਿਆ। ਇਸ ਤੋਂ ਇਲਾਵਾ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ (ਐਲੁਮਨੀ) ਰਾਹੁਲ ਦਾਵੇਸਰ, ਪੀਪਲ ਮੈਨੇਜਰ ਮਾਇਕ੍ਰੋਸਾਫ਼ਟ ਤੇ ਕੌਸ਼ਲ ਸਿੰਘ, ਕੋ-ਫਾਉਂਡਰ ਐਂਡ ਸੀ.ਓ.ਓ ਜੈਗਰ ਕੇਨ (ਸਟਾਰਟ-ਅੱਪ) ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਤਕਨੀਕੀ ਸਿਖਿਆ ਮੰਤਰੀ ਵੱਲੋਂ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵੱਲੋਂ ਤਿਆਰ ਸਲਾਨਾ ਕਲੰਡਰ ਵੀ ਜ਼ਾਰੀ ਕੀਤਾ ਗਿਆ। ਪ੍ਰੋਗਰਾਮ ਦੌਰਾਨ ਸਵਾਗਤੀ ਭਾਸ਼ਣ ਰਜਿਸਟਰਾਰ ਡਾ.ਐਸ.ਕੇ.ਮਿਸ਼ਰਾ ਵੱਲੋਂ ਦਿੱਤਾ ਗਿਆ, ਜਦੋਂ ਕਿ ਧੰਨਵਾਦ ਦਾ ਪ੍ਰਸਤਾਵ ਪ੍ਰੋਗਰਾਮ ਦੇ ਚੀਫ਼ ਕੋਆਰਡੀਨੇਟਰ ਡੀਨ (ਪਲਾਨਿੰਗ ਐਂਡ ਐਕਸਟਰਨਲ ਪਲਾਨਿੰਗ) ਡਾ.ਆਰ.ਪੀ.ਐਸ ਬੇਦੀ ਵੱਲੋਂ ਰੱਖਿਆ ਗਿਆ। ਮੰਚ ਸੰਚਾਲਨ ਡਿਪਟੀ ਰਜਿਸਟਰਾਰ ਲੋਕ ਸੰਪਰਕ ਰਜਨੀਸ਼ ਸ਼ਰਮਾ, ਸਹਾਇਕ ਪ੍ਰੋਫੈਸਰ ਪੰਜਾਬੀ ਡਾ.ਸਰਬਜੀਤ ਸਿੰਘ ਅਤੇ ਡਿਪਟੀ ਲਾਇਬ੍ਰੇਰੀਅਨ ਮਧੂ ਮਿੱਡਾ ਵੱਲੋਂ ਕੀਤਾ ਗਿਆ। ਯੂਨੀਵਰਸਿਟੀ ਅਤੇ ਇਸਦੇ ਐਫੀਲੇਟਡ ਕਾਲਜ ਸੀ.ਟੀ.ਗਰੁੱਪ ਆਫ਼ ਇੰਸਟੀਟਿਊਟ ਦੇ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਮੌਕੇ ਗਿੱਧਾ ਤੇ ਭੰਗੜਾ ਪੇਸ਼ ਕੀਤਾ ਗਿਆ। ਸਮਾਰੋਹ ਤੋਂ ਬਾਅਦ ਯੂਨੀਵਰਸਿਟੀ ਵਿਖੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ। ਕੈਬਨਿਟ ਮੰਤਰੀ ਬੈਂਸ ਵੱਲੋਂ ਪੰਗਤ 'ਚ ਬੈਠ ਕੇ ਗੁਰੂ ਕਾ ਲੰਗਰ ਛਕਿਆ ਗਿਆ।

# ਮਾਨ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਨਿਭਾਇਆ : ਧਾਲੀਵਾਲ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਨਿਭਾਇਆ ਹੈ ਅਤੇ ਹੁਣ ਤੱਕ ਸੂਬੇ ਦੇ ਨੌਜਵਾਨਾਂ ਨੂੰ ਲਗਭੱਗ 10 ਮਹੀਨਿਆਂ ਦੇ ਕਾਰਜਕਾਲ ਦੌਰਾਨ 'ਚ 25 ਹਜ਼ਾਰ ਤੋਂ ਵੱਧ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈਆਂ ਗਈਆਂ ਹਨ। ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵਿਕਾਸ ਭਵਨ ਐਸ. ਏ. ਐਸ. ਨਗਰ ਵਿਖੇ ਪੇਂਡੂ ਵਿਕਾਸ ਅਤੇ ਪੰਚਾਇਤਾਂ ਵਿਭਾਗ ਪੰਜਾਬ ਦੇ ਤਕਨੀਕੀ ਵਿੰਗ 'ਚ ਨਵੇਂ ਭਰਤੀ ਹੋਏ 122 ਜੂਨੀਅਰ ਇੰਜੀਨੀਅਰ ਨੂੰ ਨਿਯੁਕਤੀ ਪੱਤਰ ਵੰਡਣ ਮੌਕੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਕੀਤੇ ਵਾਅਦੇ ਮੁਤਾਬਿਕ ਕੰਮ ਕਰ ਰਹੀ ਹੈ ਅਤੇ ਸੂਬੇ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਖਾਲੀ ਅਸਾਮੀਆਂ ਨੂੰ ਯੋਗ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਭਰਨਾ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੀ ਦਿਸ਼ਾ 'ਚ ਹੋਰ ਅੱਗੇ ਲਿਜਾਣਾ ਹੈ। ਸ੍ਰੀ ਧਾਲੀਵਾਲ ਨੇ ਵਿਭਾਗ 'ਚ ਵੱਖ-ਵੱਖ ਕੇਡਰ ਦੀਆਂ ਹੋਰ ਖਾਲੀ ਪਈਆਂ ਅਸਾਮੀਆਂ ਨੂੰ ਛੇਤੀ ਭਰਨ ਦੀ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਇਸ ਤੋਂ ਪਹਿਲਾਂ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਵਿੱਚ 20 ਉਪ ਮੰਡਲ ਅਫਸਰ, 43 ਜੂਨੀਅਰ ਡਰਾਫਸਮੈਂਨਸ ਅਤੇ 5 ਕਲਰਕਾਂ ਨੂੰ ਭਰਤੀ ਕੀਤਾ ਗਿਆ ਹੈ। ਉਨ੍ਹਾਂ ਨੇ ਨਵ ਨਿਯੁਕਤ ਜੂਨੀਅਰ ਇੰਜੀਨੀਅਰ ਨੂੰ ਸਰਕਾਰੀ ਨੌਕਰੀ ਦੀ ਵਧਾਈ ਦਿੰਦਿਆਂ ਕਿਹਾ ਕਿ ਉਹ ਇਮਾਨਦਾਰੀ ਅਤੇ ਮਿਹਨਤ ਨਾਲ ਸੇਵਾਵਾਂ ਆਪਣੀਆਂ ਸੇਵਾਵਾਂ ਲੋਕ ਹਿੱਤ 'ਚ ਨਿਭਾਉਣ ਅਤੇ ਪੰਜਾਬ ਦੀ ਤਰੱਕੀ 'ਚ ਆਪਣਾ ਯੋਗਦਾਨ ਪਾਉਣ।

# ਸਰਕਾਰ ਵੱਲੋਂ ਮੁਲਾਜ਼ਮ ਮੰਗਾਂ ਪ੍ਰਤੀ ਅਪਣਾਈ ਜਾ ਰਹੀ ਹੈ ਟਾਲ ਮਟੋਲ ਦੀ ਨੀਤੀ : ਡੀ ਐੱਮ ਐੱਫ




**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੀ ਅਹਿਮ ਮੀਟਿੰਗ ਸੂਬਾ ਪ੍ਰਧਾਨ ਜਰਮਨਜੀਤ ਸਿੰਘ ਦੀ ਅਗਵਾਈ ਹੇਠ ਪੈਨਸਨਰਜ ਭਵਨ ਲੁਧਿਆਣਾ ਵਿਖੇ ਹੋਈ, ਜਿਸ 'ਚ ਵੱਖ-ਵੱਖ ਵਿਭਾਗਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਫੈਡਰੇਸ਼ਨ ਦੇ ਆਗੂਆਂ ਹਰਦੀਪ ਟੋਡਰਪੁਰ, ਹਰਿੰਦਰ ਦੁਸਾਂਝ, ਵਿਕਰਮ ਦੇਵ ਸਿੰਘ, ਲਖਵਿੰਦਰ ਕੌਰ ਫਰੀਦਕੋਟ, ਮਨਦੀਪ ਕੌਰ ਸੰਧੂ, ਮਹਿਮਾ ਸਿੰਘ, ਅਤਿੰਦਰ ਘੱਗਾ ਅਤੇ ਸੁਖਵਿੰਦਰ ਸਿੰਘ ਲੀਲ੍ਹ, ਮੁਲਾਗਰ ਖੁਮਾਣੋ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਅੰਦਰ ਕੰਮ ਕਰਦੇ ਮਾਣ-ਭੱਤਾ ਵਰਕਰਾਂ, ਕੱਚੇ ਮੁਲਾਜ਼ਮਾਂ, ਰੈਗੂਲਰ ਮੁਲਾਜਮਾਂ ਦੀਆਂ ਮੰਗਾਂ ਮਸਲਿਆਂ ਸਬੰਧੀ ਟਾਲਮਟੋਲ ਦੀ ਨੀਤੀ ਅਪਣਾਈ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਮੁਲਾਜਮਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਉਹਨਾਂ ਦੀ ਸਰਕਾਰ ਬਣਨ 'ਤੇ ਮਾਣਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕੀਤਾ ਜਾਵੇਗਾ, ਕੱਚੇ ਤੇ ਠੇਕਾ ਮੁਲਾਜਮ ਪੱਕੇ ਕੀਤੇ ਜਾਣਗੇ, ਛੇਵੇਂ ਤਨਖਾਹ ਕਮਿਸਨ ਨੂੰ ਸੋਧ ਕੇ ਮੁਲਾਜਮ ਤੇ ਪੈਨਸ਼ਨਰ ਪੱਖੀ ਬਣਾਇਆ ਜਾਵੇਗਾ। ਪੰਜਾਬ ਸਰਕਾਰ ਦੀ ਟਾਲ-ਮਟੋਲ ਵਾਲੀ ਨੀਤੀ ਦੇ ਖਿਲਾਫ ਪੰਜਾਬ ਯੂ ਟੀ ਮੁਲਾਜ਼ਮ ਅਤੇ ਪੈਨਸਨਰ ਸਾਂਝੇ ਫਰੰਟ ਵੱਲੋਂ 22 ਜਨਵਰੀ ਨੂੰ ਪੈਨਸ਼ਨਰਜ਼ ਭਵਨ ਲੁਧਿਆਣਾ ਵਿਖੇ ਸੂਬਾ ਪੱਧਰੀ ਕੀਤੀ ਜਾ ਰਹੀ ਕਨਵੈਨਸ਼ਨ 'ਚ ਵੱਡੀ ਗਿਣਤੀ ਸ਼ਾਮਲ ਹੋਇਆ ਜਾਵੇਗਾ ਅਤੇ ਅਗਲੇ ਸਾਂਝੇ ਐਕਸਨ ਸੰਬੰਧੀ ਵਿਚਾਰ ਚਰਚਾ ਉਪਰੰਤ ਸੰਘਰਸ਼ ਉਲੀਕਿਆ ਜਾਵੇਗਾ। ਇਸ ਮੌਕੇ ਮਮਤਾ ਸ਼ਰਮਾਂ, ਮੁਕੇਸ਼ ਕੁਮਾਰ, ਪਵਨ ਮੌਂਗਾ, ਅਸ਼ਵਨੀ ਅਵਸਥੀ, ਸ਼ਕੁੰਤਲਾ ਸਰੋਏ, ਪਵਨ ਮੁਕਤਸਰ, ਪ੍ਰਵੀਨ ਸ਼ਰਮਾਂ, ਗੁਰਜੀਤ ਘੱਗਾ, ਜਗਦੇਵ ਸਿੰਘ ਘੁਰਕਣੀ, ਰੁਪਿੰਦਰ ਗਿੱਲ, ਰਾਮਜੀ ਸਿੰਘ, ਗੁਰਮੁੱਖ ਲੋਕਪ੍ਰੇਮੀ, ਖੁਸ਼ਮਿੰਦਰਪਾਲ ਸਿੰਘ, ਕੰਵਰਦੀਪ ਸਿੰਘ, ਪ੍ਰਤਾਪ ਸਿੰਘ, ਗੁਰਿੰਦਰਜੀਤ ਸਿੰਘ, ਬਲਜਿੰਦਰ ਪ੍ਰਭੂ, ਪ੍ਰਮੋਦ ਗਿੱਲ, ਰਮਨਦੀਪ ਸਿੰਗਲਾ, ਗਿਆਨ ਸਿੰਘ, ਜਗਜੀਤ ਜਟਾਣਾ, ਬਬੀਤਾ ਰਾਣੀ ਤੇ ਪੂਜਾ ਰਾਣੀ ਆਦਿ ਹਾਜ਼ਰ ਸਨ।

# ਚਾਇਨਾ ਡੋਰ ਦੀ ਵਿਕਰੀ ਰੋਕਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਮਾਰਕੀਟਾਂ ਦੀ ਚੈਕਿੰਗ



**ਮੋਹਾਲੀ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਦੇ ਹੁਕਮਾਂ ਦੀ ਪਾਲਣਾ ਕਰਦੇ ਪ੍ਰਸ਼ਾਸਨਿਕ ਅਧਿਕਾਰੀਆਂ ਵੱਲੋਂ ਚਾਇਨਾ ਡੋਰ ਦੀ ਵਿਕਰੀ ਦੇ ਸਬੰਧ 'ਚ ਸੋਹਾਣਾ ਪਿੰਡ ਦੀ ਮਾਰਕਿਟ ਦਾ ਮੁਆਇਨਾ ਕੀਤਾ ਗਿਆ। ਚੈਕਿੰਗ ਦੌਰਾਨ ਕਈ ਦੁਕਾਨਾਂ ਚੈਕ ਕੀਤੀਆਂ ਗਈਆਂ ਅਤੇ ਇੱਕ ਦੁਕਾਨਦਾਰ ਕੋਲੋਂ ਚਾਇਨਾ ਡੋਰ ਦੇ ਗੱਟੂ ਮਿਲੇ । ਜਿਹਨਾਂ ਨੂੰ ਜਬਤ ਕੀਤਾ ਗਿਆ ਅਤੇ ਸਖਤ ਤਾੜਨਾ ਕੀਤੀ ਗਈ। ਐਸ.ਡੀ.ਐਮ ਮੋਹਾਲੀ ਸ੍ਰੀਮਤੀ ਸਰਬਜੀਤ ਕੌਰ ਨੇ ਦੱਸਿਆ ਕਿ ਜਿਲ੍ਹੇ ਵਿੱਚ ਚਾਇਨਾ ਡੋਰ ਦੀ ਵਿਕਰੀ ਦੇ ਸੰਬੰਧੀ ਚੈਕਿੰਗ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਚਾਇਨਾ ਡੋਰ ਨਾਲ ਜਾਨੀ ਨੁਕਸਾਨ ਹੋ ਰਿਹਾ ਹੈ। ਇਸ ਲਈ ਇਲਾਕੇ ਦੇ ਦੁਕਾਨਦਾਰਾਂ ਅਤੇ ਬੱਚਿਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਜਾਨਲੇਵਾ ਡੋਰ ਦੀ ਵਰਤੋਂ ਨਾ ਕੀਤੀ ਜਾਵੇ।

## ਨਹਿਰੂ ਯੁਵਾ ਕੇਂਦਰ ਨੇ ਰਾਸ਼ਟਰੀ ਯੁਵਾ ਦਿਵਸ ਧੂਮਧਾਮ ਨਾਲ ਮਨਾਇਆ

**ਕਪੂਰਥਲਾ, (ਪ੍ਰੀਤ ਸੰਗੋਜਲਾ, ਰਵਿੰਦਰ ਸਿੰਘ)**- ਰੇਲ ਵਿਭਾਗ ਕਾਰਖਾਨਾ ਕਪੂਰਥਲਾ ਦੇ ਵਰਕਰ ਕਲੱਬ ਵੱਲੋਂ ਸਵਾਮੀ ਵਿਵੇਕਾਨੰਦ ਦੇ ਜਨਮ ਦਿਵਸ ਰਾਸ਼ਟਰੀ ਯੁਵਾ ਦਿਵਸ ਦੇ ਰੂਪ 'ਚ ਨੇਹਰੂ ਯੁਵਾ ਕੇਂਦਰ ਕਪੂਰਥਲਾ ਅਤੇ ਸਾਹਿਬਜਾਦਾ ਅਜੀਤ ਸਿੰਘ ਸਪੋਰਟਸ ਕਲੱਬ (ਰਜਿ.) ਵਲੋਂ ਜਿਲ੍ਹਾ ਯੂਥ ਅਫਸਰ ਸ੍ਰੀਮਤੀ ਗਗਨਦੀਪ ਕੌਰ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਜ਼ਿਲ੍ਹਾ ਯੂਥ ਅਫ਼ਸਰ ਗਗਨਦੀਪ ਕੌਰ ਨੇ ਦੱਸਿਆ ਕਿ ਭਾਰਤ ਸਰਕਾਰ ਵਲੋਂ ਪਹਿਲੀ ਵਾਰ 1985 'ਚ ਵਿਵੇਕਾਨੰਦ ਦੀਆਂ ਸਿੱਖਿਆਵਾਂ ਨੂੰ ਮਾਨਤਾ ਦੇਣ ਅਤੇ ਉਹਨਾਂ ਦਾ ਸਨਮਾਨ ਕਰਨ ਲਈ ਰਾਸ਼ਟਰੀ ਯੂਵਾ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਦਿਨ ਦੇਸ਼ ਭਰ 'ਚ ਸਕੂਲਾਂ ਕਾਲਜਾਂ 'ਚ ਭਾਸ਼ਣ, ਸੰਗੀਤ, ਯੂਵਾ ਸੰਮੇਲਨ, ਸੈਮੀਨਰ, ਲੇਖ ਲਿਖਣ ਅਤੇ ਖੇਡਾਂ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਵਿਵੇਕਾਨੰਦ ਜੀ ਨੇ ਵਿਅਕਤੀਤਵ ਉੱਪਰ ਪ੍ਰਕਾਸ਼ ਪਾਉਂਦੇ ਹੋਏ ਹੋਏ ਸਭ ਨੂੰ ਚੰਗੇ ਮਾਰਗ 'ਤੇ ਚੱਲਣ ਦਾ ਸੱਦਾ ਦਿੱਤਾ। ਇਸ ਮੌਕਾ ਡਾ.ਏ.ਡੀ ਸ਼ਰਮਾ, ਨਵਦੀਪ ਸਿੰਘ, ਤੇਜਵੀਰ ਸਿੰਘ, ਬਲਵਿੰਦਰ ਸਿੰਘ, ਡੀ ਚੱਕਰਵਰਤੀ, ਰੀਮਾ ਸਾਹਨੀ, ਨਰੇਸ਼ ਭਾਰਤੀ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ।



# ਰੋਜ਼ਗਾਰ ਬਿਊਰੋ ਦੀ ਮੋਬਾਇਲ ਐਪ ਰੋਜ਼ਗਾਰ ਦੇ ਖੇਤਰ 'ਚ ਵਰਦਾਨ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਵੀਰ ਸਿੰਘ ਸੈਣੀ)**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਜ਼ਿਲ੍ਹੇ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਹਰ ਉਪਰਾਲੇ ਕਰਦਾ ਆ ਰਿਹਾ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਗੁਰਮੇਲ ਸਿੰਘ ਨੇ ਕਿਹਾ ਕਿ ਰੋਜ਼ਗਾਰ ਹਰ ਘਰ ਦੀ ਜਰੂਰਤ ਹੈ, ਜਿਸ ਨੂੰ ਹਾਸਲ ਕਰਨ ਦੀ ਚਾਹ ਹਰ ਨੌਜਵਾਨ ਦੇ ਦਿੱਲ ਵਿੱਚ ਹੁੰਦੀ ਹੈ ਪਰ ਉਸ ਨੂੰ ਨੌਕਰੀ ਕਿੱਥੇ ਅਤੇ ਕਿਵੇਂ ਮਿਲ ਸਕਦੀ ਹੈ, ਇਸ ਦੀ ਜਾਣਕਾਰੀ ਨਹੀਂ ਹੁੰਦੀ, ਪਰ ਲਗਭਗ ਪਿਛਲੇ ਦੋ ਸਾਲ ਤੋਂ ਰੋਜ਼ਗਾਰ ਮੋਬਾਇਲ ਐਪ ਨੇ ਇਸ ਕਮੀ ਨੂੰ ਵੀ ਪੂਰਾ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਾਈਵੇਟ ਅਤੇ ਸਰਕਾਰੀ ਨੌਕਰੀਆਂ ਨੂੰ ਇਸ ਐਪ 'ਤੇ ਚੜ੍ਹਾਇਆ ਜਾਂਦਾ ਹੈ। ਇਸ ਤੋਂ ਇਲਾਵਾ ਇਹ ਐਪ ਘੱਟ ਪੜ੍ਹੇ-ਲਿਖੇ ਨੌਜਵਾਨਾਂ ਨੂੰ ਮੁਫ਼ਤ ਸਕਿੱਲ ਕੋਰਸਾਂ ਵਿੱਚ ਦਾਖਲਾ ਦੇਣ ਲਈ, ਆਪਣਾ ਕੰਮ ਧੰਦਾ ਸ਼ੁਰੂ ਕਰਨ ਦੇ ਵਾਸਤੇ ਲੋਨ ਲੈਣ ਲਈ ਸੁਵਿਧਾ ਵੀ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਇਸ ਰੋਜ਼ਗਾਰ ਮੋਬਾਇਲ ਐਪ ਨੂੰ 33000 ਤੋਂ ਵੱਧ ਪ੍ਰਾਰਥੀ ਡਾਊਨ ਲੋਡ ਕਰ ਚੁੱਕੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤ ਸਾਰੇ ਨੌਜਵਾਨ ਇਸ ਐਪ ਦੀ ਮਦਦ ਨਾਲ ਨੌਕਰੀਆਂ ਵੀ ਪ੍ਰਾਪਤ ਕਰ ਚੁੱਕੇ ਹਨ। ਜ਼ਿਲ੍ਹਾ ਰੋਜ਼ਗਾਰ ਅਫਸਰ ਗੁਰਮੇਲ ਸਿੰਘ ਨੇ ਦੱਸਿਆ ਕਿ ਰੋਜ਼ਗਾਰ ਮੋਬਾਇਲ ਐਪ ਉਮੀਦ ਤੋਂ ਜਿਆਦਾ ਵਧੀਆ ਕਾਰਗੁਜ਼ਾਰੀ ਦੇ ਰਹੀ ਹੈ ਅਤੇ ਪਿਛਲੇ ਕੁਝ ਸਮੇਂ ਤੋਂ ਇਸ ਰੋਜ਼ਗਾਰ ਮੋਬਾਇਲ ਐਪ ਦੀ ਮਦਦ ਨਾਲ ਬਹੁਤ ਸਾਰੀਆਂ ਨਾਮੀ ਪ੍ਰਾਈਵੇਟ ਕੰਪਨੀਆਂ ਵਿੱਚ ਪੜ੍ਹੇ-ਲਿਖੇ ਬੱਚਿਆਂ ਨੂੰ ਵਧੀਆ ਸਾਲਾਨਾ ਪੈਕੇਜ 'ਤੇ ਨੌਕਰੀਆਂ ਦਿਵਾਉਣ ਵਿੱਚ ਇੱਕ ਵੱਡੀ ਕਾਮਯਾਬੀ ਹਾਸਲ ਹੋਈ ਹੈ। ਉਨ੍ਹਾਂ ਕਿਹਾ ਕਿ ਖੁਸ਼ੀ ਦੀ ਗੱਲ ਇਹ ਹੈ ਕਿ ਉਹ ਨੌਜਵਾਨ ਜਿਹੜੇ ਦੂਰ-ਦੁਰਾਡੇ ਏਰੀਏ ਤੋਂ ਸਬੰਧ ਰੱਖਦੇ ਸਨ ਜਿਵੇਂ ਕਿ ਕੰਡੀ ਏਰੀਏ ਦੇ ਪ੍ਰਾਰਥੀ ਜਿਹੜੇ ਕਿ ਇਸ ਦਫਤਰ ਤੱਕ ਨਹੀਂ ਪਹੁੰਚ ਸਕਦੇ ਸਨ, ਉਹ ਨੌਜਵਾਨ ਵੀ ਘਰ ਬੈਠੇ ਹੀ ਆਪਣੇ ਮੋਬਾਇਲ ਫੋਨ ਤੋਂ ਰੋਜ਼ਗਾਰ ਦਫਤਰ ਹੁਸ਼ਿਆਰਪੁਰ ਨਾਲ ਜੁੜ ਗਏ ਹਨ। ਉਨ੍ਹਾਂ ਜ਼ਿਲ੍ਹੇ ਦੇ ਸਾਰੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਦਫਤਰ ਦੀ ਰੋਜ਼ਗਾਰ ਮੋਬਾਇਲ ਐਪ ਡੀ.ਬੀ.ਈ.ਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨ ਲੋਡ ਕਰਨ ਅਤੇ ਇਸ ਐਪ ਰਾਹੀਂ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈ ਕੇ ਐਪ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕਰਨ।

## ਰਾਸ਼ਟਰੀ ਰਾਜਮਾਰਗ 'ਤੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਹਾਇਤਾ ਲਈ ਹੁਣ ਡਾਇਲ ਕਰੋ ਟੋਲ-ਫ੍ਰੀ ਨੰਬਰ 1033

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਨੈਸਨਲ ਹਾਈਵੇਜ਼ ਅਥਾਰਟੀ ਆਫ ਇੰਡੀਆ (ਐਨ.ਐਚ.ਏ.ਆਈ.) ਨੇ ਹਾਈਵੇ 'ਤੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਸਹਾਇਤਾ ਲਈ ਟੋਲ-ਫ੍ਰੀ ਨੰਬਰ ਦਰਸਾਉਂਦੇ ਬੋਰਡ ਲਾਉਣੇ ਸ਼ੁਰੂ ਕਰ ਦਿੱਤੇ ਹਨ। ਡਿਪਟੀ ਕਮਿਸ਼ਨਰ ਨੇ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੜਕ ਸੁਰੱਖਿਆ ਕਮੇਟੀ ਦੀਆਂ ਪਿਛਲੀਆਂ ਮੀਟਿੰਗਾਂ ਦੌਰਾਨ ਐਨ.ਐਚ.ਏ.ਆਈ. ਨੂੰ ਹਾਈਵੇ ਦੇ ਨਾਲ ਵੱਧ ਤੋਂ ਵੱਧ ਸਾਈਨ ਬੋਰਡ ਲਗਾਉਣ ਦੇ ਨਿਰਦੇਸ਼ ਦਿੱਤੇ ਗਏ ਸਨ ਤਾਂ ਜੋ ਲੋੜ ਪੈਣ 'ਤੇ ਯਾਤਰੀਆਂ ਦੀ ਮੁਫਤ ਐਂਬੂਲੈਂਸ, ਕ੍ਰੇਨ ਅਤੇ ਹੋਰ ਐਮਰਜੈਂਸੀ ਸਹਾਇਤਾ ਨਾਲ ਮਦਦ ਕੀਤੀ ਜਾ ਸਕੇ। ਉਨ੍ਹਾਂ ਅੱਗੇ ਦੱਸਿਆ ਕਿ ਅਥਾਰਟੀ ਵੱਲੋਂ ਯਾਤਰੀਆਂ ਦੀ ਸਹੂਲਤ ਲਈ ਟੋਲ ਫ੍ਰੀ ਨੰਬਰ 1033 'ਤੇ ਐਂਬੂਲੈਂਸ ਅਤੇ ਕ੍ਰੇਨ ਆਦਿ ਮੁਫਤ ਐਮਰਜੈਂਸੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਪਰ ਇਨ੍ਹਾਂ ਸੇਵਾਵਾਂ ਬਾਰੇ ਜਾਣਕਾਰੀ ਨਾ ਹੋਣ ਕਾਰਨ ਵੱਡੀ ਗਿਣਤੀ 'ਚ ਲੋਕਾਂ ਨੂੰ ਹਾਈਵੇ 'ਤੇ ਵਾਹਨਾਂ ਦੇ ਖਰਾਬ ਹੋਣ ਜਾਂ ਮੈਡੀਕਲ ਐਮਰਜੈਂਸੀ ਦੀ ਸਥਿਤੀ ਵਿੱਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਐੱਨ.ਐੱਚ.ਏ.ਆਈ. ਦੇ ਅਧਿਕਾਰੀਆਂ ਨੂੰ ਯਾਤਰੀਆਂ ਨੂੰ ਇਨ੍ਹਾਂ ਮੁਫਤ ਐਮਰਜੈਂਸੀ ਸੇਵਾਵਾਂ ਦੀ ਉਪਲਬਧਤਾ ਬਾਰੇ ਸੂਚਿਤ ਕਰਨ ਲਈ ਹਾਈਵੇ ਦੇ ਨਾਲ-ਨਾਲ ਵੱਧ ਤੋਂ ਵੱਧ ਸਾਈਨ ਬੋਰਡ ਲਗਾਉਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਸਨ।

# ਸੜਕ ਸੁਰੱਖਿਆ ਦੇ ਮੰਤਵ ਤਹਿਤ ਡਰਾਈਵਰਾਂ ਦੀਆਂ ਅੱਖਾਂ ਦਾ ਕੀਤਾ ਚੈੱਕਅੱਪ



**ਮੋਹਾਲੀ (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਵੱਲੋਂ ਸੜਕ ਸੁਰੱਖਿਆਂ ਨੂੰ ਯਕੀਨੀ ਬਣਾਉਣ ਦੇ ਮੰਤਵ ਤਹਿਤ ਮੋਹਾਲੀ ਦੇ ਫੇਜ 6 ਵਿਖੇ ਸਪੈਸ਼ਲ ਆਈ ਕੇਅਰ ਕੈਂਪ ਲਗਾਇਆ ਗਿਆ ਇਸ ਕੈਂਪ ਦੌਰਾਨ ਸਿਹਤ ਵਿਭਾਗ ਵੱਲੋਂ ਵੱਖ-ਵੱਖ ਡਰਾਇਵਰਾਂ ਦੀਆਂ ਅੱਖਾਂ ਦਾ ਚੈੱਕਅੱਪ ਕੀਤਾ ਗਿਆ। ਵਧੇਰੇ ਜਾਣਕਾਰੀ ਦਿੰਦੇ ਹੋਏ ਸਕੱਤਰ ਆਰ.ਟੀ.ਏ ਸ੍ਰੀਮਤੀ ਪੂਜਾ ਐਸ ਗਰੇਵਾਲ ਨੇ ਦੱਸਿਆ ਕਿ ਸੜਕ ਸੁਰੱਖਿਆ ਸਪਤਾਹ ਦੌਰਾਨ ਸੂਬਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੜਕ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਜਿਲ੍ਹੇ ਅੰਦਰ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਲਈ 34ਵਾਂ ਸੜਕ ਸੁਰੱਖਿਆ ਹਫਤਾ 11 ਤੋਂ 17 ਜਨਵਰੀ ਤੱਕ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ, ਪੰਜਾਬ ਰੋਡਵੇਜ ਅਤੇ ਚੰਡੀਗੜ੍ਹ ਡਿਪੂ ਦੇ ਜਨਰਲ ਮੈਨੇਜਰ ਦੀਆਂ ਸਾਂਝੀਆਂ ਕੋਸ਼ਿਸ਼ਾਂ ਸਦਕਾ ਸਪੈਸ਼ਲ ਆਈ ਕੇਅਰ ਚੈਕਅੱਪ ਕੈਂਪ ਦਾ 6 ਫੇਸ ਮੋਹਾਲੀ ਵਿਚ ਅਯੋਜਨ ਕੀਤਾ ਗਿਆ ਜਿਸ ਵਿਚ ਉਪਰੇਸਨਲ ਸਟਾਫ ਕੰਡਕਟਰ/ ਡਰਾਇਵਰਾਂ ਦੀ ਅੱਖਾਂ ਡਾਕਟਰ ਵਿਜੈ ਭਗਤ, ਡਾਕਟਰ ਅਸ਼ੋਕ ਕੁਮਾਰ ਅਤੇ ਡਾਕਟਰ ਬਲਵਿੰਦਰ ਕੌਰ ਵੱਲੋ ਮੁਆਇਨਾਂ ਕੀਤਾ ਗਿਆ।

## ਜਵਾਹਰ ਨਵੋਦਿਆ ਵਿਦਿਆਲਿਆ ਦਾਖਲੇ ਲਈ ਆਨਲਾਈਨ ਫ਼ਾਰਮ ਭਰਨ ਦੀ ਆਖਰੀ ਤਰੀਕ 31 ਜਨਵਰੀ

**ਨਵਾਂਸ਼ਹਿਰ, (ਮਨੋਜ ਲਾਡੀ)**- ਡਿਪਟੀ ਕਮਿਸ਼ਨਰ ਕਮ ਚੇਅਰਮੈਨ ਜਵਾਹਰ ਨਵੋਦਿਆ ਵਿਦਿਆਲਿਆ ਪੋਜੇਵਾਲ, ਸ਼ਹੀਦ ਭਗਤ ਸਿੰਘ ਨਗਰ, ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹੇ ਦੇ ਸਰਕਾਰੀ/ਮਾਨਤਾ ਪ੍ਰਾਪਤ ਸਕੂਲਾਂ 'ਚ ਪੰਜਵੀਂ ਸ੍ਰੇਣੀ 'ਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਜੇ ਐਨ ਵੀ ਪੋਜੇਵਾਲ 'ਚ ਦਾਖਲੇ ਲਈ ਆਨਲਾਈਨ ਫ਼ਾਰਮ 31 ਜਨਵਰੀ ਤੱਕ ਭਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵਿਦਿਅਕ ਸ਼ੈਸ਼ਨ 2023-24 ਲਈ ਛੇਵੀਂ ਜਮਾਤ 'ਚ ਦਾਖਲੇ ਲਈ ਆਨ ਲਾਈਨ ਫਾਰਮ ਭਰਨ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ, ਜਿਸ ਦੀ ਅੰਤਿਮ ਮਿਤੀ 31 ਜਨਵਰੀ, 2023 ਹੈ। ਉਨ੍ਹਾਂ ਦੱਸਿਆ ਕਿ ਫਾਰਮ ਭਰਨ ਵਾਲੇ ਪ੍ਰੀਖਿਆਰਥੀ ਦੀ ਜਨਮ ਮਿਤੀ 01.05.2011 ਤੋਂ 30.04.2013 (ਦੋਵੇਂ ਮਿਤੀਆਂ ਸ਼ਾਮਲ) ਵਿਚਕਾਰ ਹੋਣੀ ਚਾਹੀਦੀ ਹੈ। ਡਿਪਟੀ ਕਮਿਸ਼ਨਰ ਅਨੁਸਾਰ ਜਵਾਹਰ ਨਵੋਦਿਆ ਵਿਦਿਆਲਿਆ ਜੋ ਕਿ ਸੀ ਬੀ ਐਸ ਈ ਨਾਲ ਸੰਬੰਧਤ ਸਕੂਲ ਹਨ, ਵਿਖੇ ਪੜ੍ਹਾਈ ਅਤੇ ਹੋਸਟਲ ਸੁਵਿਧਾਵਾਂ ਮੁਫ਼ਤ ਹਨ। ਉਨ੍ਹਾਂ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਵਿਖੇ 75 ਫ਼ੀਸਦੀ ਸੀਟਾਂ ਪੇਂਡੂ ਇਲਾਕਿਆਂ 'ਚ ਸਥਿਤ ਸਕੂਲਾਂ ਲਈ ਰਾਖਵੀਆਂ ਹਨ ਜਦਕਿ ਇੱਕ ਤਿਹਾਈ ਸੀਟਾਂ ਲੜਕੀਆਂ ਲਈ ਹਨ। ਇਸ ਤੋਂ ਇਲਾਵਾ ਐਸ ਸੀ/ਐਸ ਟੀ/ਬੀ ਸੀ ਤੇ ਦਿਵਿਆਂਗ ਸ੍ਰੇਣੀਆਂ ਲਈ ਭਾਰਤ ਸਰਕਾਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਟਾਂ ਰਾਖਵੀਆਂ ਹਨ।

# ਭਗਵੰਤ ਮਾਨ ਵੱਲੋਂ ਜੇਲ੍ਹ ਦਾ ਅਚਨਚੇਤ ਦੌਰਾ

**ਕਪੂਰਥਲਾ, (ਰਵਿੰਦਰ ਸਿੰਘ)**

ਮੁੱਖ ਮੰਤਰੀ ਭਗਵੰਤ ਮਾਨ ਵਲੋਂ ਕਪੂਰਥਲਾ ਜੇਲ੍ਹ ਦਾ ਅਚਨਚੇਤ ਦੌਰਾ ਕੀਤਾ ਗਿਆ। ਮਾਨ ਨੇ ਕਿਹਾ ਕਿ ਸੂਬਾ ਸਰਕਾਰ ਜੇਲ੍ਹਾਂ ਵਿਚ ਵਿਗਿਆਨਕ ਲੀਹਾਂ ਉਤੇ ਸੁਰੱਖਿਆ ਦੇ ਪੁਖਤਾ ਇੰਤਜਾਮ ਕਰਨ ਲਈ ਵਿਆਪਕ ਰੂਪ-ਰੇਖਾ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਉੱਚ ਤਾਕਤੀ ਜੈਮਰ, ਡੋਰ ਮੈਟਲ ਡਿਟੈਕਟਰ ਸਮੇਤ ਹੋਰ ਉਪਕਰਨ ਸਥਾਪਤ ਕਰਨ ਤੋਂ ਇਲਾਵਾ ਵਿਭਾਗ ਨੂੰ ਵਾਹਨ ਮੁਹੱਈਆ ਕਰਵਾ ਰਹੀ ਹੈ ਤਾਂ ਕਿ ਜੇਲ੍ਹਾਂ ਵਿਚ ਸੁਰੱਖਿਆ ਦੇ ਠੋਸ ਪ੍ਰਬੰਧ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਦੀ ਵਿਵਸਥਾ ਮਜਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਜੇਲ੍ਹ ਅਥਾਰਟੀ ਦੀ ਅਪੀਲ ਉਤੇ ਅਤਿ ਆਧੁਨਿਕ ਤਕਨੀਕ ਨਾਲ ਹੋਰ ਸੀ.ਸੀ.ਟੀ.ਵੀ. ਕੈਮਰੇ ਜੇਲ੍ਹਾਂ ਵਿਚ ਲਾਏ ਜਾਣਗੇ ਤਾਂ ਕਿ ਸੁਰੱਖਿਆ ਪ੍ਰਬੰਧਾਂ ਵਿਚ ਕੋਈ ਕਮੀ ਬਾਕੀ ਨਾ ਰਹੇ।



ਜੇਲ੍ਹਾਂ ਵਿਚ ਨਸ਼ੇ ਤੇ ਮੋਬਾਈਲਾਂ ਦੀ ਸਪਲਾਈ ਨੂੰ ਸਖਤੀ ਨਾਲ ਰੋਕਣ ਦੀ ਲੋੜ ਉਤੇ ਜੋਰ ਦਿੰਦੇ ਹੋਏ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਹੁਕਮ ਦਿੱਤੇ ਕਿ ਇਸ ਗੈਰ-ਕਾਨੂੰਨੀ ਰੁਝਾਨ ਨੂੰ ਰੋਕਣ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਲ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਸੂਬਾ ਸਰਕਾਰ ਦਾ ਪ੍ਰਮੁੱਖ ਸਰੋਕਾਰ ਹੈ ਅਤੇ ਇਸ ਮਾਮਲੇ ਵਿਚ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਭਗਵੰਤ ਮਾਨ ਨੇ ਕੈਦੀਆਂ ਨੂੰ ਆਪਣੇ ਅਤੀਤ ਦਾ ਤਿਆਗ ਕਰਕੇ ਮੁੱਖ ਧਾਰਾ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਜੇਲ੍ਹ ਵਿਚ ਕੈਦੀਆਂ ਲਈ ਸਿਹਤ ਸਹੂਲਤਾਂ ਦੀ ਕਮੀ ਦੀਆਂ ਰਿਪੋਰਟਾਂ ਉਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਇਸ ਸਮੱਸਿਆ ਨਾਲ ਨਿਪਟਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਛੇਤੀ ਹੀ ਜੇਲ੍ਹਾਂ ਵਿਚ ਮੈਡੀਕਲ ਸਟਾਫ ਦੀ ਤਾਇਨਾਤੀ ਪੱਕੇ ਤੌਰ ਉਤੇ ਕੀਤੀ ਜਾਵੇਗੀ ਤਾਂ ਕਿ ਐਮਰਜੈਂਸੀ ਦੀ ਸੂਰਤ ਵਿਚ ਕੈਦੀਆਂ ਨੂੰ ਇਲਾਜ ਮੁਹੱਈਆ ਹੋ ਸਕੇ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਨਵੀਆਂ ਐਂਬੂਲੈਂਸਾਂ ਵੀ ਭੇਜੀਆਂ ਜਾਣਗੀਆਂ ਤਾਂ ਕਿ ਲੋੜ ਪੈਣ ਉਤੇ ਇਸ ਦੀ ਵਰਤੋਂ ਕੀਤੀ ਜਾ ਸਕੇ।

ਮੁੱਖ ਮੰਤਰੀ ਨੇ ਕੈਦੀਆਂ ਦੇ ਮਨੋਰੰਜਨ ਲਈ ਸਥਾਪਤ ਕੀਤੇ 'ਰੇਡੀਓ ਉਜਾਲਾ' ਰਾਹੀਂ ਉਨ੍ਹਾਂ ਨੂੰ ਸੰਬੋਧਨ ਵੀ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਬਾਂਡ ਭਰਨ ਲਈ ਵਿੱਤੀ ਤੌਰ ਉਤੇ ਅਸਮਰੱਥ ਕੈਦੀਆਂ ਬਾਰੇ ਸਾਰੀਆਂ ਜੇਲ੍ਹਾਂ ਪਾਸੋਂ ਰਿਪੋਰਟ ਮੰਗੀ ਹੈ ਤਾਂ ਕਿ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਲਈ ਸਹਾਇਤਾ ਕੀਤੀ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਜੇਲ੍ਹਾਂ ਵਿਚ ਵੀਡੀਓ ਕਾਨਫਰੰਸਿੰਗ ਜਰੀਏ ਸੁਣਵਾਈ ਕਰਨ ਲਈ ਨਵੇਂ ਵੀਡੀਓ ਕਾਨਫਰੰਸ ਰੂਮ ਵੀ ਸਥਾਪਤ ਕੀਤੇ ਜਾ ਰਹੇ ਹਨ ਤਾਂ ਅਦਾਲਤੀ ਪ੍ਰਕਿਰਿਆ ਵਿਚ ਤੇਜੀ ਲਿਆਂਦੀ ਜਾ ਸਕੇ। ਇਸ ਮੌਕੇ ਮੁੱਖ ਮੰਤਰੀ ਨੇ ਜੇਲ੍ਹ ਦੇ ਹਸਪਤਾਲ, ਲੈਬਾਰਟਰੀ, ਵਾਰਡ, ਐਮਰਜੈਂਸੀ ਦਾ ਦੌਰਾ ਵੀ ਕੀਤਾ।

# ਕੂਕੋਵਾਲ ਵਿਖੇ ਮਾਘੀ ਦੇ ਸਾਲਾਨਾ ਜੋੜ ਮੇਲੇ ਮੌਕੇ ਧਾਰਮਿਕ ਸਮਾਗਮ ਕਰਵਾਏ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )**

ਪਿੰਡ ਕੂਕੋਵਾਲ ਵਿਖੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਜੀ ਦੇ ਅਸਥਾਨ 'ਤੇ ਚਾਲੀ ਮੁਕਤਿਆਂ ਦੀ ਯਾਦ ਵਿੱਚ ਅਤੇ ਮਾਘੀ ਦੇ ਸਾਲਾਨਾ ਜੋੜ ਮੇਲੇ ਮੌਕੇ ਧਾਰਮਿਕ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਪ੍ਰਧਾਨ ਸੂਬੇਦਾਰ ਅਵਤਾਰ ਸਿੰਘ ਖਾਲਸਾ ਨੇ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਸਾਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਅਵਤਾਰ ਸਿੰਘ ਖਾਲਸਾ ਹੈੱਡ ਗ੍ਰੰਥੀ, ਭਾਈ ਸੋਹਣ ਸਿੰਘ ਜਲੰਧਰ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।ਇਸ ਮੌਕੇ ਪ੍ਰਧਾਨ ਸੂਬੇਦਾਰ ਅਵਤਾਰ ਸਿੰਘ ਖਾਲਸਾ, ਸੁੱਚਾ ਸਿੰਘ, ਗੁਰਮੀਤ ਸਿੰਘ ਪਟਵਾਰੀ, ਪ੍ਰਿਤਪਾਲ ਸਿੰਘ, ਬਲਵੰਤ ਸਿੰਘ, ਸਤਨਾਮ ਸਿੰਘ, ਪ੍ਰਤੀਮ ਸਿੰਘ, ਜਰਨੈਲ ਸਿੰਘ, ਕਰਮਜੀਤ ਸਿੰਘ, ਹਰਭਜਨ ਸਿੰਘ, ਸ਼ਰਨਜੀਤ ਕੌਰ, ਜਸਵੀਰ ਕੌਰ, ਹਰਜੀਤ ਕੌਰ, ਹੈਪੀ ਪੰਚ, ਸੁਰਿੰਦਰ ਕੌਰ, ਮਨਜੀਤ ਕੌਰ, ਰਾਜਵਿੰਦਰ ਕੌਰ, ਕਿਸਨਾ ਦੇਵੀ, ਚਰਨਜੀਤ ਕੌਰ ਸੁਰਿੰਦਰ ਕੌਰ ਪੰਚ ਆਦਿ ਹਾਜਰ ਸਨ। ਇਸ ਮੌਕੇ ਸਮਾਗਮ ਦੌਰਾਨ ਛੋਲੇ ਪੂੜੀਆਂ ਦੇ ਲੰਗਰ ਅਤੁੱਟ ਵਰਤਾਏ ਗਏ।



## ਭਾਜਪਾ ਤੇ ਆਰ ਐੱਸ ਐੱਸ ਪੰਜਾਬ ਨੂੰ ਕਰ ਰਹੀ ਵੰਡਣ ਦੀ ਕੋਸ਼ਿਸ਼ : ਰਾਜਾ ਵੜਿੰਗ



**ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ)** - ਰਾਹੁਲ ਗਾਂਧੀ ਵੱਲੋਂ ਪੰਜਾਬ 'ਚ ਕੱਢੀ ਜਾ ਰਹੀ 'ਭਾਰਤ ਜੋੜੋ ਯਾਤਰਾ' ਦੌਰਾਨ ਦੌਰਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪ੍ਰੈੱਸ ਕਾਨਫਰੰਸ ਕਰਦੇ ਹੋਏ ਕਿਹਾ ਕਿ ਭਾਜਪਾ ਅਤੇ ਆਰ ਐੱਸ ਐੱਸ ਧਰਮ ਦੇ ਨਾਂਅ 'ਤੇ ਪੰਜਾਬ ਨੂੰ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਦੀ ਜਿਹੜੀ ਸੋਚ ਹੈ, ਉਸ ਨਾਲ ਸਾਡੀ ਸਿੱਧੀ-ਸਿੱਧੀ ਲੜਾਈ ਹੈ ਅਤੇ ਹਮੇਸ਼ਾ ਅਸੀਂ ਕਹਿੰਦੇ ਹਾਂ ਕਿ ਜਿੰਨੀ ਦੇਰ ਤੱਕ ਕਾਂਗਰਸ ਪਾਰਟੀ ਹੈ, ਗਾਂਧੀ ਪਰਵਾਰ ਹੈ, ਉਨੀ ਦੇਰ ਤੱਕ ਇਸ ਦੇਸ਼ ਵਿਚ ਆਰ ਐੱਸ ਐੱਸ ਦੀ ਵਿਚਾਰਧਾਰਾ ਲਾਗੂ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਬੇਸ਼ੱਕ ਉਹ ਆਪਣੀ ਤਾਕਤ ਦੇ ਨਾਲ ਕਈ ਸੂਬਿਆਂ ਵਿਚ ਸਰਕਾਰ ਤਾਂ ਬਣਾ ਸਕਦੇ ਹਨ ਪਰ ਵਿਚਾਰ ਧਾਰਾ ਇਸ ਦੇਸ਼ 'ਤੇ ਲਾਗੂ ਨਹੀਂ ਸਕਦੀ।

## ਬਾਹਰਾ ਸੁਪਰ ਸਪੈਸ਼ਲਿਟੀ ਹਸਪਤਾਲ 'ਚ ਸਪਾਈਨਲ ਟਿਊਮਰ ਦੀ ਸਫਲ ਸਰਜਰੀ



**ਕੁਰਾਲੀ-(ਮੋਹਨ ਅੱਗਰਵਾਲ ਜੋਗਾ)** :ਬਾਹਰਾ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਨਿਊਰੋਸਰਜਰੀ ਵਿਭਾਗ ਦੇ ਡਾਕਟਰਾਂ ਦੀ ਟੀਮ ਵੱਲੋਂ ਰੀੜ੍ਹ ਦੀ ਹੱਡੀ ਦੇ ਟਿਊਮਰ ਦੀ ਮਾਈਕ੍ਰੋਸਕੋਪਿਕ ਤਰੀਕੇ ਨਾਲ ਸਫਲਤਾਪੂਰਵਕ ਸਰਜਰੀ ਕੀਤੀ ਹੈ। ਨਿਊਰੋਸਰਜਰੀ ਟੀਮ ਦੀ ਅਗਵਾਈ ਕਰਨ ਵਾਲੇ ਡਾ. ਅਜੈ ਸਿੰਘ ਨੇ ਦੱਸਿਆ ਕਿ ਮਰੀਜ਼ ਸਵਰਨਾ ਦੇਵੀ (51 ਸਾਲ) ਸਪਾਈਨਲ ਟਿਊਮਰ ਤੋਂ ਪੀੜ੍ਹਤ ਸੀ ਅਤੇ ਟਿਊਮਰ ਕਾਰਨ ਲੱਤਾਂ 'ਚ ਲਗਾਤਾਰ ਕਮਜ਼ੋਰੀ ਹੋਣ ਕਾਰਨ ਉਹ ਪਿਛਲੇ ਕੁਝ ਹਫ਼ਤਿਆਂ ਤੋਂ ਚੱਲਣ-ਫਿਰਨ ਤੋਂ ਅਸਮਰੱਥ ਸੀ। ਉਨ੍ਹਾਂ ਅੱਗੇ ਦੱਸਿਆ ਕਿ ਸਰਜਰੀ ਤੋਂ ਤੁਰੰਤ ਬਾਅਦ ਮਰੀਜ਼ 'ਚ ਸੁਧਾਰ ਹੋਇਆ ਹੈ। ਟਿਊਮਰ ਰੀੜ੍ਹ ਦੀ ਹੱਡੀ ਅਤੇ ਨਸਾਂ ਦੀਆਂ ਜੜ੍ਹਾਂ ਲਈ ਘਾਤਕ ਬਣਿਆ ਹੋਇਆ ਸੀ। ਇਸ ਨੂੰ ਮਾਈਕ੍ਰੋਸਕੋਪਿਕ ਤਰੀਕੇ ਨਾਲ ਕੱਢਿਆ ਗਿਆ ਅਤੇ ਇਹ ਸਰਜਰੀ ਲਗਭਗ ਪੰਜ ਘੰਟੇ ਤੱਕ ਚੱਲੀ। ਸਰਜਰੀ ਤੋਂ ਬਾਅਦ ਮਰੀਜ਼ ਹੁਣ ਤੁਰਨ ਦੇ ਯੋਗ ਹੈ। ਬਾਹਰਾ ਸਪੈਸ਼ਲਿਟੀ ਹਸਪਤਾਲ ਇੱਕ ਸੁਪਰ ਸਪੈਸ਼ਲਿਟੀ ਹੈਲਥਕੇਅਰ ਪ੍ਰੋਵਾਈਡਰ ਹੈ ਅਤੇ ਗੁਰਵਿੰਦਰ ਸਿੰਘ ਬਾਹਰਾ, ਜੋ ਕਿ ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਵੀ ਹਨ, ਦੁਆਰਾ ਇਸ ਨੂੰ ਪ੍ਰਮੋਟ ਕੀਤਾ ਗਿਆ ਹੈ।

# ਇਪਟਾ ਇਕਾਈ ਦੀ ਤਿੰਨ ਸਾਲਾਂ ਲਈ ਚੋਣ ਸਰਬਸੰਮਤੀ ਨਾਲ ਹੋਈ

**ਮੋਹਾਲੀ (ਗੁਰਜੀਤ ਬਿੱਲਾ)**

ਇਪਟਾ ਮੋਹਾਲੀ ਇਕਾਈ ਦੀ ਤਿੰਨ ਸਾਲਾਂ (2023 - 26) ਦੀ ਚੋਣ ਵੀ ਸਰਬਸੰਮਤੀ ਨਾਲ ਹੋਈ। ਜਿਸ ਵਿਚ ਪ੍ਰਧਾਨ ਨਰਿੰਦਰ ਪਾਲ ਸਿੰਘ ਨੀਨਾ, ਮੀਤ-ਪ੍ਰਧਾਨ ਅਮਨ ਭੋਗਲ, ਜਨਰਲ ਸਕੱਤਰ ਜਸਬੀਰ ਗਿੱਲ, ਸਹਿ-ਸਕੱਤਰ ਸਰਬਪ੍ਰੀਤ ਸਿੰਘ ਬਾਹੜਾ, ਪ੍ਰੈਸ ਸਕੱਤਰ ਕਾਰਤਿਕਾ ਸਿੰਘ, ਸਰਪ੍ਰਸਤ ਸਵਰਨ ਸਿੰਘ ਸੰਧੂ, ਸਲਾਹਕਾਰ ਰੈਕਟਰ ਕਥੂਰੀਆ, ਕਾਰਜਕਾਰੀ ਮੈਂਬਰ ਬਲਦੇਵ ਸਿੰਘ ਅਤੇ ਦੀਪਕ ਚੌਧਰੀ ਨੂੰ ਚੁਣਿਆ ਗਿਆ। ਇਸ ਮੀਟਿੰਗ ਵਿਚ ਇਪਟਾ ਪੰਜਾਬ ਦੇ ਮੁੱਢਲੇ ਕਾਰਕੁੰਨ ਅਮਰਜੀਤ ਗੁਰਦਾਸਪੁਰੀ , ਗੁਰਚਰਨ ਬੋਪਾਰਾਏ ਅਤੇ ਇਪਟਾ ਕਾਰਕੁੰਨ ਜੇ. ਸੀ. ਪਰਿੰਦਾ ਜੀ ਦੇ ਵਿਛੋੜੇ ਤੇ ਦੁੱਖ ਪ੍ਰਗਟ ਕਰਦੇ ਹੋਏ, ਉਹਨਾਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ। ਨਾਜ਼ੁਕ ਸਮਿਆਂ ਵਿੱਚ ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ ਅਰਥਾਤ ਇਪਟਾ ਨੇ ਇੱਕ ਵਾਰ ਫੇਰ ਆਪਣੀ ਅਮੀਰ ਵਿਰਾਸਤ ਨੂੰ ਯਾਦ ਕਰਦਿਆਂ ਕੈਫ਼ੀ ਆਜ਼ਮੀ, ਸ਼ਬਾਨਾ ਆਜ਼ਮੀ, ਨਰਗਿਸ, ਜਾਨੀਸਾਰ ਅਖਤਰ, ਜਾਵੇਦ ਅਖਤਰ, ਨਰਗਿਸ ਅਤੇ ਸਾਹਿਰ ਲੁਧਿਆਣਵੀ ਵਰਗੇ ਆਪਣੇ ਸੰਸਥਾਪਕਾਂ ਅਤੇ ਪੁਰਖਿਆਂ ਨੂੰ ਯਾਦ ਕਰਦਿਆਂ ਲੋਕ ਪੱਖੀ ਜਜ਼ਬਿਆਂ ਨੂੰ ਫਿਰ ਤੋਂ ਉਭਾਰਨ ਦਾ ਸੰਕਲਪ ਦੁਹਰਾਇਆ।



ਫ਼ਿਲਮਾਂ, ਕਲਾ ਅਤੇ ਥੀਏਟਰ ਨਾਲ ਜੁੜੇ ਜਸਬੀਰ ਗਿੱਲ ਜਸਬੀਰ ਗਿੱਲ ਵੱਲੋ ਵਿਚਾਰ ਰੱਖਿਆ ਗਿਆ ਕਿ ਨੌਜਵਾਨਾਂ ਅਤੇ ਬੱਚਿਆਂ ਨੂੰ ਇਪਟਾ ਨਾਲ ਜੋੜਨ ਲਈ ਹਰ 3 ਮਹੀਨੇ ਦੇ ਅੰਤਰਾਲ ਵਿਚ 25-25 ਪਿੰਡ ਵਿਚ ਜਾ ਕੇ ਨਾਟਕ ਮੰਚਨ, ਥੀਏਟਰ ਵਰਕਸ਼ਾਪ ਅਤੇ ਟੈਲੈਂਟ ਹੰਟ ਆਦਿ ਆਯੋਜਿਤ ਕੀਤੇ ਜਾਣ। ਅਤੇ ਉਹਨਾਂ ਦੀ ਕਲਾ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਸੋਸ਼ਲ ਮੀਡਿਆ ਦਾ ਸਹਾਰਾ ਲੈਣ ਅਤੇ ਕਲਾਕਾਰਾਂ ਦੇ ਆਰਥਿਕ ਪੱਖ ਨੂੰ ਮਜ਼ਬੂਤ ਕਰਨ ਵਾਲੀ ਸੋਚ ਰੱਖਣ ਲਈ ਵੀ ਕਿਹਾ ਗਿਆ। ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਵੱਲੋਂ ਮੀਟਿੰਗ ਚ ਸਾਂਝੇ ਹੋਏ ਵਿਚਾਰਾਂ ਤੇ ਅਮਲ ਕਰਨ, ਲੋਕਾਂ ਨਾਲ ਜੁੜਨ ਅਤੇ ਲੋਕਪੱਖੀ ਕੰਮ ਕਰਨ ਲਈ ਕਿਹਾ ਗਿਆ।

ਇਪਟਾ ਮੋਹਾਲੀ ਇਕਾਈ ਦੀ ਇੱਕ ਵਿਸ਼ੇਸ਼ ਮੀਟਿੰਗ ਮੋਹਾਲੀ ਦੇ 10 ਫੇਜ਼ ਵਿਖੇ ਸਥਿਤ ਇੱਕ ਸਕੂਲ ਵਿੱਚ ਰੈਕਟਰ ਕਥੂਰੀਆ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਇਪਟਾ ਦੀਆਂ ਪਿਛਲੀ ਕਾਰਗੁਜ਼ਾਰੀਆਂ ਬਾਰੇ ਅਤੇ ਭਵਿੱਖ ਦੇ ਕੰਮਾਂ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਪਟਾ ਦੀ ਜਿੰਦ-ਜਾਨ ਰਹੇ ਤੇਰਾ ਸਿੰਘ ਚੰਨ ਨੇ ਸਜਦਾ ਕਰਦਿਆਂ ਮੌਜੂਦਾ ਦੌਰ ਦੀਆਂ ਚੁਣੌਤੀਆਂ ਨੂੰ ਸਵੀਕਾਰ ਕੀਤਾ ਗਿਆ।

# ਪ੍ਰਭ ਆਸਰਾ ਵਿਖੇ ਦੋ ਵਿਅਕਤੀਆਂ ਦੀ ਹਾਲਤ ਗੰਭੀਰ





**ਕੁਰਾਲੀ (ਮੋਹਨ ਅੱਗਰਵਾਲ ਜੋਗਾ)**

ਸ਼ਹਿਰ ਦੀ ਹੱਦ 'ਚ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਪ੍ਰਭ ਆਸਰਾ ਸੰਸਥਾ 'ਚ 4 ਸਾਲ ਪਹਿਲਾਂ ਲਾਵਾਰਿਸ ਹਾਲਤ 'ਚ ਦਾਖਲ ਹੋਏ ਮੋਹਿੰਦਰ ਸਿੰਘ (73) ਤੇ 6 ਮਹੀਨੇ ਪਹਿਲਾਂ ਦਾਖਲ ਹੋਏ ਦਵਾਰਿਕਾ (28) ਨਾਮਿਕ ਵਿਅਕਤੀ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ। ਸੰਸਥਾ ਦੇ ਮੁੱਖ ਪ੍ਰਬੰਧਕ ਭਾਈ ਸਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਪਡਿਆਲਾ ਵੱਲੋਂ ਦੱਸਿਆ ਗਿਆ ਕਿ ਮੋਹਿੰਦਰ ਸਿੰਘ ਦਾ ਘਰ ਵਿਚ ਕੋਈ ਦੇਖ ਭਾਲ ਕਰਨ ਵਾਲਾ ਕੋਈ ਨਾ ਹੋਣ ਕਰਕੇ ਰੋਪੜ ਦੇ ਸਮਾਜਦਰਦੀ ਸੱਜਣਾ ਵਲੋਂ ਬੜੀ ਹੀ ਤਰਸਯੋਗ ਹਾਲਤ 'ਚ ਦਾਖਲ ਕਰਵਾਇਆ ਗਿਆ ਸੀ ਦਾਖਲੇ ਸਮੇਂ ਇਹਨਾਂ ਦੀ ਮਾਨਸਿਕ ਤੇ ਸਰੀਰਕ ਹਾਲਤ ਠੀਕ ਨਹੀਂ ਸੀ, ਇਹਨਾਂ ਦੇ ਸੱਜੇ ਪੈਰ 'ਤੇ ਬਹੁਤ ਵੱਡਾ ਜਖਮ ਸੀ। ਦਵਾਰਿਕਾ ਨੂੰ ਐਸ.ਡੀ.ਐਮ ਮੋਹਾਲੀ ਵੱਲੋਂ ਦਾਖਲ ਕਰਵਾਇਆ ਗਿਆ ਸੀ, ਜਿਸ ਦੀ ਮਾਨਸਿਕ ਤੇ ਸਰੀਰਕ ਹਾਲਤ ਠੀਕ ਨਹੀਂ ਸੀ। ਇਹਨਾਂ ਦਾ ਇਲਾਜ ਸੰਸਥਾ ਵੱਲੋਂ ਵੱਖ-ਵੱਖ ਹਸਪਤਾਲ 'ਚੋਂ ਕਰਵਾਇਆ ਜਾ ਰਿਹਾ ਕੁਝ ਦਿਨ ਪਹਿਲਾ ਅਚਾਨਕ ਇਹਨਾਂ ਦੀ ਸਿਹਤ ਖਰਾਬ ਹੋਣ ਕਾਰਨ ਮੋਹਿੰਦਰ ਸਿੰਘ ਨੂੰ ਚੰਡੀਗੜ੍ਹ ਤੇ ਦਵਾਰਿਕਾ ਸੈਕਟਰ 32 ਵਿਚ ਦਾਖਲ ਕਰਵਾਇਆ ਗਿਆ ਹੈ, ਜਿਥੇ ਇਹ ਜੇਰੇ ਇਲਾਜ ਹਨ। ਪ੍ਰਬੰਧਕਾਂ ਨੇ ਅਪੀਲ ਕੀਤੀ ਹੈ ਕਿ ਜੋ ਵੀ ਇਹਨਾਂ ਨੂੰ ਪਹਿਚਾਣਦਾ ਹੈ ਜਾ ਕੋਈ ਵਾਰਸ ਅਤੇ ਸੰਬੰਧੀ ਮਿਲਣਾ ਚਾਹੁੰਦਾ ਹੈ ਤਾ ਉਹ ਪਰਭ ਆਸਰਾ ਸੰਸਥਾ ਕੁਰਾਲੀ ਨਾਲ ਸੰਪਰਕ ਕਰ ਸਕਦਾ ਹੈ।

## ਸੜਕ ਸੁਰੱਖਿਆ ਹ਼ਫਤੇ ਤਹਿਤ ਵਾਹਨ ਚਾਲਕਾਂ ਨੂੰ ਵੰਡੇ ਮੁ਼ਫਤ ਹੈਲਮਟ



**ਹੁਸ਼ਿਆਰਪੁਰ, (ਓ ਪੀ ਰਾਣਾ)** ਸੜਕ ਸੁਰੱਖਿਆ ਹ਼ਫਤੇ ਤਹਿਤ ਸਕੱਤਰ ਰਿਜ਼ਨਲ ਟਰਾਂਸਪੋਰਟ ਅਥਾਰਟੀ ਹੁਸ਼ਿਆਰਪੁਰ ਪ੍ਰਦੀਪ ਸਿੰਘ ਢਿੱਲੋਂ ਵਲੋਂ ਆਰ.ਟੀ.ਏ ਦ਼ਫਤਰ ਵਿਚ ਟ੍ਰੈਫਿਕ ਨਿਯਮਾਂ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਜਾਰਗੂਕਤਾ ਕੈਂਪ ਵਿਚ ਉਨ੍ਹਾਂ ਅਤੇ ਉਨ੍ਹਾਂ ਦੇ ਸਟਾ਼ਫ ਨੇ ਆਮ ਜਨਤਾ ਤੇ ਡਰਾਈਵਰਾਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਸੰਬੰਧੀ ਜਾਣਕਾਰੀ ਦਿੱਤੀ ਅਤੇ ਨਿਯਮਾਂ ਸੰਬੰਧੀ ਸਾਹਿਤ ਵੀ ਵੰਡਿਆ। ਸਕੱਤਰ ਆਰ.ਟੀ.ਏ ਪ੍ਰਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਸੜਕ ਸੁਰੱਖਿਆ ਜਾਗਰੂਕਤਾ ਹਫਤੇ ਦੀ ਇਸ ਲੜੀ ਵਿਚ ਸੋਨਾਲੀਕਾ ਟਰੈਕਟਰਜ਼ ਲਿਮਟਿਡ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਲੋੜਵੰਦਾਂ ਨੂੰ ਮੁ਼ਫਤ ਹੈਲਮਟ ਵੰਡੇ ਗਏ ਅਤੇ ਨੂਰ ਪ੍ਰਦੂਸ਼ਣ ਚੈੱਕ ਸੈਂਟਰ ਵਲੋਂ ਪ੍ਰਦੂਸ਼ਣ ਚੈਕਿੰਗ ਵੀ ਕੀਤੀ ਗਈ। ਇਸ ਦੌਰਾਨ 50 ਗੱਡੀਆਂ ਦੇ ਪ੍ਰਦੂਸ਼ਣ ਚੈੱਕ ਕਰਕੇ ਉਨ੍ਹਾਂ ਨੂੰ ਮੁ਼ਫਤ ਪ੍ਰਦੂਸ਼ਣ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਇਸ ਮੌਕੇ ਸੈਕਸ਼ਨ ਅ਼ਫਸਰ ਰਜਿੰਦਰ ਸਿੰਘ ਤੋਂ ਇਲਾਵਾ ਸੁਰਿੰਦਰ ਭੰਡਾਰੀ, ਰਵਿੰਦਰ ਸ਼ਰਮਾ, ਜਤਿੰਦਰ ਸਿੰਘ ਵੀ ਮੌਜੂਦ ਸਨ।

# ਭਾਈ ਘਨੱਈਆ ਸੇਵਾ ਸਿਮਰਨ ਕੇਂਦਰ ਗੁਰਮਤਿ ਸਮਾਗਮ

**ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ)**

ਚਾਲੀ ਮੁਕਤਿਆਂ ਨੂੰ ਸਮਰਪਿਤ ਅਤੇ ਮਾਘੀ ਦੇ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਭਾਈ ਘਨੱਈਆ ਜੀ ਸੇਵਾ ਸਿਮਰਨ ਕੇਂਦਰ ਫਗਵਾੜਾ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਅਤੇ ਸੰਤ ਅਨੂਪ ਸਿੰਘ ਊਨਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਇਲਾਕੇ ਭਰ ਦੀਆਂ ਸੰਗਤਾਂ ਦੇ ਭਰਪੂਰ ਸਹਿਯੋਗ ਨਾਲ ਬਹੁਤ ਸ਼ਰਧਾ ਅਤੇ ਉਤਸਾਹ ਨਾਲ ਕਰਵਾਇਆ ਗਿਆ। ਇਸ ਮੌਕੇ ਰਹਿਰਾਸਿ ਸਾਹਿਬ ਜੀ ਦੇ ਪਾਠ ਕਰਨ ਉਪਰੰਤ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਘਨੱਈਆ ਜੀ ਗੁਰਮਤਿ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਜਿੱਥੇ ਕੀਰਤਨ ਰਾਹੀਂ ਹਾਜਰੀ ਭਰੀ ਉੱਥੇ ਹੀ ਭਾਈ ਕੁਲਦੀਪ ਸਿੰਘ ਹਜ਼ੂਰੀ ਰਾਗੀ ਜੱਥਾ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਨੇ ਕਥਾ-ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਸਮਾਗਮ ਦੇ ਅਖੀਰ ਭਾਈ ਘਨੱਈਆ ਜੀ ਸੇਵਾ ਸਿਮਰਨ ਕੇਂਦਰ ਫਗਵਾੜਾ ਦੇ ਪ੍ਰਬੰਧਕ ਭਾਈ ਇਕਬਾਲ ਸਿੰਘ ਬੱਬੂ ਵੱਲੋਂ ਰਾਗੀ ਜੱਥਿਆਂ, ਸਹਿਯੋਗੀਆਂ ਅਤੇ ਪਤਵੰਤਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕਿ ਸਨਮਾਨਿਤ ਕੀਤਾ। ਇਸ ਮੌਕੇ ਗਿਆਨੀ ਇਕਬਾਲ ਸਿੰਘ ਬੱਬੂ ਭਾਜੀ, ਮਾਸਟਰ ਹਰਕਮਲ ਸਿੰਘ, ਸਤਵਿੰਦਰ ਸਿੰਘ, ਜਸਪ੍ਰੀਤ ਸਿੰਘ, ਸੁਖਦੇਵ ਸਿੰਘ, ਭਾਈ ਮਨਜੀਤ ਸਿੰਘ ਖਾਲਸਾ, ਤਜਿੰਦਰ ਸਿੰਘ, ਹਰਕੀਰਤ ਸਿੰਘ, ਗੁਰਮੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।



# ਲਾਂਦੜਾ ਵਿਖੇ 'ਧੀਆਂ ਦੀ ਲੋਹੜੀ' ਸਮਾਗਮ

**ਅੱਪਰਾ (ਨਿਰਮਲ ਗੁੜਾ)**

ਅੱਜ ਪੁੱਤਰਾਂ ਨਾਲ਼ੋਂ ਧੀਆਂ ਜਿਆਦਾ ਮਾਪਿਆਂ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਵਿਦਿਆ, ਖੇਡਾਂ ਅਤੇ ਹਰ ਖੇਤਰ ਵਿੱਚ ਲੜਕੀਆਂ ਅਗੇ ਹਨ, ਸਮਾਜ ਨੂੰ ਤਰੱਕੀਆਂ ਦੀਆਂ ਲੀਹਾਂ ਤੇ ਲਿਜਾਣ ਦੇ ਨਾਲ਼ ਨਾਲ਼ ਅੱਜ ਪਰਵਾਰਾਂ ਦੇ ਪਰਵਾਰ ਵਿਦੇਸ਼ਾਂ 'ਚ ਸੈੱਟ ਕਰਨ ਲਈ ਵੀ ਲੜਕੀਆਂ ਆਇਲਿਟਸ ਕਰਕੇ ਵਿਸ਼ੇਸ਼ ਯੋਗਦਾਨ ਪਾ ਰਹੀਆਂ ਹਨ।ਇਹ ਵਿਚਾਰ ਆਂਗਣਵਾੜੀ ਵਰਕਰ ਜੋਤੀ ਨੇ ਲਾਂਦੜਾ ਵਿਖੇ ਧੀਆਂ ਦੇ ਸਤਿਕਾਰ 'ਚ ਲੋਹੜੀ ਦੇ ਸਮਾਗਮ 'ਤੇ ਇਕੱਠੇ ਹੋਏ ਲੋਕਾਂ ਨਾਲ਼ ਸਾਂਝੇ ਕੀਤੇ । ਜਿਕਰਯੋਗ ਹੈ ਕਿ ਜ਼ਿਲ੍ਹਾ ਜਲੰਧਰ ਦੇ ਪਿੰਡ ਲਾਂਦੜਾ ਵਿਖੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਫਿਲੌਰ ਸ਼੍ਰੀਮਤੀ ਰੰਜਨਾਂ ਦੇਵੀ ਅਤੇ ਸੁਪਰਵਾਈਜਰ ਸ਼੍ਰੀਮਤੀ ਕੁਲਵੀਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਧੀਆਂ ਦੀ ਲੋਹੜੀ ਦਾ ਸਮਾਗਮ ਕੀਤਾ ਗਿਆ। ਆਂਗਣਵਾੜੀ ਵਰਕਰ ਜੋਤੀ, ਰਤਨ ਕੌਰ, ਹਰਜਿੰਦਰ ਕੌਰ, ਹੈਲਪਰ ਪਰਮਜੀਤ ਕੌਰ ਅਤੇ ਜਸਵਿੰਦਰ ਕੌਰ ਦੇ ਉਦਮ ਸਦਕਾ ਉਲੀਕੇ ਇਸ ਪ੍ਰੋਗਰਾਮ ਵਿੱਚ ਸਰਪੰਚ ਸਿਮਰਪਾਲ, ਹੈਲਥ ਵਰਕਰ, ਏ ਐਨ ਐਮ ਨਿਸ਼ਾ, ਆਸ਼ਾ ਵਰਕਰ ਬਿਮਲਾ ਦੇਵੀ ਅਤੇ ਸੀ ਐਚ ਸੀ ਨਵਜੋਤ ਕੌਰ ਅਤੇ ਬੱਚੀਆਂ ਦੇ ਮਾਪੇ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇਸ ਮੌਕੇ ਲੱਡੂ, ਮੂੰਗਫਲ਼ੀ ਅਤੇ ਰਿਓੜੀਆਂ ਵੀ ਵੰਡੀਆਂ ਗਈਆਂ।



## ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ

**ਦਸੂਹਾ, (ਲਵਜੀਤ ਸਿੰਘ)**- ਨਾਲ ਲੱਗਦੇ ਪਿੰਡ ਉੱਚੀ ਬੱਸੀ ਦੀ ਨਹਿਰ ਵਿਚੋਂ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਬਰਾਮਦ ਹੋਈ ਹੈ। ਦਸੂਹਾ ਪੁਲਸ ਦੇ ਮੁਤਾਬਕ ਵਿਅਕਤੀ ਦੀ ਉਪਰ ਤਕਰੀਬਨ 30 ਸਾਲ ਦੇ ਕਰੀਬ ਹੈ। ਉਸ ਨੇ ਨੀਲੀ ਜੀਨ, ਚੈੱਕਦਾਰ ਕਮੀਜ਼ ਪਾਈ ਹੋਈ ਹੈ। ਵਿਅਕਤੀ ਸਿਰ ਤੋਂ ਮੋਨਾ ਹੈ । ਲਾਸ਼ ਸਿਵਲ ਹਸਪਤਾਲ ਦਸੂਹਾ ਦੀ ਮੋਰਚਰੀ ਵਿੱਚ ਪਹਿਚਾਣ ਲਈ ਪਈ ਹੋਈ ਹੈ।

## ਗੁ. ਸਿੰਘ ਸ਼ਹੀਦਾਂ ਸੋਹਾਣਾ ਵਿਖੇ ਬਾਬਾ ਦੀਪ ਸਿੰਘ ਦਾ ਜਨਮ ਦਿਹਾੜਾ 27 ਨੂੰ ਮਨਾਇਆ ਜਾਵੇਗਾ

**ਮੁਹਾਲੀ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਜਨਮ ਦਿਹਾੜਾ ਮਿਤੀ 27 ਜਨਵਰੀ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਜਾਵੇਗਾ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਿੰਘ ਸ਼ਹੀਦਾਂ , ਸੋਹਾਣਾ ਦੇ ਬੁਲਾਰੇ ਨੇ ਦੱਸਿਆ ਕਿ ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਇਸ ਧਾਰਮਿਕ ਸਮਾਗਮ ਵਿੱਚ ਭਾਈ ਗੁਰਸੇਵਕ ਸਿੰਘ ਚਮਕਾਰਾ ਦਾ ਇੰਨਰਨੈਸ਼ਨਲ ਢਾਡੀ ਜੱਥਾ ਭਾਈ ਓਕਾਰ ਸਿੰਘ, ਸ਼੍ਰੋਮਣੀ ਪ੍ਰਚਾਰਕ ਭਾਈ ਸੁਰਜੀਤ ਸਿੰਘ ਜੀ ਦਮਦਮੀ ਟਕਸਾਲ ਵਾਲੇ, ਬੀਬੀ ਉੱਤਮਜੀਤ ਕੌਰ, ਭਾਈ ਅਮਰਜੀਤ ਸਿੰਘ ਖਾਲਸਾ, ਭਾਈ ਗੁਰਵਿੰਦਰ ਸਿੰਘ, ਭਾਈ ਅਵਤਾਰ ਸਿੰਘ ਜੀ ਆਲਮ, ਮੀਰੀ ਪੀਰੀ ਪੰਥਕ ਢਾਡੀ ਜੱਥਾ, ਮਿੱਤਰ ਪਿਆਰੇ ਨੂੰ ਕਵੀਸ਼ਰੀ ਜੱਥਾ, ਭਾਈ ਜਤਿੰਦਰ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ ਜੀ ਅਤੇ ਭਾਈ ਸੰਦੀਪ ਸਿੰਘ ਸੰਗਤਾਂ ਨੂੰ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤੇਗਾ।

# ਜਨਤਕ ਸ਼ਿਕਾਇਤ ਨਿਵਾਰਨ ਕੈਂਪ ਅੰਬਾਲਾ ਜੱਟਾਂ 'ਚ ਅੱਜ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ)**- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ੍ਰੀਮਤੀ ਕੋਮਲ ਮਿੱਤਲ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਤਹਿਸੀਲ ਟਾਂਡਾ 'ਚ ਪੈਂਦੇ ਪਿੰਡ ਅੰਬਾਲਾ ਜੱਟਾਂ ਵਿਖੇ 18 ਜਨਵਰੀ ਨੂੰ ਇਕ ਜਨਤਕ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿਚ ਦਸੂਹਾ ਉਪ ਮੰਡਲ ਦੇ ਐਸ ਡੀ ਐਮ ਓਜਸਵੀ ਤੋਂ ਇਲਾਵਾ ਦਸੂਹਾ ਚ ਪੈਂਦੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਸ਼ਾਮਲ ਹੋਣਗੇ। ਇਸ ਕੈਂਪ ਸੰਬੰਧੀ ਜਾਣਕਾਰੀ ਦਿੰਦੇ ਹੋਏ ਦਸੂਹਾ ਉਪ ਮੰਡਲ ਮੈਜਿਸਟ੍ਰੇਟ ਓਜਸਵੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਆਮ ਜਨਤਾ ਨੂੰ ਪੂਰਾ-ਪੂਰਾ ਇਨਸਾਫ ਦੇਣ ਅਤੇ ਉਨ੍ਹਾਂ ਦੇ ਬਣਦੇ ਹੱਕਾਂ ਦੀ ਰਾਖੀ ਲਈ ਵੱਖ-ਵੱਖ ਪਿੰਡਾਂ ਵਿਚ ਲੋਕ ਸ਼ਿਕਾਇਤ ਨਿਵਾਰਨ ਕੈਂਪਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਦਰਪੇਸ਼ ਆ ਰਹੀਆਂ ਔਕੜਾਂ ਤੋਂ ਜਲਦ ਨਿਜਾਤ ਮਿਲ ਸਕੇ। ਇਸ ਮੌਕੇ ਉਨ੍ਹਾਂ ਨਾਲ ਦਫਤਰ ਸੁਪਰੀਟੈਂਡੈਂਟ ਸੰਜੀਵ ਕੁਮਾਰ, ਭੁਪਿੰਦਰ ਸਿੰਘ, ਹਰਜੀਤ ਕੁਮਾਰ ਅਤੇ ਹੋਰ ਹਾਜ਼ਰ ਸਨ।

18-JAN-PAGE-1.qxd 1/17/2023 9:55 PM Page 2



## ਪੁਲਸ ਵੱਲੋਂ ਜਵੈਲਰ ਦਾ ਲੁੱਟਿਆ ਕੜਾ ਬਰਾਮਦ



**ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)**-ਤਪਾ ਦੇ ਜਵੈਲਰ, ਜਿਸ ਪਾਸੋਂ ਲੁਟੇਰੇ ਜਾਨਲੇਵਾ ਹਮਲਾ ਕਰਕੇ ਸੋਨੇ ਦਾ ਕੜਾ ਲੁੱਟ ਕੇ ਲੈ ਗਏ ਵੀ ਬਰਾਮਦ ਕਰ ਲਿਆ ਹੈ। ਥਾਣਾ ਮੁਖੀ ਨਿਰਮਲਜੀਤ ਸਿੰਘ ਸੰਧੂ ਨੇ ਦੱਸਿਆ ਕਿ ਦੋਸ਼ੀ ਮਨਪ੍ਰੀਤ ਸਿੰਘ ਉਰਫ ਮਨੀ ਅਤੇ ਸੰਨਪ੍ਰੀਤ ਸਿੰਘ ਉਰਫ ਸੰਨੀ ਨੂੰ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰ ਲਿਆ ਸੀ ਅਤੇ ਪੁੱਛਗਿੱਛ ਦੌਰਾਨ ਲੁਟੇਰਿਆਂ ਤੋਂ ਇਹ ਕੜਾ ਸੰਨਪ੍ਰੀਤ ਸਿੰਘ ਦੇ ਘਰੋਂ ਬਰਾਮਦ ਕੀਤਾ ਹੈ ਜਦੋਂ ਕਿ ਸੋਨਾ-ਚਾਂਦੀ ਦੇ ਗਹਿਣੇ ਅਤੇ ਹਮਲਾ ਕਰਨ ਵਾਲਾ ਹਥੌੜਾ ਗ੍ਰਿਫਤਾਰੀ ਸਮੇਂ ਹੀ ਬਰਾਮਦ ਕਰ ਲਿਆ ਸੀ। ਇਸ ਮੌਕੇ ਚੌਕੀ ਇੰਚਾਰਜ ਗੁਰਪਾਲ ਸਿੰਘ, ਸਹਾਇਕ ਥਾਣੇਦਾਰ ਗੁਰਮੇਲ ਸਿੰਘ, ਸਹਾਇਕ ਥਾਣੇਦਾਰ ਜਸਵਿੰਦਰ ਸਿੰਘ, ਸਹਾਇਕ ਥਾਣੇਦਾਰ ਬੂਟਾ ਸਿੰਘ, ਹਵਾਲਦਾਰ ਗੁਰਪਿਆਰ ਸਿੰਘ, ਹਵਾਲਦਾਰ ਬਲਜੀਤ ਸਿੰਘ ਆਦਿ ਪੁਲਸ ਮੁਲਾਜ਼ਮ ਹਾਜ਼ਰ ਸਨ।

## ਮਾਘੀ ਦਾ ਪਵਿੱਤਰ ਦਿਹਾੜਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)**-ਗੁਰਦੁਆਰਾ ਰੋੜੇ ਸਾਹਿਬ ਛਾਉਣੀ ਨਿਹੰਗ ਸਿੰਘਾਂ (ਬੁੱਢਾ ਦਲ) ਕੋਟ ਧਰਮਚੰਦ ਕਲਾਂ ਵਿਖੇ ਛਾਉਣੀ ਦੇ ਮੁਖੀ ਜਥੇਦਾਰ ਬਾਬਾ ਮਲਕੀਤ ਸਿੰਘ ਮਹਾਕਾਲ ਵੱਲੋਂ ਤੇ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਘੀ ਦੀ ਸੰਗਰਾਂਦ 'ਤੇ ਚਾਲੀ ਮੁਕਤਿਆ ਦੀ ਯਾਦ ਨੂੰ ਸਮਰਪਿਤ ਦਿਹਾੜਾ ਮਨਾਇਆ ਗਿਆ। ਪਰਸੋਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ। ਅੱਜ ਉਨ੍ਹਾਂ ਦੇ ਭੋਗ ਪਾਏ ਗਏ। ਭੋਗ ਉਪਰੰਤ ਨਿਹੰਗ ਸਿੰਘ ਜਥੇਬੰਦੀ ਵੱਲੋਂ ਦੀਵਾਨ ਸਜਾਏ ਗਏ ਜਿਸ ਵਿੱਚ ਜਥੇਦਾਰ ਬਾਬਾ ਮਲਕੀਤ ਸਿੰਘ ਵੱਲੋਂ ਸ਼ਬਦ ਕੀਰਤਨ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਨਿਹੰਗ ਸਿੰਘ ਜਥੇਬੰਦੀ ਤੋਂ ਇਲਾਵਾ ਹੋਰ ਵੀ ਬੇਅੰਤ ਸੰਗਤਾਂ ਹਾਜ਼ਰ ਸਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

## ਹਰਪਾਲ ਸਿੰਘ ਚੀਮਾ ਨੂੰ ਮਿਲੀ ਰਾਹਤ, ਮੋਗਾ ਅਦਾਲਤ ਤੋਂ ਮਿਲੀ ਜ਼ਮਾਨਤ



**ਮੋਗਾ (ਅਮਰਜੀਤ ਬੱਬਰੀ)**-ਖ਼ਜ਼ਾਨਾ ਮੰਤਰੀ ਹਰਪਾਲ ਚੀਮਾ ਸੀਜੇਐੱਮ ਪ੍ਰੀਤੀ ਸੁਖੀਜਾ ਦੀ ਅਦਾਲਤ ਵਿੱਚ ਪੇਸ਼ ਹੋਏ। ਇੱਥੇ ਹਰਪਾਲ ਚੀਮਾ ਵੱਲੋਂ ਜ਼ਮਾਨਤ ਬਾਂਡ ਭਰਿਆ ਗਿਆ, ਜਿਸ ਦੇ ਆਧਾਰ 'ਤੇ ਚੀਮਾ ਨੂੰ ਅਦਾਲਤ ਤੋਂ ਜ਼ਮਾਨਤ ਮਿਲ ਗਈ ਤੇ ਅਗਲੀ ਤਰੀਕ 4 ਫਰਵਰੀ ਤੈਅ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਜੂਨ 2020 'ਚ ਜਦੋਂ ਸੂਬੇ 'ਚ ਕਾਂਗਰਸ ਪਾਰਟੀ ਦੀ ਸਰਕਾਰ ਸੀ। ਉਸ ਸਮੇਂ ਆਮ ਆਦਮੀ ਪਾਰਟੀ ਦੇ ਆਗੂ ਹਰਪਾਲ ਚੀਮਾ ਦੀ ਵੱਲੋਂ ਚੰਡੀਗੜ੍ਹ ਵਿਖੇ ਪ੍ਰੈਸ ਕਾਨਫਰੰਸ ਕਰਕੇ ਵਿਧਾਨ ਸਭਾ ਹਲਕਾ ਮੋਗਾ ਦੇ ਸਾਬਕਾ ਵਿਧਾਇਕ ਡਾ: ਹਰਜੋਤ ਕਮਲ 'ਤੇ 100 ਕਰੋੜ ਰੁਪਏ ਦੇ ਘਪਲੇ ਦੇ ਇਲਜ਼ਾਮ ਲਾਏ ਸੀ। ਜਿਸ ਤੋਂ ਬਾਅਦ ਹਰਜੋਤ ਕਮਲ ਵੱਲੋਂ ਅਦਾਲਤ ਵਿਚ ਸ਼ਿਕਾਇਤ ਦਾਇਰ ਕੀਤੀ ਗਈ ਸੀ, ਜਿਸ ਵਿੱਚ ਪੇਸ਼ ਹੋਣ ਲਈ ਹਰਪਾਲ ਚੀਮਾ ਮੋਗਾ ਪੁੱਜੇ ਸਨ। ਕੈਬਨਿਟ ਮੰਤਰੀ ਹਰਪਾਲ ਚੀਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਅਦਾਲਤ ਵੱਲੋਂ ਸੰਮਨ ਜਾਰੀ ਕੀਤੇ ਗਏ ਹਨ, ਜਿਸ ਕਾਰਨ ਉਹ ਅਦਾਲਤ ਵਿੱਚ ਪੇਸ਼ ਹੋਏ ਹਨ। ਜਦੋਂ ਉਨ੍ਹਾਂ ਨੂੰ ਮਾਮਲੇ ਦੀ ਸੱਚਾਈ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਮਾਮਲਾ ਵਿਚਾਰ ਅਧੀਨ ਹੈ।

## ਕਾਂਗਰਸ ਦੇ ਵਰਕਰ ਝੂਠੇ ਪਰਚਿਆਂ ਤੋਂ ਡਰਨ ਵਾਲੇ ਨਹੀਂ : ਕੋਟਲੀ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਤੇ ਹਲਕਾ ਪਾਇਲ ਦੇ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਤੇ ਹਲਕਾ ਸਮਰਾਲਾ ਦੇ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਵੱਲੋਂ ਸਾਂਝੇ ਤੌਰ 'ਤੇ ਇਸ ਕਾਨਫਰੰਸ ਕਰਕੇ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਗਿਆਸਪੁਰਾ ਦੇ ਅਸਤੀਫੇ ਮੰਗ ਕੀਤੀ ਗਈ ਹੈ। ਸਾਬਕਾ ਕੈਬਨਿਟ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਕਿਹਾ ਕਿ ਪਾਇਲ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਵੱਲੋਂ ਭਗਵੰਤ ਸਿੰਘ ਮਾਨ ਨੂੰ ਇੱਕ ਚਿੱਠੀ ਲਿਖ ਕੇ ਦੋਸ਼ ਲਾਏ ਸਨ ਕਿ ਪੁਲਸ ਜ਼ਿਲ੍ਹਾ ਖੰਨਾ ਦੇ ਐਸ ਐਸ ਪੀ ਤੇ ਉਨ੍ਹਾਂ ਦੀ ਸਾਰੀ ਟੀਮ ਵੱਲੋਂ ਹਲਕਾ ਪਾਇਲ ਵਿੱਚ ਨਸ਼ਾ ਕਾਰੋਬਾਰ ਤੇ ਸਕਰੈਪ ਦੀਆਂ ਗੱਡੀਆਂ ਵਿਚੋਂ ਚੋਰੀ ਦਾ ਧੰਦਾ ਪੁਲਸ ਦੀ ਮਿਲੀਭੁਗਤ ਨਾਲ ਵੱਡੇ ਪੱਧਰ 'ਤੇ ਚਲਾਇਆ ਜਾ ਰਿਹਾ ਹੈ। ਮੁੱਖ ਮੰਤਰੀ ਵੱਲੋਂ ਵਿਧਾਇਕ ਦੀ ਚਿੱਠੀ ਦਾ ਕੋਈ ਵੀ ਐਕਸ਼ਨ ਨਜ਼ਰ ਨਹੀਂ ਆ ਰਿਹਾ। ਉਲਟਾ ਖੰਨਾ ਪੁਲਸ ਤੇ ਹਲਕਾ ਵਿਧਾਇਕ ਦੋਨੋਂ ਚੁੱਪ ਹਨ। ਸਾਬਕਾ ਮੰਤਰੀ ਨੇ ਹਲਕਾ ਖੰਨਾ ਸਮਰਾਲਾ ਤੇ ਹਲਕਾ ਪਾਇਲ ਵਿਧਾਇਕਾਂ ਦਾ ਰਿਪੋਰਟ ਕਾਰਡ ਬਿਲਕੁਲ ਜ਼ੀਰੋ ਹੈ। ਲੋਕ ਆਮ ਆਦਮੀ ਪਾਰਟੀ ਨੂੰ ਵੋਟਾਂ ਪਾ ਕੇ ਆਪਣੇ ਆਪ ਨੂੰ ਠੱਗੇ ਹੋਏ ਮਹਿਸੂਸ ਕਰ ਰਹੇ ਹਨ। ਹਲਕੇ ਦੇ ਲੋਕ ਇਨ੍ਹਾਂ ਤੋਂ ਜਵਾਬ ਮੰਗ ਰਹੇ ਹੈ, ਪਰ ਇਹ ਆਮ ਲੋਕਾਂ ਦੇ ਜਵਾਬਾਂ ਲੋਕਾਂ ਤੋਂ ਭੱਜ ਰਹੇ ਹਨ। ਇਸ ਸਮੇਂ ਉਨ੍ਹਾਂ ਨਾਲ ਬਲਾਕ ਸੰਮਤੀ ਚੇਅਰਮੈਨ ਸਤਨਾਮ ਸਿੰਘ ਸੋਨੀ, ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਲਾਲ ਤੇ ਹੋਰ ਵੀ ਹਾਜ਼ਰ ਸਨ।

## ਚਾਇਨਾ ਡੋਰ 'ਤੇ ਪਾਬੰਦੀ ਸਖ਼ਤੀ ਨਾਲ ਲਾਗੂ ਕਰਨ ਲਈ ਕਮੇਟੀ ਦਾ ਗਠਨ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਵੱਲੋਂ ਚਾਈਨਾ/ਸਿੰਥੈਟਿਕ/ਪਲਾਸਟਿਕ ਡੋਰ ਨੂੰ ਪਤੰਗਾਂ ਲਈ ਵਰਤਣ ਵਾਸਤੇ ਵੇਚਣ, ਸਟੋਰ ਕਰਨ ਤੇ ਇਸ ਦੀ ਵਰਤੋਂ ਕਰਨ ਉੱਪਰ ਪਾਬੰਦੀ ਲਾਈ ਗਈ ਹੈ। ਡੀ.ਸੀ ਵੱਲੋਂ ਵੀ ਪਾਬੰਦੀ ਦੇ ਹੁਕਮ ਨੰਬਰ 123/ਐਮ.ਏ ਮਿਤੀ 28 ਨਵੰਬਰ 2022 ਰਾਹੀਂ ਪਹਿਲਾਂ ਤੋਂ ਲਾਗੂ ਹਨ। ਇਨ੍ਹਾਂ ਹੁਕਮਾਂ ਦੀ ਸਖਤੀ ਨਾਲ ਪਾਲਣਾ ਲਈ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਜ਼ਿਲ੍ਹੇ ਵਿੱਚ ਚਾਇਨਾ/ਸਿੰਥੈਟਿਕ/ਪਲਾਸਟਿਕ ਡੋਰ ਨੂੰ ਪਤੰਗਾਂ ਲਈ ਵਰਤਣ ਵਾਸਤੇ ਵੇਚਣ, ਸਟੋਰ ਕਰਨ ਤੇ ਇਸ ਦੀ ਵਰਤੋਂ ਤੇ ਰੋਕ ਲਾਉਣ ਸਬੰਧੀ ਕਮੇਟੀ ਦਾ ਗਠਨ ਕੀਤਾ ਹੈ। ਕਮੇਟੀ 'ਚ ਕਾਰਜਕਾਰੀ ਇੰਜਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਸੰਗਰੂਰ ਜਾਂ ਉਨ੍ਹਾਂ ਦਾ ਨੁਮਾਇੰਦਾ, ਸਬੰਧਤ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ, ਸਬੰਧਤ ਮੁੱਖ ਥਾਣਾ ਅਫ਼ਸਰ ਤੇ ਸ਼ਹਿਰੀ ਇਲਾਕਿਆਂ ਲਈ ਸਬੰਧਤ ਕਾਰਜ ਸਾਧਕ ਅਫ਼ਸਰ ਤੇ ਪੇਂਡੂ ਇਲਾਕਿਆਂ ਲਈ ਸਬੰਧਤ ਬੀ.ਡੀ.ਪੀ.ਓ ਸ਼ਾਮਲ ਹਨ। ਡਿਪਟੀ ਕਮਿਸ਼ਨਰ ਨੇ ਕਮੇਟੀ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਆਪਣੇ ਅਧੀਨ ਆਉਂਦੇ ਇਲਾਕਿਆਂ 'ਚ ਰੋਜ਼ਾਨਾ ਚੈਕਿੰਗ ਕਰਦੇ ਹੋਏ ਕਾਨੂੰਨ ਅਨੁਸਾਰ ਬਣਦੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤੇ ਨਾਲ ਹੀ ਕਾਰਜਕਾਰੀ ਇੰਜਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਸੰਗਰੂਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕਮੇਟੀ ਵਲੋਂ ਕੀਤੀ ਗਈ ਚੈਕਿੰਗ/ਕਾਰਵਾਈ ਰਿਪੋਰਟ ਦਫ਼ਤਰ ਡਿਪਟੀ ਕਮਿਸ਼ਨਰ ਨੂੰ ਰੋਜ਼ਾਨਾ ਭੇਜਣੀ ਯਕੀਨੀ ਬਣਾਈ ਜਾਵੇ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ 'ਚ ਬਸੰਤ ਕੀਰਤਨ ਦਰਬਾਰ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਬਸੰਤ ਕੀਰਤਨ ਦਰਬਾਰ ਸਜਾਇਆ ਗਿਆ। ਕੈਂਪਸ ਦੇ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਵਿਭਾਗਾਂ ਦੇ ਟੀਚਿੰਗ ਤੇ ਨਾਨ ਟੀਚਿੰਗ ਸਟਾਫ਼ ਤੇ ਵਿਦਿਆਰਥੀਆਂ ਨੇ ਕੀਰਤਨ ਦਰਬਾਰ ਵਿੱਚ ਹਾਜ਼ਰੀ ਭਰੀ। ਵਾਈਸ ਚਾਂਸਲਰ, ਪ੍ਰੋ. ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਅੰਦਰ ਨਵੇਂ ਇਵਨ ਸਮੈਸਟਰ ਦੀ ਸ਼ੁਰੂਆਤ ਬਸੰਤ ਕੀਰਤਨ ਦਰਬਾਰ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕੀਰਤਨ ਦਰਬਾਰ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਬਸੰਤ ਰਾਗ ਅਨੁਸਾਰ ਗਾਇਨ ਕੀਤਾ ਜਾਂਦਾ ਹੈ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਪ੍ਰੋ. ਅਜਾਇਬ ਸਿੰਘ ਬਰਾੜ, ਪ੍ਰੋਚਾਂਸਲਰ ਨੇ ਸਟਾਫ਼ ਤੇ ਵਿਦਿਆਰਥੀਆਂ ਦੇ ਇਸ ਉਦਮ ਉੱਪਰ ਖੁਸ਼ੀ ਜ਼ਾਹਰ ਕਰਦਿਆਂ ਨਵੇਂ ਸਮੈਸਟਰ ਦੀ ਸ਼ੁਰੂਆਤ ਮੌਕੇ ਸ਼ੁਭ ਕਾਮਨਾਵਾਂ ਦਿੱਤੀਆਂ। ਇਸ ਮੌਕੇ ਸੰਬੋਧਤ ਹੁੰਦਿਆਂ ਡੀਨ ਅਕਾਦਮਿਕ ਮਾਮਲੇ, ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਗੁਰਮਤਿ ਅੰਦਰ ਸੰਗੀਤ ਦਾ ਬਹੁਤ ਵੱਡਾ ਮਹੱਤਵ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਕੀਰਤਨ ਦਰਬਾਰ ਦੀ ਪਰੰਪਰਾ ਚੱਲੀ ਆਉਂਦੀ ਹੈ। ਮਾਘੀ ਤੋਂ ਸ਼ੁਰੂ ਹੋ ਕੇ ਹੋਲੇ ਮੁਹੱਲੇ ਤੱਕ ਜਿੱਥੇ ਬਸੰਤ ਕੀਰਤਨ ਦਰਬਾਰ ਕਰਾਏ ਜਾਂਦੇ ਹਨ, ਉੱਥੇ ਹਰੇਕ ਕੀਰਤਨ ਚੌਂਕੀ ਵਿੱਚ ਇੱਕ ਸ਼ਬਦ ਬਸੰਤ ਰਾਗ ਦਾ ਲਾਜ਼ਮੀ ਤੌਰ 'ਤੇ ਗਾਇਨ ਕੀਤਾ ਜਾਂਦਾ ਹੈ ਤੇ ਸ਼ਬਦ ਚੌਂਕੀ ਦੀ ਸੰਪੂਰਨਤਾ ਬਸੰਤ ਕੀ ਵਾਰ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਗੁਰਮਤਿ ਅੰਦਰ ਸ਼ੁੱਧ ਤੇ ਮਿਸ਼ਰਤ ਬਸੰਤ ਰਾਗ ਦੇ ਦੋ ਰੂਪਾਂ ਦਾ ਗਾਇਨ ਪ੍ਰਵਾਨ ਹੈ। ਬਸੰਤ ਕੀਰਤਨ ਦਰਬਾਰ ਵਿੱਚ ਸੰਗੀਤ ਵਿਭਾਗ ਦੇ ਸਟਾਫ ਅਤੇ ਵਿਦਿਆਰਥੀਆਂ ਤੋਂ ਇਲਾਵਾ ਬਾਹਰੋਂ ਆਏ ਮਹਿਮਾਨ ਕੀਰਤਨਕਾਰ ਡਾ. ਅਰਸ਼ਪ੍ਰੀਤ ਸਿੰਘ, ਯੂਨੀਵਰਸਿਟੀ ਕਾਲਜ ਘਨੌਰ, ਡਾ. ਹੁਸਨਵੀਰ ਸਿੰਘ, ਥਾਪਰ ਇੰਸਟੀਚਿਊਟ ਪਟਿਆਲਾ ਤੇ ਬਲਜੀਤ ਸਿੰਘ ਪਟਿਆਲਾ ਨੇ ਵੀ ਸ਼ਬਦ ਚੌਂਕੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗੁਰਦੁਆਰਾ ਸਾਹਿਬ ਨੂੰ ਬਸੰਤੀ ਫੁੱਲਾਂ ਨਾਲ ਸਜਾਇਆ ਗਿਆ। ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ/ਇੰਚਾਰਜ, ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਸ਼ਾਮਲ ਹੋਏ।

# ਸਿੰਧੀ ਸਮਾਜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨਾ ਮੰਦਭਾਗਾ : ਜੀ ਕੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਮੱਧ ਪ੍ਰਦੇਸ਼ ਦੇ "ਸਿੰਧੀ ਟਿਕਾਣਿਆਂ" ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਵਿਖੇ ਹੋ ਰਹੀ ਵਾਪਸੀ ਉਤੇ ਜਾਗੋ ਪਾਰਟੀ ਨੇ ਚਿੰਤਾ ਜਤਾਈ ਹੈ। ਜਾਗੋ ਪਾਰਟੀ ਦੇ ਕੌਮਾਂਤਰੀ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਗੁਰੂ ਨਾਨਕ ਸਾਹਿਬ ਜੀ ਵੱਲੋਂ ਸਜਾਈ ਗਈ ਸੰਗਤ ਰੂਪੀ ਫੁਲਵਾੜੀ ਦਾ ਅਹਿਮ ਹਿੱਸਾ "ਗੁਰੂ ਨਾਨਕ ਨਾਮਲੇਵਾ" ਸੰਗਤਾਂ 'ਚ ਵਖਰੇਵੇਂ ਪੈਦਾ ਕਰਨ ਦਾ ਏਜੰਸੀਆਂ ਉਤੇ ਦੋਸ਼ ਲਾਇਆ ਹੈ। ਜੀਕੇ ਨੇ ਸਾਫ ਕਿਹਾ ਕਿ ਜੇਕਰ ਕਿਸੇ ਸਿੰਧੀ ਮੰਦਿਰ 'ਚ ਗੁਰੂ ਗ੍ਰੰਥ ਸਾਹਿਬ ਜੀ ਦੀ ਟਹਿਲ ਸੇਵਾ ਦੌਰਾਨ ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਹੋ ਰਹੀ ਹੈ ਤਾਂ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸਿੰਧੀਆਂ ਨੂੰ ਮਰਿਆਦਾ ਸਮਝਾਉਣ ਦੀ ਕੋਸ਼ਿਸ਼ ਕਰੀਏ। ਸਿੰਧੀ ਸਮਾਜ ਨੂੰ ਮਰਿਆਦਾ ਸਮਝਾਉਣ ਦੀ ਬਜਾਏ ਬਾਣੀ ਤੋਂ ਤੋੜਨ ਵੱਲ ਸਾਨੂੰ ਨਹੀਂ ਜਾਣਾ ਚਾਹੀਦਾ। ਜੀਕੇ ਨੇ ਦੱਸਿਆ ਕਿ ਮੱਧ ਪ੍ਰਦੇਸ਼ ਦੇ ਸਿੰਧੀ ਮੰਦਿਰਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਮੂਰਤੀਆਂ ਦੀ ਸਥਾਪਨਾ ਚਲ ਰਹੀ ਸੀ। ਬੀਤੇ ਦਿਨੀਂ ਪੰਜਾਬ ਤੋਂ ਗਏ ਕੁਝ ਨਿਹੰਗ ਸਿੰਘਾਂ ਨੇ ਇੰਦੌਰ ਦੇ ਇੱਕ ਸਿੰਧੀ ਮੰਦਿਰ/ਦਰਬਾਰ ਵਿਚ ਪੁੱਜ ਕੇ ਇਸ ਪਰੰਪਰਾ ਦਾ ਵਿਰੋਧ ਕੀਤਾ ਅਤੇ ਸਿੰਧੀ ਮੰਦਿਰਾਂ ਦੇ ਪ੍ਰਬੰਧਕਾਂ ਨੂੰ 12 ਜਨਵਰੀ ਤੱਕ ਸਮੂਹ ਸਰੂਪ ਗੁਰਦੁਆਰਾ ਸਾਹਿਬਾਨ ਵਿਖੇ ਪਹੁਚਾਉਣ ਦਾ ਅਲਟੀਮੇਟਮ ਦੇ ਦਿੱਤਾ ਸੀ ਜਿਸ ਤੋਂ ਬਾਅਦ 11 ਜਨਵਰੀ ਤੱਕ ਇੰਦੌਰ ਦੇ ਗੁਰਦੁਆਰਾ ਇਮਲੀ ਸਾਹਿਬ ਵਿਖੇ 80 ਸਰੂਪ ਸਿੰਧੀ ਟਿਕਾਣਿਆਂ ਤੋਂ ਵਾਪਸ ਆ ਗਏ ਹਨ। ਇਹ ਸਾਰੇ ਸਰੂਪ ਸਿੰਧੀ ਸੰਗਤਾਂ ਨੇ ਸਿੱਖਾਂ ਨਾਲ ਟਕਰਾਓ ਨਹੀਂ ਪੈਂਦਾ ਕਰਨ ਦੇ ਮਕਸਦ ਨਾਲ ਗਿੱਲੀਆਂ ਅੱਖਾਂ ਨਾਲ ਵਾਪਸ ਦਿੱਤੇ ਹਨ। ਹਾਲਾਂਕਿ ਸਿੱਖ ਰਹਿਤ ਮਰਿਆਦਾ ਨੂੰ ਲਾਗੂ ਕਰਵਾਉਣ ਦੀ ਨਿਹੰਗਾਂ ਦੀ ਕਾਰਵਾਈ ਵੀ ਸਹੀ ਹੈ ਪਰ ਸਥਾਨਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨੂੰ ਨਾਲ ਲੈਕੇ ਪਹਿਲਾਂ ਸਿੰਧੀ ਟਿਕਾਣਿਆਂ ਦੇ ਪ੍ਰਬੰਧਕਾਂ ਨੂੰ ਸਿਖ ਰਹਿਤ ਮਰਿਆਦਾ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਸੀ। ਜੀ ਕੇ ਨੇ ਇਸ ਸੰਬੰਧੀ ਮੱਧ ਪ੍ਰਦੇਸ਼ ਤੋਂ ਸਿੰਧੀ ਆਗੂ ਕਿਸ਼ੋਰ ਕੋਡਵਾਨੀ ਦੇ ਹਵਾਲੇ ਤੋਂ ਛਪੀ ਇੱਕ ਖ਼ਬਰ ਦਾ ਜ਼ਿਕਰ ਕਰਦਿਆਂ ਕਿਹਾ ਕਿ 19 ਦਸੰਬਰ ਨੂੰ ਸਿੰਧੀ ਟਿਕਾਣਿਆਂ 'ਚ ਕੁਝ ਨਿਹੰਗ ਸਿੰਘ ਦਿੱਲੀ ਗੁਰਦੁਆਰਾ ਕਮੇਟੀ ਦੇ ਆਦੇਸ਼ ਦਾ ਹਵਾਲਾ ਦਿੰਦੇ ਹੋਏ ਆਏ ਸਨ ਅਤੇ ਸਰੂਪਾਂ ਨੂੰ ਵਾਪਸ ਭੇਜਣ ਦਾ ਆਦੇਸ਼ ਦਿੱਤਾ ਸੀ। ਜੀ ਕੇ ਨੇ ਹੈਰਾਨੀ ਜਤਾਉਂਦਿਆਂ ਸਵਾਲ ਪੁੱਛਿਆ ਕਿ ਕੀ ਮੌਜੂਦਾ ਦਿੱਲੀ ਕਮੇਟੀ ਦਾ ਕੰਮ ਗੁਰੂ ਨਾਨਕ ਸਾਹਿਬ ਜੀ ਦੀ ਫੁੱਲਵਾੜੀ ਨੂੰ ਤੋੜਨ ਦਾ ਰਹਿ ਗਿਆ ਹੈ? ਅਸੀਂ ਬੜੀ ਮੁਸ਼ਕਲ ਨਾਲ ਸਿੱਖਾਂ ਤੋਂ ਦੂਰ ਚਲੇ ਗਏ ਵਣਜਾਰੇ, ਸਿਕਲੀਗਰ, ਬਾਜ਼ੀਗਰ ਅਤੇ ਸਿੰਧੀ ਸਮਾਜ ਦੇ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਨਾਲ ਜੋੜਨ ਦੇ ਦਿੱਲੀ ਕਮੇਟੀ ਵਿਚ ਰਹਿੰਦੇ ਯਤਨ ਆਰੰਭੇ ਸਨ ਪਰ ਹੁਣ ਇਹ ਤਾਂ ਵਣਜਾਰੇ ਤੇ ਸਿਕਲੀਗਰਾਂ ਦੇ ਨਾਮ 'ਤੇ ਸਿਰਫ "ਛਮਕ-ਛਮਕ" ਵਰਗੇ ਸੱਭਿਆਚਾਰਕ ਵਿਨਾਸ਼ਕਾਰੀ ਪ੍ਰੋਗਰਾਮ ਕਰਨ ਜੋਗੇ ਰਹਿ ਗਏ ਹਨ ਜਾਂ ਸਿੰਧੀਆਂ ਨੂੰ ਗੁਰਬਾਣੀ ਤੋਂ ਦੂਰ ਕਰਨ ਦੇ ਹਥਕੰਡੇ ਅਪਣਾਅ ਰਹੇ ਹਨ। ਜੇਕਰ ਕਿਸੇ ਨੇ ਆਪਣੇ ਘਰ ਵਾਸਤੇ ਦਿੱਲੀ 'ਚ ਇੱਕ ਸਰੂਪ ਲੈਣਾ ਹੋਵੇ ਤਾਂ ਦਿੱਲੀ ਕਮੇਟੀ ਪ੍ਰਕਾਸ਼ ਵਾਲੇ ਕਮਰੇ ਦੀ ਵੀਡੀਓ ਮੰਗਦੀ ਹੈ। ਬਕਾਇਦਾ ਇੱਕ ਗ੍ਰੰਥੀ ਸਿੰਘ ਆ ਕੇ ਉਸ ਥਾਂ ਦਾ ਮੁਆਇਨਾ ਕਰਦਾ ਹੈ, ਉਸ ਤੋਂ ਬਾਅਦ ਸਰੂਪ ਪੂਰੀ ਮਰਿਆਦਾ ਦੀ ਰੌਸ਼ਨੀ ਵਿਚ ਦਿੱਤਾ ਜਾਂਦਾ ਹੈ। ਇਸ ਲਈ ਸਭ ਤੋਂ ਜ਼ਰੂਰੀ ਇਸ ਗੱਲ ਦੀ ਜਾਂਚ ਹੋਣੀ ਚਾਹੀਦੀ ਹੈ ਕਿ ਸਿੰਧੀ ਟਿਕਾਣਿਆਂ ਨੂੰ ਦਿੱਲੀ ਕਮੇਟੀ ਬਿਨਾਂ ਮਰਿਆਦਾ ਦਾ ਪਾਠ ਪੜ੍ਹਾਏ ਇਹ ਸਰੂਪ ਚੁੱਕਣ ਪ੍ਰਤੀ ਬਾਜ਼ਿੱਦ ਕਿਉਂ ਹੈ? ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਇਸ ਬਾਰੇ ਪੜਤਾਲ ਕਰਵਾਉਣ ਦੀ ਲੋੜ ਹੈ।

## 'ਪਗੜੀ ਨਹੀਂ ਹੈਲਮਟ' ਪਹਿਨਣ ਦਾ ਫੈਸਲਾ ਸਿੱਖ ਫੌਜੀਆਂ 'ਤੇ ਹਿੰਦੂਤਵਵਾਦੀ ਨੀਤੀ ਨੂੰ ਥੋਪਣਾ : ਬਖਤਪੁਰ

**ਬਟਾਲਾ (ਤਰਲੋਕ ਬੱਗਾ)**-ਦੇਸ਼ ਦੇ ਰੱਖਿਆ ਵਿਭਾਗ ਦੁਆਰਾ ਸਿੱਖ ਫੌਜੀ ਜਵਾਨਾਂ ਲਈ ਬੁਲਟ ਪਰੂਫ ਹੈਲਮਟ ਪਹਿਨਣ ਦਾ ਲਿਆ ਜਾ ਰਿਹਾ ਫੈਸਲਾ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਭੜਕਾਉਣ ਦੇ ਤੁਲ ਹੈ। ਇਸ ਬਾਬਤ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਬੇਸ਼ੱਕ ਸਰੀਰ ਦੇ ਸਿਰ ਦਾ ਹਿੱਸਾ ਨਾਜ਼ਕ ਹੁੰਦਾ ਹੈ ਤੇ ਵੱਧ ਰਖਿਆ ਯੋਗ ਹੁੰਦਾ ਹੈ ਪਰ ਯੁੱਧ ਵਿਚ ਜਾਨੀ ਖਤਰਾ ਕੇਵਲ ਸਿਰ ਤੋਂ ਹੀ ਨਹੀਂ ਹੁੰਦਾ ਬਲਕਿ ਜਾਨੀ ਨੁਕਸਾਨ ਕਿਸੇ ਵੀ ਅੰਗ ਦੁਆਰਾ ਸੰਭਵ ਹੈ। ਬੱਖਤਪੁਰਾ ਨੇ ਕਿਹਾ ਕਿ ਮਾਮਲਾ ਕੇਵਲ ਸਿੱਖ ਫੌਜੀਆਂ ਦੀਆਂ ਜ਼ਿੰਦਗੀਆਂ ਦੀ ਚਿੰਤਾ ਦਾ ਨਹੀਂ ਹੈ ਅਸਲ ਮਾਮਲਾ ਆਰਐੱਸਐੱਸ ਅਤੇ ਭਾਜਪਾ ਦੀ ਨੀਤੀ ਦੇਸ਼ ਵਿਚ ਇਕ ਭਾਸ਼ਾ, ਇਕ ਕਾਨੂੰਨ, ਇਕ ਪਹਿਰਾਵਾ, ਇਕ ਸੱਭਿਆਚਾਰ, ਇਕ ਧਰਮ ਅਤੇ ਇਕ ਸਿਵਲ ਕੋਡ ਲਾਗੂ ਕਰਨ ਦਾ ਹੈ। ਫੌਜੀ ਪਗੜੀ ਦੇ ਸਵਾਲ ਨੂੰ ਹਿੰਦੂਤਵਵਾਦੀ ਬੜੇ ਹੀ ਸਾਜ਼ਸ਼ੀ ਅਤੇ ਚਤੁਰਾਈ ਭਰੇ ਢੰਗ ਨਾਲ ਹੈਲਮਟ ਵਿਚ ਬਦਲਣ ਚਾਹੁੰਦੇ ਹਨ। ਭਾਜਪਾਈਆਂ ਨੂੰ ਇਤਿਹਾਸ ਜਾਨਣਾ ਲੋੜੀਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ, ਉਸ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਸਿੱਖ, ਮੁਗਲ ਅਤੇ ਅੰਗਰੇਜ਼ ਫੌਜਾਂ ਨਾਲ ਰਵਾਇਤੀ ਹਥਿਆਰਾਂ ਦੀਆਂ ਜੰਗਾਂ ਪਗੜੀ ਪਹਿਨ ਕੇ ਹੀ ਲੜਦੇ ਅਤੇ ਜਿੱਤਦੇ ਰਹੇ ਹਨ। ਆਜ਼ਾਦੀ ਤੋਂ ਬਾਅਦ ਵੀ ਪਾਕਿਸਤਾਨ ਨਾਲ ਲੜੀਆਂ ਗਈਆਂ ਜੰਗਾਂ ਵੀ ਸਿੱਖ ਫੌਜੀਆਂ ਨੇ ਪਗੜੀ ਨਾਲ ਲੜੀਆਂ ਸਨ, ਕੀ ਸਰਕਾਰ ਇਨ੍ਹਾਂ ਜੰਗਾਂ ਵਿੱਚ ਸਿੱਖ ਫੌਜੀਆਂ ਦੇ ਹੈਲਮਟ ਵਾਲੇ ਫੌਜੀਆਂ ਤੋਂ ਹੋਏ ਵਾਧੂ ਜਾਨੀ ਨੁਕਸਾਨ ਸਬੰਧੀ ਕੋਈ ਅੰਕੜੇ ਪੇਸ਼ ਕਰ ਸਕਦੀ ਹੈ? ਜਦੋਂ ਅੱਜ ਦੇ ਸਮੇਂ ਵਿੱਚ ਸਿੱਖ ਅਮਰੀਕਾ ਅਤੇ ਕਈ ਯੂਰਪੀਨ ਦੇਸ਼ਾਂ ਦੀਆਂ ਫੌਜਾਂ ਅਤੇ ਹੋਰ ਅਰਧ ਸੈਨਿਕ ਬਲਾਂ ਵਿਚ ਪਗੜੀ ਦੀ ਮਾਨਤਾ ਹਾਸਲ ਕਰ ਚੁੱਕੇ ਹਨ ਤਾਂ ਭਾਰਤੀ ਰੱਖਿਆ ਵਿਭਾਗ ਦੁਆਰਾ ਭਾਰਤੀ ਸਿੱਖ ਫੌਜੀਆਂ ਲਈ ਪੱਗੜੀ ਦੇ ਬਦਲ ਵਜੋਂ ਹੈਲਮੇਟ ਪਾਉਣ ਦਾ ਫੈਸਲਾ ਨਿਰੋਲ ਹਿੰਦੂਤਵਵਾਦੀ ਨੀਤੀ ਦੇ ਹਿੱਤਾਂ ਦੀ ਪੈਰਵਾਈ ਹੈ ਜਿਸ ਦਾ ਲਿਬਰੇਸ਼ਨ ਜ਼ੋਰਦਾਰ ਵਿਰੋਧ ਕਰੇਗੀ।

# ਲਸੰਸ ਬਣਾਉਣ ਆਏ ਨੌਜਵਾਨਾਂ ਨੂੰ ਟ੍ਰੈਫਿਕ ਨਿਯਮਾਂ ਸੰਬੰਧੀ ਦਿੱਤੀ ਜਾਣਕਾਰੀ

### ਪੰਜਾਬ ਪੁਲਸ, ਮੁਕਤੀਸਰ ਵੈੱਲਫੇਅਰ ਕਲੱਬ ਤੇ ਟਰਾਂਸਪੋਰਟ ਵਿਭਾਗ ਵੱਲੋਂ ਕਰਵਾਇਆ ਗਿਆ ਪ੍ਰੋਗਰਾਮ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਸੜਕ ਸੁਰੱਖਿਆ ਹਫਤੇ ਦੇ ਛੇਵੇਂ ਦਿਨ ਪੰਜਾਬ ਪੁਲਸ, ਮੁਕਤੀਸਰ ਵੈੱਲਫੇਅਰ ਕਲੱਬ ਤੇ ਟਰਾਂਸਪੋਰਟ ਵਿਭਾਗ ਵੱਲੋਂ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਆਈ ਏ ਐੱਸ ਤੇ ਐੱਸ ਐੱਸ ਪੀ ਉਪਿੰਦਰਜੀਤ ਸਿੰਘ ਆਈ ਪੀ ਐੱਸ, ਰਿਜਨਲ ਟਰਾਂਸਪੋਰਟ ਅਥਾਰਟੀ ਰਾਜਪਾਲ ਸਿੰਘ, ਐੱਸ ਡੀ ਐੱਮ ਕੰਵਰਜੀਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ 'ਤੇ ਬਠਿੰਡਾ ਰੋਡ ਵਿਖੇ ਆਰ ਟੀ ਓ ਦਫਤਰ ਵਿਖੇ ਨੌਜਵਾਨ, ਜੋ ਡਰਾਈਵਿੰਗ ਲਸੰਸ ਬਣਾਉਣ ਆਏ ਸਨ, ਉਨ੍ਹਾਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਸਬ-ਇੰਸਪੈਕਟਰ ਰਵਿੰਦਰ ਕੌਰ ਬਰਾੜ, ਮੁਕਤੀਸਰ ਵੈੱਲਫੇਅਰ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ, ਡਾਕਟਰ ਵਿਜੇ ਬਜਾਜ, ਰਜਿੰਦਰ ਪ੍ਰਸਾਦ ਗੁਪਤਾ, ਜੋਗਿੰਦਰ ਸਿੰਘ, ਜ਼ਿਲ੍ਹਾ ਟਰਾਂਸਪੋਰਟ ਦਫਤਰ ਤੋਂ ਅਮਨਦੀਪ ਕੌਰ, ਐੱਸ ਡੀ ਐੱਮ ਦਫਤਰ ਤੋਂ ਇੰਦਰਬੀਰ ਯਾਦਵ, ਰਾਜਿੰਦਰ ਸਿੰਘ, ਆਜ਼ਾਦ ਸੰਧੂ, ਜਸਵੀਰ ਸਿੰਘ ਆਦਿ ਹਾਜ਼ਰ ਸਨ। ਇਹ ਸੈਮੀਨਾਰ ਆਰ ਟੀ ਓ ਦਫਤਰ ਬਠਿੰਡਾ ਰੋਡ ਵਿਖੇ ਵਿਸ਼ੇਸ਼ ਤੌਰ 'ਤੇ ਡਰਾਈਵਿੰਗ ਲਸੰਸ ਬਣਾਉਣ ਆਏ ਨੌਜਵਾਨਾਂ ਲਈ ਲਗਾਇਆ ਗਿਆ। ਇਸ ਦੌਰਾਨ ਸੰਬੋਧਨ ਕਰਦਿਆਂ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਰਵਿੰਦਰ ਕੌਰ ਬਰਾੜ ਤੇ ਜਸਪ੍ਰੀਤ ਸਿੰਘ ਛਾਬੜਾ ਨੇ ਕਿਹਾ ਕਿ ਤੁਸੀਂ ਨੌਜਵਾਨ ਪੀੜੀ, ਜੋ ਡਰਾਈਵਿੰਗ ਲਸੰਸ ਬਣਾਉਣ ਆਏ ਹਨ, ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਸੰਕਲਪ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਡਰਾਈਵਿੰਗ ਲਸੰਸ ਦਾ ਤਾਂ ਹੀ ਫਾਇਦਾ ਹੈ ਜੇ ਅਸੀਂ ਟ੍ਰੈਫਿਕ ਨਿਯਮਾਂ ਦੀ ਪਾਲਣ ਕਰਾਂਗੇ। ਇਸ ਦੌਰਾਨ ਆਰ ਟੀ ਓ ਦਫਤਰ ਤੋਂ ਅਮਨਦੀਪ ਕੌਰ ਨੇ ਕਿਹਾ ਕਿ ਇਸ ਸੜਕ ਸੁਰੱਖਿਆ ਹਫਤੇ ਦੌਰਾਨ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ, ਪੰਜਾਬ ਪੁਲਸ ਤੇ ਮੁਕਤੀਸਰ ਵੈੱਲਫੇਅਰ ਕਲੱਬ ਰਜਿਸਟਰ ਦੇ ਸਹਿਯੋਗ ਨਾਲ ਕਰ ਰਹੇ ਹਾਂ।

# ਕਹਾਣੀ ਸੰਗ੍ਰਹਿ 'ਤਿਰਕਾਲ-ਸੰਧਿਆ' 'ਤੇ ਹੋਈ ਭਰਵੀਂ ਵਿਚਾਰ ਚਰਚਾ

### ਦੀਪ ਦੀ ਕਹਾਣੀ ਰਿਸ਼ਤਿਆਂ ਦੀ ਉਧੇੜ ਬੁਣ ਨੂੰ ਬਿਆਨਦੀ ਹੈ : ਵਿਦਵਾਨ



**ਬਿਆਸ (ਬਲਰਾਜ ਸਿੰਘ ਰਾਜਾ)**

ਅਜੋਕੀ ਪੰਜਾਬੀ ਕਹਾਣੀ ਵਿਚ ਨਿਵੇਕਲਾ ਸਥਾਨ ਹਾਸਲ ਕਥਾਕਾਰ ਦੀਪ ਦੇਵਿੰਦਰ ਸਿੰਘ ਦੇ ਨਵ-ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਤਿਰਕਾਲ-ਸੰਧਿਆ' 'ਤੇ ਵਿਚਾਰ ਚਰਚਾ ਕਰਵਾਈ ਗਈ। ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਜਨਵਾਦੀ ਲੇਖਕ ਸੰਘ ਵਲੋਂ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਕਰਵਾਏ ਇਸ ਅਦਬੀ ਸਮਾਗਮ ਦਾ ਆਗਾਜ਼ ਪ੍ਰਿੰ: ਅੰਕਿਤਾ ਸਹਿਦੇਵ ਅਤੇ ਪ੍ਰਮੁੱਖ ਰੇਡੀਓ ਹੋਸਟ ਸੀਮਾ ਗਰੇਵਾਲ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਚਰਚਾ ਅਧੀਨ ਪੁਸਤਕ ਉੱਪਰ ਡਾ: ਮੇਘਾ ਸਲਵਾਨ, ਡਾ: ਰੁਪਿੰਦਰ ਕੌਰ ਅਤੇ ਡਾ: ਗੋਪਾਲ ਸਿੰਘ ਬੁੱਟਰ ਨੇ ਆਪੋ-ਆਪਣੇ ਪਰਚੇ ਪੜ੍ਹਦਿਆਂ ਸਾਂਝੀ ਰਾਏ ਉਸਾਰੀ ਕਿ ਬੇਸ਼ੱਕ ਤਿਰਕਾਲ-ਸੰਧਿਆ ਦੀਆਂ ਸਮੁੱਚੀਆਂ ਕਹਾਣੀਆਂ ਆਰਥਿਕ ਮੰਦਹਾਲੀ ਅਤੇ ਪਰਿਵਾਰਕ ਰਿਸ਼ਤਿਆਂ ਦੇ ਟੁੱਟ-ਭੱਜ ਦੀਆਂ ਕਹਾਣੀਆਂ ਹਨ ਫਿਰ ਵੀ ਆਸ਼ਾਵਾਦੀ ਹਨ। ਚਰਚਾ ਵਿੱਚ ਹਿੱਸਾ ਲੈਂਦਿਆਂ ਡਾ: ਮਨਜਿੰਦਰ ਸਿੰਘ ਨੇ ਕਿਹਾ ਕਿ ਦੀਪ ਦੀਆਂ ਕਹਾਣੀਆਂ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਾਲੇ ਉਸਾਰਿਆ ਪੁਲ ਹੈ ਜਿਸ ਰਾਹੀਂ ਉਹ ਵਿੱਚ ਸੰਤਾਲੀ ਦੀ ਵੱਢ-ਟੁਕ, ਜਾਤੀ ਪਾੜਾ ਅਤੇ ਧਾਰਮਿਕ ਅਡੰਬਰਾਂ 'ਤੇ ਗਹਿਰੀ ਚੋਟ ਕਰਦਾ ਹੈ। ਫ਼ਨਬਸਪ; ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਵਧਾਈ ਦਿੰਦਿਆਂ ਕਿਹਾ ਕਿ ਸਮੁੱਚੀਆਂ ਕਹਾਣੀਆਂ ਦੇ ਕਮਾਲ ਦੇ ਦ੍ਰਿਸ਼ ਚਿੱਤਰਣ ਕਰਕੇ ਪਾਤਰ ਸਾਹ ਲੈਂਦੇ ਵੀ ਵਿਖਾਈ ਦਿੰਦੇ ਹਨ। ਸੁਸ਼ੀਲ ਦੁਸਾਂਝ ਅਤੇ ਡਾ: ਪਰਮਜੀਤ ਸਿੰਘ ਕਲਸੀ ਨੇ ਕਿਹਾ ਕਿ ਦੀਪ ਦੇਵਿੰਦਰ ਕਥਾ ਜੁਗਤਾਂ ਰਾਹੀਂ ਮਾਨਵੀ ਗੁੰਝਲਾਂ ਨੂੰ ਵੱਖਰੇ ਪ੍ਰਤੀਕਾਂ ਨਾਲ ਉਘਾੜਦਾ ਅਤੇ ਸ਼ਿੰਗਾਰਦਾ ਹੈ। ਮੱਖਣ ਕੁਹਾੜ ਅਤੇ ਸ਼ੈਲਿੰਦਰਜੀਤ ਸਿੰਘ ਰਾਜਨ ਨੇ ਕਿਹਾ ਕਿ ਕਥਾਕਾਰ ਕੋਲ ਭਾਸ਼ਾ ਦਾ ਸੁਹਜ ਹੈ ਜਿਸ ਰਾਹੀਂ ਉਹ ਔਖੀਆਂ ਸਥਿਤੀਆਂ ਨੂੰ ਵੀ ਸਹਿਜ ਪੇਸ਼ ਕਰਨ ਦੀ ਜੁਗਤ ਰੱਖਦਾ ਹੈ। ਗੁਰਮੀਤ ਸਿੰਘ ਬਾਜਵਾ, ਡਾ: ਮੋਹਨ, ਡਾ: ਪਰਮਜੀਤ ਬਾਠ, ਮੰਗਤ ਚੰਚਲ, ਸੁਖਦੇਵ ਸਿੰਘ ਭੁੱਲਰ ਆਦਿ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆਂ ਵਧਾਈ ਦਿੱਤੀ। ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਾਂਝੇ ਤੌਰ 'ਤੇ ਧੰਨਵਾਦ ਕੀਤਾ। ਇਸ ਸਮੇਂ ਹਰਜੀਤ ਸਿੰਘ ਸੰਧੂ, ਮਨਮੋਹਨ ਢਿੱਲੋਂ, ਸਰਬਜੀਤ ਸੰਧੂ, ਮਨਮੋਹਨ ਸਿੰਘ ਬਾਸਰਕੇ, ਹਰਪਾਲ ਨਾਗਰਾ, ਪ੍ਰਿੰ. ਰਘਬੀਰ ਸਿੰਘ ਸੋਹਲ, ਮੱਖਣ ਭੈਣੀਵਾਲਾ, ਸਕੱਤਰ ਪੁਰੇਵਾਲ, ਰਾਜਵਿੰਦਰ ਰਾਜ, ਬਲਬੀਰ ਸਿੰਘ ਬੀਰ, ਅਮਨਪ੍ਰੀਤ ਸਿੰਘ ਅਠੌਲਾ, ਕੋਮਲ ਸਹਿਦੇਵ, ਬਲਜਿੰਦਰ ਮਾਂਗਟ, ਜਸਵੰਤ ਧਾਪ, ਸੁਖਬੀਰ ਖੁਰਮਣੀਆਂ, ਸੁਮੀਤ ਸਿੰਘ, ਡਾ. ਕਸ਼ਮੀਰ ਸਿੰਘ, ਬਰਕਤ ਵੋਹਰਾ, ਵਿਜੇ ਅਗਨੀਹੋਤਰੀ, ਨਿਸ਼ਾਨ ਸਿੰਘ ਕਲਾਨੌਰ, ਤਰਲੋਚਨ ਤਰਨਤਾਰਨ, ਕਮਲ ਦੁਸਾਂਝ, ਕੁਲਵਿੰਦਰ ਕੌਰ, ਸੁਖਪਾਲ ਕੌਰ, ਹਰਜਿੰਦਰ ਸਿੰਘ, ਅਮਰਪਾਲ, ਪ੍ਰਿੰ ਅੰਮ੍ਰਿਤ ਲਾਲ ਮੰਨਣ, ਗੁਰਜੀਤ ਕੌਰ ਅਜਨਾਲਾ, ਜੈਸਮੀਨ ਮਾਹੀ, ਤੇਜਿੰਦਰਪਾਲ ਰਵੀ, ਕੁਲਦੀਪ ਸਿੰਘ, ਗੁਲਸ਼ਨ ਸੱਗੀ, ਵਿਪਨ ਧਵਨ, ਅਜੀਤ ਸਿੰਘ ਨਬੀਪੁਰੀ, ਪਰਮਜੀਤ ਕੌਰ, ਪੂਨਮ ਸ਼ਰਮਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਹਿਤਕਾਰ ਹਾਜ਼ਰ ਸਨ।

# ਨਸ਼ਿਆਂ ਦੀ ਰੋਕਥਾਮ ਸੰਬੰਧੀ ਵਿਸ਼ੇਸ਼ ਸੈਮੀਨਾਰ



**ਤਰਨਤਾਰਨ (ਪ੍ਰਿਤਪਾਲ ਸਿੰਘ)**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨਤਾਰਨ ਵੱਲੋਂ ਪ੍ਰਤਿਮਾ ਅਰੋੜਾ ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨਤਾਰਨ ਦੀ ਅਗਵਾਈ ਹੇਠ ਪਿੰਡ ਗਲਾਲੀਪੁਰ, ਰੂੜੇਆਸਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਲਾਦੀਨਪੁਰ ਵਿਖੇ ਵਕੀਲ ਸਾਹਿਬ ਅਤੇ ਪੈਰਾ ਲੀਗਲ ਵਲੰਟੀਅਰਾਂ ਰਾਹੀਂ ਨਸ਼ਿਆਂ ਦੀ ਰੋਕਥਾਮ ਲਈ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਵਿੱਚ ਮਨਦੀਪ ਸਿੰਘ ਵਕੀਲ ਅਤੇ ਹਰਪ੍ਰੀਤ ਸਿੰਘ ਪੀ. ਅੱਲ. ਵੀ ਨੇ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ, ਨਵੀਂ ਦਿੱਲੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 11 ਫਰਵਰੀ, 2023 ਨੂੰ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਲੋਕ ਅਦਾਲਤ ਦੇਸ਼ ਦੀ ਹਰ ਤਹਿਸੀਲ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਲਗਾਈ ਜਾ ਰਹੀ ਹੈ। ਇਸੇ ਤਰ੍ਹਾਂ ਹਰ ਕੰਮ ਵਾਲੇ ਸ਼ੁੱਕਰਵਾਰ ਨੂੰ ਪ੍ਰੀ-ਲੋਕ ਅਦਾਲਤ ਦਾ ਆਯੋਜਨ ਵੀ ਕੀਤਾ ਜਾ ਰਿਹਾ ਹੈ। ਨੈਸ਼ਨਲ, ਪ੍ਰੀ ਅਤੇ ਮਾਸਿਕ ਲੋਕ ਅਦਾਲਤ ਵਿੱਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਲੋਕ ਅਦਾਲਤ ਦੌਰਾਨ 138 ਐੱਨ. ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਫੋਰੈਸਟ ਵਿਭਾਗ ਦੇ ਕੇਸ, ਬਿਜਲੀ, ਪਾਣੀ ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਈਟ ਪਲੈਨ ਆਦਿ, ਸਾਰੀ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਐੱਮਏਸੀਟੀ (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸ, ਬੈਂਕ ਰਿਕਵਰੀ, ਕੇਸ, ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫਤਰ ਵਿਖੇ ਦੇ ਸਕਦਾ ਹੈ। ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿੱਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ ਵਿੱਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ।

## ਬੀ ਕੇ ਯੂ ਲੱਖੋਵਾਲ ਦੇ ਜ਼ਿਲ੍ਹਾ ਪੱਧਰੀ ਆਗੂਆਂ ਦੀ ਮੀਟਿੰਗ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨੀ ਤੇ ਜਨਤਕ ਮੁੱਦਿਆਂ ਸਬੰਧੀ ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪੱਧਰੀ ਆਗੂਆਂ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਮੂਹ ਬਲਾਕ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਵਿਚਾਰੇ ਗਏ ਮੁੱਦਿਆਂ ਵਿੱਚ ਅਹਿਮ ਮੁੱਦੇ ਬਿਜਲੀ ਦੀ ਸਪਲਾਈ ਪੂਰਨ ਰੂਪ 'ਚ ਨਾ ਮਿਲਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਦੀ ਸ਼ੁਰੂਆਤ ਤੋਂ ਪਹਿਲਾਂ ਸਾਬਕਾ ਜ਼ਿਲ੍ਹਾ ਪ੍ਰਧਾਨ ਸੁਖਪਾਲ ਸਿੰਘ ਬੁੱਟਰ ਦੀ ਅਚਾਨਕ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ। ਬੈਠਕ ਦੌਰਾਨ ਜਥੇਬੰਦੀ ਆਗੂਆਂ ਵੱਲੋਂ ਸੂਬਾ ਸਰਕਾਰ ਨੂੰ ਸੁਝਾਅ ਦਿੱਤਾ ਗਿਆ ਕਿ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਪਾਕਿਸਤਾਨ ਬਾਰਡਰ ਖੋਲ੍ਹਣ ਦੀ ਇਜਾਜ਼ਤ ਸੰਬੰਧੀ ਮੰਗ ਕੀਤੀ ਜਾਵੇ ਤਾਂ ਜੁ ਵਪਾਰ ਸ਼ੁਰੂ ਕੀਤਾ ਜਾਵੇ, ਜਿਸ ਨਾਲ ਪੰਜਾਬ ਦੇ ਵਪਾਰ ਨੂੰ ਹੋਰ ਵਧਾਇਆ ਜਾ ਸਕੇ, ਜਿਸ ਨਾਲ ਕਾਰੋਬਾਰ ਤਾਂ ਵਧੇਗਾ ਹੀ, ਪਰ ਇਸ ਨਾਲ ਕਿਸਾਨ ਵਰਗ ਦੀ ਆਰਥਿਕ ਸਥਿਤੀ ਵੀ ਠੀਕ ਹੋ ਜਾਵੇਗੀ।ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਕਿਸਾਨ ਵਰਗ ਨੂੰ ਬਿਜਲੀ ਸਪਲਾਈ ਠੀਕ ਸਮੇਂ 'ਤੇ ਦਿੱਤੀ ਜਾਵੇ।ਇਸ ਮੌਕੇ ਬਲਵਿੰਦਰ ਸਿੰਘ, ਕੁਲਦੀਪ ਸਿੰਘ, ਬਲਦੇਵ ਸਿੰਘ, ਸਰਵਣ ਸਿੰਘ, ਤਰਸੇਮ ਸਿੰਘ, ਜਸਪ੍ਰੀਤ ਕੌਰ, ਮਹਿੰਦਰ ਸਿੰਘ ਭੋਲਾ, ਕਿਰਨਪਾਲ ਸਿੰਘ, ਹਰਦਿਆਲ ਸਿੰਘ, ਦਲਜੀਤ ਸਿੰਘ, ਦਰਸ਼ਨ ਸਿੰਘ, ਜਲੌਰ ਸਿੰਘ, ਤੀਰਥ ਸਿੰਘ, ਦਰਬਾਰਾ ਸਿੰਘ ਤੇ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ 'ਚ ਪਲੇਸਮੈਂਟ ਕੈਂਪ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ 18 ਜਨਵਰੀ ਨੂੰ ਸਵੇਰੇ 10:30 ਵਜੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਆਈ.ਸੀ.ਆਈ.ਸੀ.ਆਈ. ਬੈਂਕ ਦੇ ਸਹਿਯੋਗ ਨਾਲ ਬੇਰੁਜ਼ਗਾਰ ਪ੍ਰਾਰਥੀਆਂ ਲਈ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਦੌਰਾਨ ਰਿਲੇਸ਼ਨਸ਼ਿਪ ਮੈਨੇਜਰ ਦੀ ਆਸਾਮੀ ਲਈ ਪ੍ਰਾਰਥੀਆਂ ਦੀ ਭਰਤੀ ਕੀਤੀ ਜਾਣੀ ਹੈ। ਇਸ ਕੈਂਪ ਵਿੱਚ ਲੜਕੇ-ਲੜਕੀਆਂ ਦੋਵੇਂ ਹੀ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ ਤੇ ਉਮਰ 18 ਤੋਂ 25 ਸਾਲ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਆਸਾਮੀ 'ਤੇ ਲੱਗਣ ਉਪਰੰਤ ਪ੍ਰਾਰਥੀਆਂ ਨੂੰ ਤਨਖਾਹ 23 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤੀ ਜਾਵੇਗੀ।

## ਆਲ ਇੰਡੀਆ ਸ਼੍ਰੀ ਨਰਾਇਣ ਸ਼ਰਮਾ ਮੈਮੋਰੀਅਲ ਵਾਲੀਬਾਲ ਟੂਰਨਾਮੈਂਟ ਦਾ ਉਦਘਾਟਨ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ, ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਅਤੇ ਪ੍ਰਿੰਟਿੰਗ ਤੇ ਸਟੇਸਨਰੀ ਮੰਤਰੀ ਸ੍ਰੀ ਅਮਨ ਅਰੋੜਾ ਵੱਲੋਂ ਸ਼੍ਰੀ ਨਰਾਇਣ ਸ਼ਰਮਾ ਮੈਮੋਰੀਅਲ ਵਾਲੀਬਾਲ ਕਲੱਬ ਮਸਤੂਆਣਾ ਸਾਹਿਬ ਵਿਖੇ 8ਵੇਂ ਆਲ ਇੰਡੀਆ ਸ਼੍ਰੀ ਨਰਾਇਣ ਸ਼ਰਮਾ ਮੈਮੋਰੀਅਲ ਵਾਲੀਬਾਲ ਟੂਰਨਾਮੈਂਟ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪ੍ਰਬੰਧਕਾਂ ਦੇ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਇਹ ਸ਼ਾਨਦਾਰ ਉਪਰਾਲਾ ਹੈ, ਕਿਉਂਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵੀ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਵਾਲੀਬਾਲ ਟੂਰਨਾਮੈਂਟ ਵਿੱਚ ਸ਼ਾਮਲ ਹੋਣ ਪਹੁੰਚੇ ਵੱਖ-ਵੱਖ ਰਾਜਾਂ ਦੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਭੇਟ ਕੀਤੀਆਂ ਅਤੇ ਭਵਿੱਖ ਵਿੱਚ ਦੇਸ ਦਾ ਨਾਂਅ ਰੌਸ਼ਨ ਕਰਨ ਲਈ ਪ੍ਰੇਰਿਆ। ਸ੍ਰੀ ਅਮਨ ਅਰੋੜਾ ਨੇ ਇਹ ਵੀ ਦੱਸਿਆ ਕਿ ਆਉਂਦੀ 4 ਤੇ 5 ਫਰਵਰੀ ਨੂੰ ਲੌਂਗੋਵਾਲ ਵਿਖੇ ਉਨ੍ਹਾਂ ਦੇ ਪਿਤਾ ਜੀ ਦੀ ਯਾਦ ਵਿੱਚ ਬਾਬੂ ਭਗਵਾਨ ਦਾਸ ਅਰੋੜਾ ਯਾਦਗਾਰੀ ਸੁਨਾਮ ਸੁਪਰ ਲੀਗ ਕਰਾਈ ਜਾ ਰਹੀ ਹੈ, ਜਿਸ ਵਿੱਚ ਵਾਲੀਬਾਲ ਸ਼ੂਟਿੰਗ ਤੇ ਵਾਲੀਬਾਲ ਸਮੈਸਿੰਗ ਦੇ ਦਿਲਚਸਪ ਮੁਕਾਬਲੇ ਵੀ ਕਰਾਏ ਜਾਣਗੇ। ਉਨ੍ਹਾਂ ਕਿਹਾ ਕਿ ਪਿੰਡਾਂ ਤੇ ਸ਼ਹਿਰਾਂ ਵਿੱਚੋਂ ਖੇਡ ਹੀਰਿਆਂ ਦੀ ਤਲਾਸ਼ ਲਈ ਪੰਜਾਬ ਸਰਕਾਰ ਯਤਨਸ਼ੀਲ ਹੈ। ਉਨ੍ਹਾਂ ਸੁਪਰ ਲੀਗ, ਜੋ ਖੇਡਾਂ ਹਲਕਾ ਸੁਨਾਮ ਦੀਆਂ ਤਹਿਤ ਕਰਾਈ ਜਾਣੀ ਹੈ, ਵਿੱਚ ਵੱਧ ਤੋਂ ਵੱਧ ਟੀਮਾਂ ਨੂੰ ਭਾਗ ਲੈਣ ਦਾ ਸੱਦਾ ਦਿੱਤਾ। ਜ਼ਿਕਰਯੋਗ ਹੈ ਕਿ ਇਸ ਦੋ ਰੋਜ਼ਾ ਖੇਡ ਟੂਰਨਾਮੈਂਟ ਵਿੱਚ ਪੰਜਾਬ, ਹਰਿਆਣਾ ਤੇ ਹਿਮਾਚਲ ਤੋਂ ਆਏ ਲੜਕਿਆਂ ਤੇ ਲੜਕੀਆਂ ਦੀਆਂ 6-6 ਟੀਮਾਂ ਹਿੱਸਾ ਲੈ ਰਹੀਆਂ ਹਨ, ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਖਿਡਾਰੀ ਵੀ ਸ਼ਾਮਲ ਹਨ। ਦੱਸਣਯੋਗ ਹੈ ਕਿ ਇਹ ਟੂਰਨਾਮੈਂਟ ਹਰ ਸਾਲ ਵਾਲੀਬਾਲ ਕੋਚ ਸਵ. ਸ੍ਰੀ ਨਰਾਇਣ ਸ਼ਰਮਾ ਦੀ ਯਾਦ ਵਿੱਚ ਉਨ੍ਹਾਂ ਦੇ ਸਿਖਿਆਰਥੀਆਂ ਵੱਲੋਂ ਕਰਾਇਆ ਜਾਂਦਾ ਹੈ। ਉਦਘਾਟਨ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਰਣਬੀਰ ਸਿੰਘ, ਜਸਪਾਲ ਸਿੰਘ ਸਿੱਧੂ, ਸੁੱਖ ਸਾਹੋਕੇ, ਕਾਲਾ ਬਡਰੁੱਖਾਂ, ਹਰਪਾਲ ਸਿੰਘ ਬਡਰੁੱਖਾਂ, ਹਰਮਿੰਦਰ ਪਾਲ ਸਿੰਘ, ਗਗਨਦੀਪ, ਹਰਪ੍ਰੀਤ ਕੌਰ ਤੇ ਬਲਜਿੰਦਰ ਕੌਰ ਵੀ ਹਾਜ਼ਰ ਸਨ।

## ਡੀ ਸੀ ਐੱਮ ਇੰਟਰਨੈਸ਼ਨਲ ਦੇ ਬੱਚਿਆਂ ਨੂੰ ਪੜ੍ਹਾਇਆ ਸੜਕ ਸੁਰੱਖਿਆ ਦਾ ਪਾਠ




**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਰਾਸ਼ਟਰੀ ਸੜਕ ਸੁਰੱਖਿਆ ਸਪਤਾਹ ਤਹਿਤ ਦੇਸ਼ ਭਰ ਵਿੱਚ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਫ਼ਿਰੋਜ਼ਪੁਰ ਦੀ ਮੋਹਰੀ ਸਮਾਜ ਸੇਵੀ ਸੰਸਥਾ ਮਯੰਕ ਫਾਊਂਡੇਸ਼ਨ ਵੱਲੋਂ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।ਇਸੇ ਕੜੀ ਵਿੱਚ ਡੀਸੀ ਮਾਡਲ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਦੇ ਨਿਯਮਾਂ ਬਾਰੇ ਜਾਗਰੂਕ ਕੀਤਾ ਗਿਆ। ਪ੍ਰੋਜੈਕਟ ਕੋਆਰਡੀਨੇਟਰ ਦੀਪਕ ਨਰੂਲਾ ਨੇ ਦੱਸਿਆ ਕਿ ਮਯੰਕ ਫਾਊਂਡੇਸ਼ਨ ਦੇ ਕਾਰਜ ਖੇਤਰ ਵਿੱਚ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਸਭ ਤੋਂ ਉੱਚੇ ਸਥਾਨ 'ਤੇ ਹੈ।ਫਾਊਂਡੇਸ਼ਨ ਵੱਲੋਂ ਹਰ ਸਾਲ ਸਕੂਲਾਂ ਤੇ ਕਾਲਜਾਂ ਵਿਚ 'ਯੇ ਦੀਵਾਲੀ ਹੈਲਮੇਟ ਵਾਲੀ', 'ਰਿਫਲੈਕਟਰ ਚਿਪਕਾਓ ਅਭਿਆਨ', ਪੇਂਟਿੰਗ ਮੁਕਾਬਲੇ ਤੇ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ ਤਹਿਤ ਸੈਮੀਨਾਰ ਕਰਾਏ ਜਾਂਦੇ ਹਨ।ਸਕੂਲ ਦੇ ਸੱਦੇ 'ਤੇ ਟ੍ਰੈਫ਼ਿਕ ਸੈੱਲ ਦੇ ਸਹਿਯੋਗ ਨਾਲ ਬੱਚਿਆਂ ਨੂੰ ਸੜਕ ਸੁਰੱਖਿਆ ਨਿਯਮਾਂ ਤੋਂ ਜਾਣੂ ਕਰਾਉਣ ਲਈ ਪਹੁੰਚੇ ਹਾਂ।ਟ੍ਰੈਫਿਕ ਲੈਕਚਰਾਰ ਲਖਬੀਰ ਸਿੰਘ ਤੇ ਹਰੀਸ਼ ਮੋਂਗਾ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸੜਕ ਸੁਰੱਖਿਆ ਦੇ ਨਿਯਮਾਂ ਵਿਚ ਕਿਹਾ ਗਿਆ ਹੈ ਕਿ ਵਾਹਨ ਚਲਾਉਂਦੇ ਸਮੇਂ ਕਦੇ ਵੀ ਮੋਬਾਈਲ ਫੋਨ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਹੈ, ਸੀਟ ਬੈਲਟ ਤੇ ਹੈਲਮੇਟ ਪਹਿਨਣਾ ਚਾਹੀਦਾ ਹੈ।ਫੁੱਟਪਾਥਾਂ 'ਤੇ ਧਿਆਨ ਨਾਲ ਚੱਲੋ ਤੇ ਜੈਬਰਾ ਕਰਾਸਿੰਗ ਰਾਹੀਂ ਸੜਕ ਪਾਰ ਕਰੋ। ਰਫ਼ਤਾਰ ਸੀਮਾ ਦਾ ਧਿਆਨ ਰੱਖੋ।ਕਦੇ ਵੀ ਸ਼ਰਾਬ ਪੀ ਕੇ ਗੱਡੀ ਨਾ ਚਲਾਓ।ਗੱਡੀ ਚਲਾਉਂਦੇ ਸਮੇਂ ਪੈਦਲ ਚੱਲਣ ਵਾਲਿਆਂ ਦਾ ਵੀ ਧਿਆਨ ਰੱਖੋ।ਵੀਪੀ ਅਭਿਸ਼ੇਕ ਅਰੋੜਾ ਨੇ ਵਿਦਿਆਰਥੀਆਂ ਨੂੰ ਸੜਕ ਸੁਰੱਖਿਆ ਦੀ ਸਹੁੰ ਚੁਕਾਈ ਤੇ ਕਿਹਾ ਕਿ ਸੜਕ ਸੁਰੱਖਿਆ ਨਿਯਮ ਸਭਿਅਕ ਜੀਵਨ ਦਾ ਬਹੁਤ ਮਹੱਤਵਪੂਰਨ ਹਿੱਸਾ ਹਨ।

ਇਹ ਜ਼ਰੂਰੀ ਹੈ ਕਿ ਹਰ ਨਾਗਰਿਕ ਸਰਕਾਰ ਦੁਆਰਾ ਨਿਰਧਾਰਤ ਨਿਯਮਾਂ ਦੀ ਪਾਲਣਾ ਕਰੇ।

ਇਸ ਮੌਕੇ ਪ੍ਰਿੰਸੀਪਲ ਸੋਮੇਸ਼ ਚੰਦਰ ਮਿਸ਼ਰਾ, ਰਾਜੇਸ਼ ਬੇਰੀ, ਮਧੂ ਗੁਪਤਾ, ਦੀਪਿਕਾ, ਅਰਚਨਾ, ਗਾਇਤਰੀ ਅਤੇ ਮਯੰਕ ਫਾਊਂਡੇਸ਼ਨ ਤੋਂ ਹਰਨਾਮ ਸਿੰਘ, ਦੀਪਕ ਗਰੋਵਰ, ਅਰੁਣ ਅਰੋੜਾ, ਅਸੀਮ ਅਗਰਵਾਲ, ਬਲਵਿੰਦਰ ਸਿੰਘ ਤੇ ਗੁਰਮੇਜ ਸਿੰਘ ਹਾਜ਼ਰ ਸਨ।

## ...ਸ.ਫ਼ਾ 3 ਦੇ ਬਾਕੀ

### ਕੁਲ ਹਿੰਦ ਦਲਿਤ...

ਵੱਜੀਆਂ ਹਨ। ਭਾਜਪਾ ਦੀ ਵਾਗਡੋਰ ਆਰ.ਐੱਸ.ਐੱਸ ਦੇ ਹੱਥ ਹੈ। ਇਸ ਦੀ ਪ੍ਰਤੀਬੱਧਤਾ ਮਨੂੰ ਸਿਮਰਤੀ ਵਿੱਚ ਹੈ। ਮਨੂੰ ਸਿਮਰਤੀ ਜਨਮ ਅਧਾਰਤ ਅਸਮਾਨਤਾ ਅਤੇ ਵਰਣ ਵਿਵਸਥਾ ਵਿੱਚ ਵਿਸ਼ਵਾਸ ਰੱਖਣ ਵਾਲਾ ਗ੍ਰੰਥ ਹੈ। ਇਹ ਕਾਮਾ ਵਰਗ ਦੇ ਲੋਕਾਂ ਨੂੰ ਅਧਿਕਾਰਾਂ ਤੋਂ ਵੰਚਿਤ ਰੱਖਣ ਦਾ ਹਾਮੀ ਹੈ।

ਭਾਜਪਾ ਸਰਕਾਰ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਕੇ ਜਨਤਕ ਜਾਇਦਾਦ ਨੂੰ ਵੇਚਣ, ਸਿੱਖਿਆ ਅਤੇ ਸਿਹਤ ਖੇਤਰ ਦੇ ਨਿੱਜੀਕਰਨ ਨੂੰ ਅੱਗੇ ਵਧਾਉਣ ਅਤੇ ਮਜ਼ਦੂਰਾਂ, ਕਿਸਾਨਾਂ, ਦਲਿਤਾਂ, ਆਦਿ-ਵਾਸੀਆਂ, ਘੱਟ-ਗਿਣਤੀਆਂ ਅਤੇ ਔਰਤਾਂ ਦੇ ਹੱਕਾਂ ਨੂੰ ਖਤਮ ਕਰਨ ਵਿੱਚ ਨਿਰੰਤਰ ਅੱਗੇ ਵਧ ਰਹੀ ਹੈ। ਕਾਮਰੇਡ ਨਿਰਮਲ ਅਤੇ ਕਾਮਰੇਡ ਗੋਰੀਆ ਨੇ ਦੱਸਿਆ ਕਿ ਕਰਨਾਟਕਾਂ ਵਿੱਚ ਹੋਣ ਵਾਲੀ ਦੋ ਰੋਜ਼ਾ ਬੈਠਕ ਵਿੱਚ ਦਿੱਲੀ ਕਨਵੈਨਸ਼ਨ ਤੋਂ ਬਾਅਦ ਦਲਿਤ ਅਧਿਕਾਰਾਂ ਦੀ ਰਾਖੀ ਲਈ ਹੋਏ ਯਤਨਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਜਾਵੇਗਾ। ਕੁਲ ਹਿੰਦ ਦਲਿਤ ਅਧਿਕਾਰ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਗਹਿਰ-ਗੰਭੀਰ ਚਰਚਾ ਕਰਨ ਤੋਂ ਇਲਾਵਾ ਭਵਿੱਖ ਦੇ ਕਾਰਜ ਉਲੀਕੇ ਜਾਣਗੇ।


G20 ਉੱਤਰ ਰੇਲਵੇ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨੀਲਾਮੀ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਲਈ ਫਿਰੋਜਪੁਰ ਮੰਡਲ ਵਿਚ ਈ-ਨੀਲਾਮੀ ਦਾ ਸੱਦਾ ਦਿਤਾ ਜਾਂਦਾ ਹੈ।

| | |
|---|---|
| ਕੰਮ ਦਾ ਨਾਮ | ਫਿਰੋਜਪੁਰ ਮੰਡਲ ਦੇ ਵਿਭਿੰਨ ਸਟੇਸ਼ਨਾਂ ਉਤੇ ਪੇ ਐਂਡ ਯੂਜ਼ ਦਾ ਠੇਕਾ ਤਿੰਨ ਸਾਲ ਦੇ ਲਈ ਅਲਾਟ ਕਰਨ ਲਈ। |
| ਈ-ਨੀਲਾਮੀ ਸੂਚੀਪੱਤਰ ਨੰਬਰ | EA-FZR-PnU-23-01 dated 13/01/2023 |
| ਨੀਲਾਮੀ ਸ਼ੁਰੂ ਹੋਣ ਦਾ ਸਮਾਂ | 30/01/2023 10:30 |
| ਲਾਟ ਨੰਬਰ | ਸਟੇਸ਼ਨ ਦਾ ਨਾਮ |
| PnU-FZR-JGN-Toi-9-22-1 | ਜਗਰਾਂਵ |
| PnU-FZR-FDK-Toi-54-22-1 | ਫਰੀਦਕੋਟ |
| PnU-FZR-BRML-Toi-63-22-1 | ਬਾਰਾਮੂਲਾ |
| PnU-FZR-ANT-Toi-59-22-1 | ਅਨੰਤਨਾਗ |
| PnU-FZR-QG-Toi-58-22-1 | ਕਾਜੀਕੁੰਡ |
| PnU-FZR-BDGM-Toi-61-22-1 | ਬਡਗਾਂਵ |
| PnU-FZR-SXZM-Toi-62-22-1 | ਸੋਪੋਰ |
| PnU-FZR-MOGA-Toi-53-23-1 | ਮੋਗਾ |

ਵਿਸਤ੍ਰਿਤ ਜਾਣਕਾਰੀ ਰੇਲਵੇ ਵੈਬਸਾਈਟ www.ireps.gov.in ਉਤੇ ਉਪਲਬਧ ਹੈ।

169/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



G20 ਉੱਤਰ ਰੇਲਵੇ ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਸਾਧਾਰਨ, ਉੱਤਰ ਰੇਲਵੇ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਟੈਂਡਰਾਂ (www.ireps.gov.in) ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅੰਦਾਜਨ ਲਾਗਤ (ਰੁ.) | ਬਿਆਨਾ ਰਾਸ਼ੀ (ਰੁ.) | ਕੰਮ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬ ਸਾਈਟ |
|---|---|---|---|---|---|---|
| 251-ਬਿਜਲੀ-T-31-2022-23 | ਫਿਰੋਜਪੁਰ ਮੰਡਲ ਦੇ ਵਿਭਿੰਨ ਗੁਡਸ ਸ਼ੇਡ ਦੀ ਰੋਸ਼ਨੀ ਵਿਚ ਸੁਧਾਰ ਅਤੇ ਸਬੰਧ ਵਾਯਰਿੰਗ ਦੇ ਕੰਮ ਵਿਚ ਸੁਧਾਰ ਦੇ ਸਬੰਧ ਵਿਚ ਬਿਜਲੀ ਕੰਮ ਲਈ। | 16387618.65 | 231900.00 | 06 ਮਹੀਨੇ | 10.02.2023 15:00 ਵਜੇ ਦੇ ਬਾਅਦ | www.ireps.gov.in |
| 251-ਬਿਜਲੀ-T-32-2022-23 | ਜੰਮੂ ਤਵੀ ਅਤੇ ਅੰਮ੍ਰਿਤਸਰ ਵਿਚ ਆਰਐਸਓ ਆਊਟਪਿਟ ਦੇ ਸੁਧਾਰ ਅਤੇ ਉਨਯਨ ਦੇ ਸਬੰਧ ਵਿਚ ਬਿਜਲੀ ਕੰਮ ਲਈ। | 31,23,581.58 | 62,500.00 | 06 ਮਹੀਨੇ | 08.02.2023 15:00 ਵਜੇ ਦੇ ਬਾਅਦ | www.ireps.gov.in |

ਨੰ. 251-ਬਿਜਲੀ ਟੈਂਡਰ ਨੋਟਿਸ ਨੰ. 22/ਬਿਜਲੀ-2022-23 ਮਿਤੀ:- 17.01.2023

188/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

18-Jan-2023-page-11-Majha.qxd 1/17/2023 10:10 PM Page 1



## ਖਹਿਰਾ ਕੋਟਲੀ ਟੋਲ ਪਲਾਜ਼ੇ ਦਾ ਧਰਨਾ 16ਵੇਂ ਦਿਨ 'ਚ ਦਾਖਲ




ਕਲਾਨੌਰ (ਮਨਦੀਪ ਕੋਹਲੀ)-ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਟੋਲ ਪਲਾਜ਼ਾ ਵਿਰੋਧੀ ਸੰਘਰਸ਼ ਕਮੇਟੀ ਵੱਲੋਂ ਲਗਾਤਾਰ ਖਹਿਰਾ ਕੋਟਲੀ ਵਿਖੇ ਤਜਵੀਜ਼ਤ ਟੋਲ ਪਲਾਜ਼ਾ ਬੰਦ ਕਰਵਾਉਣ ਲਈ ਧਰਨੇ ਦੇ 16ਵੇਂ ਦਿਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦਾ ਜਥਾ ਗੁਰਮੀਤ ਸਿੰਘ ਜ਼ਿਲ੍ਹਾ ਸਕੱਤਰ ਅਤੇ ਹਰਪ੍ਰੀਤ ਸਿੰਘ ਕਤੀਬ ਦੀ ਅਗਵਾਈ ਵਿੱਚ ਧਰਨੇ 'ਤੇ ਬੈਠਿਆ ਜਿਸ ਵਿੱਚ ਗੁਰਮੀਤ ਸਿੰਘ, ਹਰਪ੍ਰੀਤ ਸਿੰਘ, ਬਚਨ ਸਿੰਘ ਸੁਖਵਿੰਦਰ ਸਿੰਘ, ਲਖਵਿੰਦਰ ਸਿੰਘ, ਗੁਰਪਿੰਦਰ ਸਿੰਘ, ਸੁਖਦੇਵ ਸਿੰਘ, ਕੈਪਟਨ ਸਿੰਘ, ਸੁਖਚੈਨ ਸਿੰਘ, ਜੀਤ ਸਿੰਘ, ਬਲਦੇਵ ਸਿੰਘ, ਸੁਖਦੇਵ ਸਿੰਘ, ਜਸਪਾਲ ਸਿੰਘ, ਬਲਕਾਰ ਸਿੰਘ ਨੜਾਂਵਾਲੀ ਅਤੇ ਬਲਵਿੰਦਰ ਸਿੰਘ ਸ਼ਾਮਲ ਹੋਏ। ਧਰਨਾਕਾਰੀਆਂ ਨੂੰ ਸਤਿਕਾਰ ਸਹਿਤ ਹਾਰ ਪਾ ਕੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਪ੍ਰੇਮ ਸਿੰਘ ਸੂਬੇਦਾਰ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾ ਵੱਲੋਂ ਗੁਰਮੁਖ ਸਿੰਘ ਅਤੇ ਨਾਜਰ ਸਿੰਘ, ਜਮਹੂਰੀ ਕਿਸਾਨ ਸਭਾ ਵੱਲੋਂ ਹਰਜੀਤ ਸਿੰਘ ਕਾਹਲੋਂ ਅਤੇ ਮਾਸਟਰ ਸਰਦੂਲ ਸਿੰਘ ਬਰੀਲਾ, ਪੰਜਾਬ ਕਿਸਾਨ ਸਭਾ ਵੱਲੋਂ ਅਸ਼ਵਨੀ ਕੁਮਾਰ ਲੱਖਣ ਕਲਾਂ, ਕੁਲ ਹਿੰਦ ਕਿਸਾਨ ਸਭਾ ਵੱਲੋਂ ਬਲਦੇਵ ਸਿੰਘ ਅਤੇ ਡਾਕਟਰ ਅਰਜਿੰਦਰ ਸਿੰਘ ਕਾਹਲੋਂ ਨੇ ਧਰਨੇ 'ਤੇ ਬਿਠਾਇਆ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਧਰਨਾ ਤਦ ਤਕ ਜਾਰੀ ਰਹੇਗਾ ਜਦ ਤੱਕ ਤਜਵੀਜ਼ਤ ਟੋਲ ਪਲਾਜ਼ਾ ਬੰਦ ਨਹੀਂ ਕੀਤਾ ਜਾਂਦਾ।

## ਹਰੀਕੇ ਫਿਰੌਤੀ ਗਿਰੋਹ ਮਾਮਲੇ ਦੇ ਮੁਲਜ਼ਮਾਂ ਦੀ ਗਿਣਤੀ ਵਧ ਕੇ ਹੋਈ ਸੱਤ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਕਸਬਾ ਹਰੀਕੇ ਅੰਦਰ ਵਰਗਲਾ ਕੇ ਫਿਰੌਤੀ ਮੰਗਣ ਦੇ ਮਾਮਲੇ ਵਿੱਚ ਪੁਲਸ ਨੇ ਨਿਰਪੱਖ ਪੜਤਾਲ ਕਰਦਿਆਂ ਹਰੀਕੇ ਦੀ ਇਕ ਔਰਤ ਨੂੰ ਨਾਮਜ਼ਦ ਕੀਤਾ ਜਿਸ ਤੋਂ ਬਾਅਦ ਮੁਕੱਦਮੇ ਵਿੱਚ ਮੁਲਜ਼ਮਾਂ ਦੀ ਗਿਣਤੀ 7 ਹੋ ਗਈ। ਇਨ੍ਹਾਂ ਵਿੱਚੋ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਜਾ ਚੁੱਕਾ ਹੈ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ ਚੌਹਾਨ ਨਾਲ ਗੱਲ ਕਰਕੇ ਉਕਤ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਦਿਆਂ ਹਰਕੇ ਪਹਿਲੂ ਨੂੰ ਗਹੁ ਨਾਲ ਵਾਚਣ ਦੀ ਗੱਲ ਕੀਤੀ ਸੀ ਜਿਸ ਦੇ ਚੱਲਦਿਆਂ ਕੇਸ ਦੇ ਦੌਰਾਨ ਰਿਸ਼ਵਤ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਸਹਾਇਕ ਥਾਣੇਦਾਰ ਨੂੰ ਲਾਇਨ ਹਾਜ਼ਰ ਕਰਕੇ ਵਿਭਾਗੀ ਜਾਂਚ ਕੀਤੀ ਜਾ ਰੀ ਹੈ ਉਥੇ ਹੀ ਆਉਣ ਵਾਲੇ ਦਿਨਾਂ ਵਿੱਚ ਇਸ ਮੁਕੱਦਮੇ 'ਚ ਅਣਗਹਿਲੀ ਅਤੇ ਪੱਖਪਾਤੀ ਰਵੱਈਏ ਦੀ ਗਾਜ ਹੋਰ ਕਰਮਚਾਰੀਆਂ 'ਤੇ ਵੀ ਡਿੱਗ ਸਕਦੀ ਹੈ।

ਦੱਸਣਯੋਗ ਹੈ ਕਿ 65 ਸਾਲਾ ਵਿਅਕਤੀ ਨੂੰ ਵਿਆਹ ਦਾ ਝਾਂਸਾ ਦਿੰਦਿਆਂ ਹਰੀਕੇ ਦੇ ਇਕ ਘਰ ਵਿੱਚ ਇਤਰਾਜ਼ਯੋਗ ਵੀਡੀਓ ਬਣਾਈ, ਕੁੱਟਮਾਰ ਕੀਤੀ ਅਤੇ ਫਿਰੌਤੀ ਮੰਗਣ ਦਾ ਸਿਲਸਿਲਾ ਆਰੰਭ ਹੋ ਗਿਆ ਜਿਸ ਨੂੰ ਲੈ ਕੇ ਪੀੜ੍ਹਤ ਨੇ ਤਤਕਾਲੀ ਥਾਣਾ ਮੁਖੀ ਪਰਵਿੰਦਰ ਸਿੰਘ ਨਾਗੋਕੇ ਕੋਲ ਪਰਚਾ ਦਰਜ ਕਰਵਾਇਆ ਜਿਸ ਦੇ ਤਹਿਤ ਤਿੰਨ ਦੋਸ਼ੀਆਂ ਨੂੰ ਕਾਬੂ ਕਰ ਲਿਆ। ਉਕਤ ਮਾਮਲੇ ਵਿੱਚ ਅਣਗਹਿਲੀ, ਪੱਖਪਾਤੀ ਰਵੱਈਏ, ਰਿਸ਼ਵਤ ਵਰਗੇ ਦੋਸ਼ਾਂ ਕਰਕੇ ਕਈ ਮੋੜ ਆਏ ਪਰ 15 ਜਨਵਰੀ ਨੂੰ ਹੋਈ ਪੜਤਾਲ ਮਗਰੋਂ ਜਿਥੇ ਸਹਾਇਕ ਥਾਣੇਦਾਰ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਉਥੇ ਹੀ ਰਿਮਾਂਡ ਤੇ ਆਈ ਮੁਲਜ਼ਮ ਪਰਵੀਨ ਕੌਰ ਦੀ ਪੁੱਛਗਿੱਛ ਦੇ ਆਧਾਰ ਤੇ ਹਰੀਕੇ ਵਾਸੀ ਕੁਲਵੰਤ ਕੌਰ ਨੂੰ ਵੀ ਨਾਮਜ਼ਦ ਕਰ ਲਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਹਰੀਕੇ ਦੇ ਮੁੱਖ ਅਫਸਰ ਇੰਸ ਹਰਪ੍ਰੀਤ ਸਿੰਘ ਨੇ ਜਿਥੇ ਇਕ ਔਰਤ ਨੂੰ ਨਾਮਜ਼ਦ ਕਰਨ ਦੀ ਪੁਸ਼ਟੀ ਕੀਤੀ ਉਥੇ ਹੀ ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਡੀਐੱਸਪੀਡੀ ਦਲਵਿੰਦਰ ਸਿੰਘ ਵੱਲੋਂ ਕੀਤੀ ਗਈ ਤਫਤੀਸ਼ ਦੌਰਾਨ ਜੋ ਵੀ ਤੱਥ ਸਾਹਮਣੇ ਆਉਣਗੇ ਉਸ ਮੁਤਾਬਿਕ ਕਾਰਵਾਈ ਹੋਵੇਗੀ। ਉਨ੍ਹਾਂ ਕਿਹਾ ਕਿ ਬਾਕੀ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਨਾਗ ਕਲਾਂ ਵਿਖੇ ਟ੍ਰੈਫਿਕ ਨਿਯਮਾਂ ਸੰਬੰਧੀ ਲਗਾਇਆ ਸੈਮੀਨਾਰ



ਮਜੀਠਾ (ਸੋਇਮ ਆਨੰਦ)-ਐੱਸਐੱਸਪੀ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਸਵਪਨ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਗ ਕਲਾਂ ਵਿਖੇ ਸਕੂਲ ਦੇ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦੇਣ ਲਈ ਇੱਕ ਵਿਸ਼ੇਸ਼ ਟ੍ਰੈਫਿਕ ਸੈਮੀਨਾਰ ਲਗਾਇਆ ਗਿਆ, ਜਿਸ ਵਿਚ ਸਬ ਡਵੀਜ਼ਨ ਮਜੀਠਾ ਦੇ ਐੱਸਡੀਐੱਮ ਡਾ. ਹਰਨੂਰ ਕੌਰ ਢਿੱਲੋਂ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਸੈਮੀਨਾਰ ਨੂੰ ਸੰਬੋਧਨ ਕਰਦਿਆਂ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਏਐੱਸਆਈ ਇੰਦਰਮੋਹਨ ਸਿੰਘ ਤੇ ਹੌਲਦਾਰ ਮੇਜਰ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਦੋਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਵਾਹਨ ਚਾਲਕਾਂ ਨੂੰ ਗੱਡੀਆਂ ਤੇ ਰਿਫਲੈਕਟਰ ਲਗਾਉਣ ਤੇ ਧੁੰਦ ਵਿਚ ਗੱਡੀਆਂ ਦੀ ਸਪੀਡ ਘੱਟ ਰੱਖਣ ਦੀ ਅਪੀਲ ਕੀਤੀ। ਵਿਦਿਆਰਥੀਆਂ ਨੇ ਟ੍ਰੈਫਿਕ ਨਿਯਮਾਂ ਨੂੰ ਦਰਸਾਉਂਦੇ ਵੱਖ-ਵੱਖ ਚਾਰਟ ਅਤੇ ਪੋਸਟਰਾਂ ਦੀ ਪ੍ਰਦਰਸ਼ਨੀ ਵੀ ਲਗਾਈ। ਐੱਸਡੀਐੱਮ ਢਿੱਲੋਂ ਨੇ ਮਾਪਿਆਂ ਨੂੰ ਵੀ ਵਿਦਿਆਰਥੀਆਂ ਨੂੰ ਦੋਪਹੀਆਂ ਵਾਹਨ ਦੇ ਕੇ ਸਕੂਲ ਨਾ ਭੇਜਣ ਲਈ ਕਿਹਾ। ਇਸ ਮੌਕੇ ਪ੍ਰਿੰਸੀਪਲ ਅਨੂੰ ਬੇਦੀ ਤੇ ਸਮੂਹ ਸਕੂਲ ਸਟਾਫ ਵੱਲੋਂ ਐੱਸਡੀਐੱਮ ਮਜੀਠਾ, ਏਐੱਸਆਈ ਇੰਦਰਮੋਹਨ ਸਿੰਘ, ਜਸਬੀਰ ਸਿੰਘ ਗਿੱਲ ਨੂੰ ਯਾਦਗਾਰੀ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਐੱਸਡੀਐੱਮ ਰੀਡਰ ਵਰਿੰਦਰ ਭਾਟੀਆ, ਦੀਪਕ ਮਸੀਹ, ਹਰਪ੍ਰੀਤ ਸਿੰਘ ਤੋਂ ਇਲਾਵਾ ਸਕੂਲ ਵਿੱਚ ਰਾਜੇਸ਼ ਕੁਮਾਰ, ਜੋਤੀ ਸੈਣੀ, ਜਸਦੀਪ ਸਿੰਘ, ਰਾਮ ਸਿੰਘ, ਸੁਖਦੇਵ ਸਿੰਘ, ਪਵਨ ਕੁਮਾਰ, ਰਜਵੰਤ ਕੌਰ, ਸੰਦੀਪ ਕੌਰ, ਹਿੰਮਨੀ ਗੁਪਤਾ, ਰਾਜਵੰਤ ਕੌਰ, ਹਰਿੰਦਰ ਕੌਰ, ਹਰਪ੍ਰੀਤ ਕੌਰ, ਜਸਜੀਤ ਕੌਰ, ਮੋਨਿਕਾ ਸ਼ਰਮਾ, ਰਮਿੰਦਰਜੀਤ ਕੌਰ, ਮਮਤਾ ਰਾਣੀ, ਅਨੁਭਾ ਗੁਪਤਾ, ਸਰਬਜੀਤ ਕੌਰ, ਰਣਜੀਤ ਕੌਰ ਆਦਿ ਹਾਜ਼ਰ ਸਨ ।

## ਜ਼ੀਰਾ ਮੋਰਚਾ ਕਿਸਾਨ ਮਜ਼ਦੂਰ ਏਕਤਾ ਦੀ ਦੂਸਰੀ ਵੱਡੀ ਜਿੱਤ: ਸਭਰਾਂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਜ਼ੀਰਾ ਅੰਦਰ ਸ਼ਰਾਬ ਫੈਕਟਰੀ ਵੱਲੋਂ ਜ਼ਹਿਰੀਲਾ ਪਾਣੀ ਜ਼ਮੀਨ ਅੰਦਰ ਪਾਉਣ ਕਾਰਨ ਵੱਡੀ ਗਿਣਤੀ ਵਿਚ ਲੋਕ ਬਿਮਾਰੀਆਂ ਦੀ ਗ੍ਰਿਫਤ 'ਚ ਆਉਣ ਕਾਰਨ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਲਈ ਬੀਤੇ ਪੰਜ ਮਹੀਨੇ ਤੋਂ ਵੱਧ ਚੱਲਿਆ ਜ਼ੀਰਾ ਸੰਘਰਸ਼ ਦਿੱਲੀ ਅੰਦੋਲਨ ਤੋਂ ਬਾਅਦ ਕਿਸਾਨਾਂ, ਮਜ਼ਦੂਰਾਂ ਅਤੇ ਸਮਾਜ ਦੇ ਦਰਦਮੰਦਾਂ ਦੀ ਦੂਸਰੀ ਵੱਡੀ ਜਿੱਤ ਹੈ, ਜਿਸ ਦੌਰਾਨ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਕਾਰਪੋਰੇਟ ਜਗਤ ਹਵਾਲੇ ਕਰਨ ਦਾ ਸੁਫਨਾ ਢਹਿ-ਢੇਰੀ ਹੋ ਗਿਆ। ਇਹ ਵਿਚਾਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਸੰਗਠਨ ਸਕੱਤਰ ਜਥੇਦਾਰ ਸੁਖਵਿੰਦਰ ਸਿੰਘ ਸਭਰਾਂ ਨੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਜਿਥੇ ਮਾਨ ਸਰਕਾਰ ਦੇ ਫੈਸਲੈ ਨੂੰ ਲੋਕ ਹਿੱਤੂ ਦੱਸਿਆ ਉਥੇ ਹੀ ਉਨਾਂ ਇਹ ਵੀ ਕਿਹਾ ਕਿ ਪੰਜਾਬ ਦੀ ਜਰਖੇਜ਼ ਧਰਤੀ ਤੇ ਅੰਮ੍ਰਿਤ ਸਮਾਨ ਪਾਣੀ ਨੂੰ ਬਚਾਉਣ ਲਈ ਅਜਿਹੇ ਹੋਰ ਉਪਰਾਲੇ ਕਰਨ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਜਲੰਧਰ ਦੀਆਂ ਚਮੜਾ ਫੈਕਟਰੀਆਂ ਦਾ ਪਾਣੀ, ਬੁੱਢੇ ਨਾਲੇ ਰਾਹੀਂ ਆ ਰਿਹਾ ਲੁਧਿਆਣਾ ਸਨਅਤ ਦਾ ਕੈਮੀਕਲ ਯੁਕਤ ਪਾਣੀ ਜੋ ਸਤਲੁਜ ਦੇ ਰਸਤੇ ਮਾਲਵਾ ਖੇਤਰ ਦੇ ਨਾਲ ਨਾਲ ਹੋਰਨਾਂ ਰਾਜਾਂ ਨੂੰ ਮਾਰੂ ਬੀਮਾਰੀਆਂ ਵੱਲ ਧੱਕ ਰਿਹਾ ਹੈ ਇਸ ਤੋਂ ਮੁਕਤੀ ਲਈ ਵੱਡਾ ਹੰਭਲਾ ਮਾਰਨਾ ਬਨਦਾ ਹੈ।

ਉਨ੍ਹਾਂ ਕਿਹਾ ਕਿ ਸਨਅਤੀ ਅਦਾਰਿਆਂ ਦਾ ਪਾਣੀ ਸ਼ੁੱਧ ਕਰਕੇ ਨਹਿਰਾਂ ਰਾਹੀ ਖੇਤਾਂ ਨੂੰ ਦਿੱਤਾ ਜਾਵੇ ਤਾਂ ਜੋ ਜਰਖੇਜ਼ ਧਰਤੀ ਤੇ ਹੇਠਲਾ ਪਾਣੀ ਦੋਵੇਂ ਬਚਾਏ ਜਾ ਸਕਣ। ਉਨ੍ਹਾਂ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰਾਂ ਤੋਂ ਭਲੇ ਦਾ ਆਸ ਲਾਹ ਕੇ ਕਿਸਾਨੀ ਝੰਡੇ ਥੱਲੇ ਇਕੱਤਰ ਹੋਣਾ ਲੋੜ ਹੀ ਨਹੀਂ ਸਗੋਂ ਸਮੇਂ ਦੀ ਮੰਗ ਵੀ ਹੈ। ਇਸ ਮੌਕੇ ਸਕਰਨ ਸਿੰਘ ਹਰੀਕੇ, ਸਤਨਾਮ ਸਿੰਘ ਹਰੀਕੇ, ਖਜ਼ਾਨ ਸਿੰਘ ਕਿਰਤੋਵਾਲ, ਗੁਰਜਿੰਦਰ ਸਿੰਘ ਮੱਤਾ, ਦੇਸਾ ਸਿੰਘ ਗਿੱਲ, ਦਲਜੀਤ ਸਿੰਘ ਹਰੀਕੇ, ਕਿਰਪਾਲ ਸਿੰਘ ਬੁਰਜ ਅਤੇ ਸੁਖਬੀਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

## ਚੋਹਲਾ ਸਾਹਿਬ ਵਿਖੇ ਮਨਾਇਆ ਆਰਮੀ ਡੇ



ਚੋਹਲਾ ਸਾਹਿਬ (ਰਮਨ ਚੱਢਾ)-ਇੰਡੀਅਨ ਐਕਸ ਸਰਵਿਸ ਲੀਗ ਪੰਜਾਬ ਐਂਡ ਚੰਡੀਗੜ੍ਹ ਬਲਾਕ ਚੋਹਲਾ ਸਾਹਿਬ ਦੇ ਪ੍ਰਧਾਨ ਸੂਬੇਦਾਰ ਰਛਪਾਲ ਸਿੰਘ ਚੰਬਾ ਦੀ ਇਕੱਤਰਤਾ ਹੇਠ ਬਲਾਕ ਚੋਹਲਾਂ ਦੇ ਸਾਰੇ ਸਾਬਕਾ ਦੇ ਸਹਿਯੋਗ ਨਾਲ ਬਾਬਾ ਸੁੱਚਾ ਸਿੰਘ ਯਾਦਗਾਰੀ ਹਾਲ ਵਿੱਚ 15 ਜਨਵਰੀ ਨੂੰ ਆਰਮੀ ਡੇ ਮਨਾਇਆ ਗਿਆ ਜਿਸ ਵਿੱਚ ਚੀਫ ਗੈਸਟ ਕਰਨਲ ਰੁਪਿੰਦਰ ਅਤੇ ਕੈਪਟਨ ਮੇਵਾ ਸਿੰਘ ਸਾਬਕਾ ਪੰਜਾਬ ਪ੍ਰਧਾਨ ਤੇ ਕੈਪਟਨ ਬਲਵਿੰਦਰ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। 15 ਜਨਵਰੀ 1949 ਨੂੰ ਇਡੀਆ ਦੇ ਪਹਿਲੇ ਆਰਮੀ ਚੀਫ ਜਰਨਲ ਕੇ. ਐੱਮ. ਕਰਿਅਪਾ ਨੇ ਬਰਿਟਸ਼ ਆਰਮੀ ਚੀਫ ਤੋਂ ਇੰਡੀਅਨ ਆਰਮੀ ਚੀਫ ਦੀ ਕਮਾਂਡ ਸੰਭਾਲੀ ਤੇ ਇੰਡੀਆ ਦੇ ਪਹਿਲੇ ਆਰਮੀ ਚੀਫ ਬਣੇ। ਕਰਨਲ ਰੁਪਿੰਦਰ ਸਿੰਘ ਨੇ ਆਰਮੀ ਡੇ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 1947 ਤੋਂ ਲੈ ਕੇ ਅੱਜ ਤੱਕ ਆਰਮੀ ਕੀ ਕੀ ਪ੍ਰਾਪਤੀਆਂ ਕੀਤੀਆਂ ਹਨ। ਉਸ ਤੋਂ ਬਾਅਦ ਕੈਪਟਨ ਮੇਵਾ ਸਿੰਘ ਨੇ ਵੰਨ ਰੈਂਕ ਵੰਨ ਪੈਨਸ਼ਨ ਬਾਰੇ ਅਤੇ ਈਸੀਐੱਸਐੱਚ ਬਾਰੇ ਬੜੀ ਹੀ ਵਿਸਥਾਰ ਨਾਲ ਜਾਣਕਾਰੀ ਦਿੱਤੀ। ਬਾਅਦ ਵਿੱਚ ਬਲਾਕ ਪ੍ਰਧਾਨ ਸੂਬੇਦਾਰ ਰਛਪਾਲ ਸਿੰਘ ਚੰਬਾ ਨੇ ਬਲਾਕ ਦੇ ਸਾਰੇ ਆਏ ਸਾਬਕਾ ਸੈਨਿਕਾਂ ਤੇ ਬਾਕੀ ਆਏ ਬਲਾਕ ਪ੍ਰਧਾਨਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਸ ਤੋਂ ਬਾਅਦ ਕਰਨਲ ਰੁਪਿਦਰ ਸਿੰਘ ਤੇ ਕੈਪਟਨ ਮੇਵਾ ਸਿੰਘ ਨੇ ਸ਼ਹੀਦਾਂ ਦੇ ਪਰਿਵਾਰਾ ਨੂੰ ਸਨਮਾਨਿਤ ਕੀਤਾ। ਸੂਬੇਦਾਰ ਨਰਵੈਲ ਸਿੰਘ ਨੇ ਸਟੇਜ ਸੈਕਟਰੀ ਦੀ ਡਿਊਟੀ ਬੜੀ ਸੂਝਬੂਝ ਨਾਲ ਨਿਭਾਈ। ਇਸ ਪ੍ਰੋਗਰਾਮ ਵਿੱਚ ਕੈਪਟਨ ਤਰਲੋਕ ਸਿੰਘ, ਕੈਪਟਨ ਹੀਰਾ ਸਿੰਘ, ਕੈਪਟਨ ਕੁਲਵੰਤ ਸਿੰਘ, ਸੂਬੇਦਾਰ ਹਰਦੇਵ ਸਿੰਘ, ਸੂਬੇਦਾਰ ਸੁਰਮੱਖ ਸਿੰਘ, ਸੂਬੇਦਾਰ ਹਰਦੀਪ ਸਿੰਘ, ਸੂਬੇਦਾਰ ਹਰਬੰਸ ਸਿੰਘ. ਸੁਰਜੀਤ ਸਿੰਘ, ਜਸਵੰਤ ਸਿੰਘ, ਸੁਖਦੇਵ ਸਿੰਘ, ਗੁਰਦੇਵ ਸਿੰਘ, ਸੁਰਜੀਤ ਸਿੰਘ, ਸ਼ਾਮ ਸਿੰਘ, ਬਲਰਾਜ ਸਿੰਘ, ਹਰਭਜਨ ਸਿੰਘ, ਬਲਕਾਰ ਸਿੰਘ, ਦਲਬਾਗ ਸਿੰਘ, ਦੂਲਾ ਸਿੰਘ, ਸੁਖਜੀਤ ਸਿੰਘ, ਗੁਰਨਾਮ ਸਿੰਘ, ਨਰਵੈਲ ਸਿੰਘ ਤੇ ਹੋਰ ਵੀ ਬਹੁਤ ਸਾਰੇ ਸਾਬਕਾ ਸੈਨਿਕਾਂ ਨੇ ਹਾਜ਼ਰੀ ਭਰੀ।

## ਸਾਬਕਾ ਵਿਧਾਇਕ ਬ੍ਰਹਮਪੁਰਾ ਗੁਰ: ਡੇਹਰਾ ਸਾਹਿਬ ਵਿਖੇ ਹੋਏ ਨਤਮਸਤਕ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਖਡੂਰ ਸਾਹਿਬ ਤੋਂ ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਹਲਕੇ ਦੇ ਅਧੀਨ ਪੈਂਦੇ ਪਿੰਡ ਲੁਹਾਰ ਵਿਖੇ ਪਹਿਲੀ ਪਾਤਸ਼ਾਹੀ ਬਾਬਾ ਨਾਨਕ ਜੀ ਦੇ ਪਿਤਾ ਮਹਿਤਾ ਕਾਲੂ ਜੀ ਦੇ ਜਨਮ ਅਸਥਾਨ 'ਤੇ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਮਾਘੀ ਦੇ ਸਲਾਨਾ ਜੋੜ ਮੇਲੇ ਵਿੱਚ ਨਤਮਸਤਕ ਹੋ ਕੇ ਗੁਰੂ ਘਰ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਪ੍ਰਮਾਤਮਾ ਦੇ ਚਰਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਕਾਰ ਸੇਵਾ ਵਾਲੇ ਬਾਬਾ ਲੱਖਾ ਸਿੰਘ ਅਤੇ ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ ਵਾਲਿਆਂ ਤੋਂ ਆਸ਼ੀਰਵਾਦ ਲਿਆ। ਕਾਰਸੇਵਾ ਦੇ ਮੁੱਖ ਪ੍ਰਬੰਧਕ ਬਾਬਾ ਲੱਖਾ ਸਿੰਘ ਕੋਟੇ ਵਾਲਿਆਂ ਨੇ ਸਿਰੋਪਾ ਸਾਹਿਬ ਨਾਲ ਉਨ੍ਹਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਲਵਿੰਦਰ ਸਿੰਘ ਵੇਈਂਪੂਈਂ, ਦਲਬੀਰ ਸਿੰਘ ਜਹਾਂਗੀਰ ਸੀਨੀਅਰ ਅਕਾਲੀ ਆਗੂ, ਸੁਰਿੰਦਰ ਸਿੰਘ ਸ਼ਿੰਦਾ ਸਾਬਕਾ ਸਰਪੰਚ ਫਤਿਹਾਬਾਦ, ਰਤਨ ਸਿੰਘ, ਰਘੁਬੀਰ ਸਿੰਘ ਸਾਬਕਾ ਸਰਪੰਚ ਪਿੰਡ ਬ੍ਰਹਮਪੁਰਾ, ਸਾਬਕਾ ਸਰਪੰਚ ਦਿਲਬਾਗ ਸਿੰਘ ਕਾਹਲਵਾਂ, ਸਾਬਕਾ ਸਰਪੰਚ ਕੁਲਦੀਪ ਸਿੰਘ ਪਿੰਡ ਜਾਮਾਰਾਏ, ਸਾਬਕਾ ਸਰਪੰਚ ਸੁਖਜਿੰਦਰ ਸਿੰਘ ਬਿੱਟੂ ਪੱਖੋਪੁਰ, ਸਤਨਾਮ ਸਿੰਘ ਸੱਤਾ ਕਰਮੂੰਵਾਲਾ, ਜਗਜੀਤ ਸਿੰਘ ਜੱਗੀ ਨਿੱਕਾ ਚੋਲਾ ਸਾਹਿਬ, ਚਮਕੌਰ ਸਿੰਘ, ਪਾਲ ਸਿੰਘ ਜੌਹਲ ਸਾਬਕਾ ਸਰਪੰਚ, ਮਨਜੀਤ ਸਿੰਘ ਸਾਬਕਾ ਸਰਪੰਚ ਲੁਹਾਰ, ਪ੍ਰਤਾਪ ਸਿੰਘ ਨਿੱਕਾ ਚੋਹਲਾ ਸਾਹਿਬ ਨੂੰ ਵੀ ਬਾਬਾ ਲੱਖਾ ਸਿੰਘ ਨੇ ਸਿਰੋਪਾਓ ਸਾਹਿਬ ਦੀ ਬਖਸ਼ਿਸ਼ ਕੀਤੀ।

## ਅਣਪਛਾਤੀ ਕਾਰ ਨੇ ਮੋਟਰ-ਸਾਈਕਲ ਨੂੰ ਮਾਰੀ ਟੱਕਰ



ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਮਾਰਗ 'ਤੇ ਪੈਂਦੇ ਪਿੰਡ ਪੰਧੇਰ ਤੇ ਭੁੱਲੇਚੱਕ ਮੋੜ 'ਤੇ ਅਣਪਛਾਤੀ ਕਾਰ ਨੇ ਮੋਟਰਸਾਈਕਲ ਸਵਾਰਾਂ ਨੂੰ ਟੱਕਰ ਮਾਰੀ ਅਤੇ ਮਗਰ ਬੈਠੀ ਔਰਤ ਨੂੰ ਸੱਟਾਂ ਲੱਗਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਹਰਦੇਵ ਸਿੰਘ ਪੁੱਤਰ ਦੀਵਾਨ ਸਿੰਘ ਵਾਸੀ ਗੋਹਤ ਪੋਕਰ ਨੇ ਦੱਸਿਆ ਕਿ ਉਹ ਨਵਾਂ ਸ਼ਾਲਾ ਤੋਂ ਆਪਣੇ ਰਿਸ਼ਤੇਦਾਰ ਨੂੰ ਮਿਲ ਕੇ ਵਾਪਸ ਪਿੰਡ ਗੋਹਤ ਪੋਕਰ ਨੂੰ ਜਾ ਰਿਹਾ ਸੀ ਅਤੇ ਪਿੰਡ ਦੀ ਇਕ ਔਰਤ ਉਨ੍ਹਾਂ ਦੇ ਮਗਰ ਪੁਲ ਤਿੱਬੜੀ ਤੋਂ ਬੈਠ ਗਈ। ਜਦੋਂ ਪਿੰਡ ਭੁੱਲੇਚੱਕ ਨੂੰ ਮੁੜਨ ਲੱਗੇ ਤਾਂ ਮੁਕੇਰੀਆਂ ਵਲੋਂ ਆਉਂਦੀ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਅਪਣੀ ਲਪੇਟ ਵਿਚ ਲੈ ਲਿਆ ਅਤੇ ਦੋਵੇਂ ਸਵਾਰੀਆਂ ਸੜਕ ਵਿਚਕਾਰ ਸੜਕ ਤੇ ਮੋਟਰਸਾਈਕਲ ਸਮੇਤ ਡਿੱਗ ਪਈਆਂ। ਔਰਤ ਦੇ ਕਾਫੀ ਸੱਟਾਂ ਲੱਗੀਆਂ। ਰਾਹਗੀਰਾਂ ਨੇ ਕਾਰ ਵਾਲੇ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਹ ਮੌਕੇ ਦਾ ਫਾਇਦਾ ਲੈ ਕੇ ਭੱਜ ਗਿਆ। ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਪਾਸੋਂ ਇਨਸਾਫ ਦੀ ਮੰਗ ਕੀਤੀ ਹੈ।

## ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀ ਵਰਗ ਲਈ ਬਹੁ-ਪੱਖੀ ਪਹੁੰਚ ਅਪਣਾਈ: ਡਾ. ਬਲਜੀਤ ਕੌਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਵਚਨਬੱਧ ਹੈ, ਸੂਬੇ ਦੇ ਗਰੀਬ ਵਰਗ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਅਸਲ ਲਾਭਪਾਤਰੀਆਂ ਨੂੰ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਵਿਆਪਕ ਮੁਹਿੰਮ ਲਗਾਤਾਰ ਚਲਾਈ ਜਾ ਰਹੀ ਹੈ। ਇਸੇ ਤਹਿਤ ਪੰਜਾਬ ਦੇ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਸੂਬੇ ਵਿੱਚ ਕੇਂਦਰੀ ਪ੍ਰਯੋਜਿਤ ਸਕੀਮ ਪ੍ਰਧਾਨ ਮੰਤਰੀ ਅਨੁਸੂਚਿਤ ਜਾਤੀ ਅਭਿਉਦੈ ਯੋਜਨਾ ਤਹਿਤ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਬਿਹਤਰੀ ਲਈ ਜ਼ਿਲ੍ਹਿਆਂ/ਰਾਜ ਪੱਧਰੀ ਪ੍ਰੋਜੈਕਟਾਂ ਨੂੰ ਸਹਾਇਤਾ ਗ੍ਰਾਂਟਾਂ (ਅਨੁਸੂਚਿਤ ਜਾਤੀਆਂ ਉਪ ਯੋਜਨਾ ਲਈ ਵਿਸੇਸ ਕੇਂਦਰੀ ਸਹਾਇਤਾ) ਅਧੀਨ ਸਾਲ 2023-24 ਦੌਰਾਨ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਤੋਂ ਪ੍ਰੋਜੈਕਟ ਤਜਵੀਜਾਂ 20 ਜਨਵਰੀ 2023 ਤੱਕ ਮੰਗੀਆਂ ਗਈਆਂ ਹਨ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਨੁਸੂਚਿਤ ਜਾਤੀਆਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਰਾਜ ਸਰਕਾਰ ਨੂੰ ਪੀਐਮਅਜੈ ਦੇ ਕੰਪੋਨੇਂਟ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਬਿਹਤਰੀ ਲਈ ਜ਼ਿਲ੍ਹਿਆਂ/ਰਾਜ ਪੱਧਰੀ ਪ੍ਰੋਜੈਕਟਾਂ ਨੂੰ ਚਲਾਇਆ ਜਾਂਦਾ ਹੈ। ਇਸ ਰਾਸੀ ਨਾਲ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ/ਵਿਅਕਤੀਆਂ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਆਮਦਨ ਵਾਧਾ ਸਬਸਿਡੀ ਅਤੇ ਹੁਨਰ ਵਿਕਾਸ ਨਾਲ ਸਬੰਧਿਤ ਵਿਆਪਕ ਅਜੀਵਿਕਾ ਪ੍ਰੋਜੈਕਟ ਅਤੇ ਅਨੁਸੂਚਿਤ ਜਾਤੀਆਂ ਦੀ ਬਹੁਤਾਤ ਵਾਲੇ ਪਿੰਡਾਂ ਵਿੱਚ ਬੁਨਿਆਦੀ ਢਾਂਚਾ ਸਹੂਲਤਾ ਨਾਲ ਸਬੰਧਤ ਪ੍ਰੋਜੈਕਟ ਸਥਾਨਕ ਲੋੜਾਂ ਅਨੁਸਾਰ ਲਾਗੂ ਕੀਤੇ ਜਾਂਦੇ ਹਨ। ਇਹਨਾਂ ਪ੍ਰੋਜੈਕਟਾਂ ਦੀ ਯੋਜਨਾਬੰਦੀ ਅਤੇ ਬਣਤਰ ਅਨੁਸੂਚਿਤ ਜਾਤੀਆਂ ਦੀਆਂ ਲੋੜਾਂ ਦੇ ਸਨਮੁੱਖ ਰਾਜ ਪੱਧਰ ਅਤੇ ਜਿਲ੍ਹਾ ਪੱਧਰ ਤੇ ਕੀਤੀ ਜਾਂਦੀ ਹੈ। ਡਾ.ਬਲਜੀਤ ਕੌਰ ਨੇ ਦੱਸਿਆ ਕਿ ਜਿਲ੍ਹਿਆਂ ਵਿੱਚ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ/ਵਿਅਕਤੀਆਂ ਦੇ ਆਰਥਿਕ ਵਿਕਾਸ ਲਈ ਅਨੁਸੂਚਿਤ ਜਾਤੀਆਂ ਦੀ ਸਮਾਜਿਕ-ਆਰਥਿਕ ਬਿਹਤਰੀ ਲਈ ਜ਼ਿਲ੍ਹਿਆਂ/ਰਾਜ ਪੱਧਰੀ ਪ੍ਰੋਜੈਕਟਾਂ ਨੂੰ ਸਹਾਇਤਾ ਪ੍ਰਾਪਤ ਅਧੀਨ ਸਾਲ 2023-24 ਦੌਰਾਨ ਪ੍ਰੋਜੈਕਟ ਲਾਗੂ ਕਰਨ ਲਈ ਪ੍ਰੋਜੈਕਟਾਂ ਸਬੰਧੀ ਤਜਵੀਜ਼ਾਂ (ਸਮੇਤ ਰਾਈਟ-ਅੱਪ) 20 ਜਨਵਰੀ 2023 ਤੱਕ ਮੰਗੀਆਂ ਗਈਆਂ ਹਨ।

## ਗੁਰਦਾਸਪੁਰ 'ਚ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਈਟੀਓ ਲਹਿਰਾਉਣਗੇ ਤਿਰੰਗਾ



ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਦੇ ਸ਼ਹੀਦ ਲੈਫਟੀਨੈਂਟ ਨਵਦੀਪ ਸਿੰਘ ਸਟੇਡੀਅਮ ਵਿਖੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ 'ਚ ਸੂਬੇ ਦੇ ਬਿਜਲੀ ਤੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇਸ਼ ਦਾ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ ਅਤੇ ਸਹਾਇਕ ਕਮਿਸ਼ਨਰ (ਜ) ਡਾ. ਵਰੁਣ ਕੁਮਾਰ ਵੱਲੋਂ ਅੱਜ ਸਥਾਨਕ ਪੰਚਾਇਤ ਭਵਨ ਵਿਖੇ 26 ਜਨਵਰੀ ਨੂੰ ਦੇਸ਼ ਦੇ 74ਵੇਂ ਗਣਤੰਤਰ ਦਿਵਸ ਮੌਕੇ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮਨਮੋਹਨ ਸਿੰਘ ਨੇ ਮੀਟਿੰਗ ਦੌਰਾਨ ਵੱਖ-ਵੱਖ ਕਾਰਜਾਂ ਲਈ ਗਠਿਤ ਕਮੇਟੀਆਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਆਦੇਸ਼ ਦਿੱਤੇ ਕਿ ਕੌਮੀ ਮਹੱਤਤਾ ਵਾਲੇ ਇਸ ਸਮਾਗਮ ਦੀਆਂ ਤਿਆਰੀਆਂ ਨੂੰ ਸਮਾਂ ਰਹਿੰਦੇ ਨੇਪਰੇ ਚੜ੍ਹਾਇਆ ਜਾਵੇ। ਉਨ੍ਹਾਂ ਨਗਰ ਕੌਂਸਲ ਗੁਰਦਾਸਪੁਰ ਦੇ ਕਾਰਜਸਾਧਕ ਅਫ਼ਸਰ ਨੂੰ ਸਮਾਗਮ ਵਾਲੀ ਥਾਂ ਅਤੇ ਆਲੇ-ਦੁਆਲੇ ਸਾਫ ਸਫਾਈ ਦੇ ਵਿਸ਼ੇਸ਼ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਪੁਲਸ ਵਿਭਾਗ ਨੂੰ ਸੁਰੱਖਿਆ ਅਤੇ ਪਾਰਕਿੰਗ ਦੀ ਸੁਵਿਧਾ ਦਾ ਪ੍ਰਬੰਧ ਕਰਨ ਦੇ ਆਦੇਸ਼ ਵੀ ਜਾਰੀ ਕੀਤੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ 26 ਜਨਵਰੀ ਨੂੰ ਗੁਰਦਾਸਪੁਰ ਵਿਖੇ ਹੋ ਰਹੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ ਵਿੱਚ ਪਹੁੰਚ ਕੇ ਰੌਣਕਾਂ ਨੂੰ ਵਧਾਉਣ। ਮੀਟਿੰਗ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਗਣਤੰਤਰ ਦਿਵਸ ਸਮਾਗਮ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਜਾਣਕਾਰੀ ਸਾਂਝੀ ਕੀਤੀ ਗਈ।

## ਬ੍ਰਹਮਪੁਰਾ ਨੇ ਕਰਤਾਰ ਸਿੰਘ ਨਾਲ ਕੀਤਾ ਦੁੱਖ ਸਾਂਝਾ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਪਿੰਡ ਬਾਣੀਆਂ ਵਿਖੇ ਕਰਤਾਰ ਸਿੰਘ ਦੇ ਬੇਟੇ ਅਤੇ ਪਿਆਰਾ ਸਿੰਘ ਬਾਣੀਆਂ ਦੇ ਭਤੀਜੇ ਸਤਿੰਦਰਪਾਲ ਸਿੰਘ (44) ਜੋ ਬੀਤੇ ਦਿਨੀਂ ਪਰਮਾਤਮਾ ਦੇ ਹੁਕਮਾਂ ਅਨੁਸਾਰ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦਿਆਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਦੇ ਪਿਤਾ ਕਰਤਾਰ ਸਿੰਘ ਅਤੇ ਸਮੂਹ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣਾ।

ਇਸ ਮੌਕੇ ਉਨ੍ਹਾਂ ਕਿਹਾ ਕਿ ਸਤਿੰਦਰਪਾਲ ਸਿੰਘ ਦੇ ਸੁਰਗਵਾਸ ਹੋਣ ਨਾਲ ਜਿਥੇ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਯੋਧਾ ਵਰਕਰ ਵੀ ਤੁਰ ਗਿਆ ਹੈ। ਆਖਿਰ ਵਿਚ ਕਿਹਾ ਕਿ ਉਨ੍ਹਾਂ ਨੇ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਸਾਥ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਜਥੇਬੰਦਕ ਸਕੱਤਰ ਦਲਬੀਰ ਸਿੰਘ ਜਹਾਂਗੀਰ, ਹਰਦੀਪ ਸਿੰਘ, ਬਲਜੀਤ ਸਿੰਘ, ਰਣਜੀਤ ਸਿੰਘ ਰਾਣਾ, ਗੁਰਪਾਲ ਸਿੰਘ ਪੋਪੀ ਆਦਿ ਹਾਜ਼ਰ ਸਨ।

## ਪਿੰਡ ਬੱਠੇ ਭੈਣੀ ਤੇ ਸੀਤੋ ਨੌ ਆਬਾਦ 'ਚ ਸੱਤ ਰੋਜ਼ਾ ਐੱਨਐੱਸਐੱਸ ਕੈਂਪ ਸ਼ੁਰੂ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਪੱਟੀ ਵਿਖੇ ਕਾਲਜ ਦੇ ਐੱਨਐੱਸਐੱਸ ਯੂਨਿਟ ਵੱਲੋਂ ਸੱਤ ਰੋਜ਼ਾ ਸਪੈਸ਼ਲ ਕੈਂਪ ਦੀ ਸ਼ੁਰੂਆਤ ਕੀਤੀ ਗਈ।

ਕੈਂਪ ਗੋਦ ਲਏ ਪਿੰਡ ਬੱਠੇ ਭੈਣੀ ਤੇ ਸੀਤੋ ਨੌ ਅਬਾਦ ਵਿਖੇ ਸ਼ੁਰੂ ਕੀਤੇ ਗਏ ਜਿਨ੍ਹਾਂ ਵਿੱਚ ਵਲੰਟੀਅਰਾਂ ਵੱਲੋਂ ਪਿੰਡ ਦੇ ਗਰਾਊਂਡਾਂ ਦੀ ਸਫਾਈ ਕੀਤੀ ਗਈ ਅਤੇ ਪੌਦੇ ਲਗਾਏ ਗਏ। ਕਾਲਜ ਦੇ ਪ੍ਰਿੰਸੀਪਲ ਡਾ. ਰਜਿੰਦਰ ਕੁਮਾਰ ਮਰਵਾਹ ਨੇ ਕਿਹਾ ਕਿ ਸਾਨੂੰ ਸਮਾਜਸੇਵੀ ਦੇ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਵਿਦਿਅਰਥੀਆਂ ਵਿੱਚ ਸਮਾਜ ਅਤੇ ਦੇਸ਼ ਸੇਵਾ ਦੀ ਲਗਨ ਪੈਦਾ ਹੁੰਦੀ ਹੈ। ਯੂਨਿਟ ਦੇ ਇੰਚਾਰਜ ਜਸਦੇਵ ਸਿੰਘ ਨੇ ਸੰਬੋਧਨ ਕਰਦਿਆ ਕਿਹਾ ਕਿ ਸਮਾਜ ਸੇਵਾ ਅਤੇ ਵਾਤਾਵਰਨ ਦੀ ਸੰਭਾਲ ਕਰਨੀ ਸਾਡਾ ਸਾਰਿਆਂ ਦਾ ਫਰਜ਼ ਹੈ ਅਤੇ ਇਹ ਨੌਜਵਾਨਾਂ ਨੂੰ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕਰਦਾ ਹੈ। ਇਸ ਮੌਕੇ ਡਾ. ਰਮਨਪ੍ਰੀਤ ਕੌਰ, ਪ੍ਰੋ. ਅਵਤਾਰ ਸਿੰਘ, ਪ੍ਰੋ. ਸਿਮਰਨਜੀਤ ਕੌਰ, ਪ੍ਰੋ. ਕਿਰਨਪ੍ਰੀਤ ਕੌਰ, ਪ੍ਰੋ. ਹੇਮਰਾਜ, ਪ੍ਰੋ. ਪ੍ਰਿਤਪਾਲ ਸਿੰਘ, ਹਰਪ੍ਰੀਤ ਸਿੰਘ, ਹਰਮਨਜੋਤ ਸਿੰਘ, ਗੁਰਵਿੰਦਰ ਸਿੰਘ, ਦਰਸ਼ਨ ਸਿੰਘ, ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।



## ਰੈਡੀਮੇਡ ਕੱਪੜਿਆਂ ਦੀ ਦੁਕਾਨ ਨੂੰ ਅੱਗ ਲੱਗੀ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਇਥੇ ਭੀੜ-ਭੜੱਕੇ ਵਾਲੇ ਦਰਸ਼ਨੀ ਬਾਜ਼ਾਰ ਵਿਚ ਰੈਡੀਮੇਡ ਕੱਪੜਿਆਂ ਵਾਲੀ ਦੁਕਾਨ ਦੀ ਦੂਸਰੀ ਮੰਜ਼ਲ ਵਿਚ ਅੱਗ ਲੱਗ ਗਈ। ਇਸ ਘਟਨਾ ਸਬੰਧੀ ਦੁਕਾਨ ਦੇ ਮਾਲਕ ਸ਼ਹਿਜ਼ਾਦ ਖਾਨ ਨੇ ਦੱਸਿਆ ਕਿ ਦੁਕਾਨ ਨੂੰ ਕਿਰਾਏ ਉੱਪਰ ਲੈ ਕੇ ਰੈਡੀਮੇਡ ਕੱਪੜਿਆਂ ਦਾ ਕੰਮ ਕਰ ਰਿਹਾ ਹੈ। ਅੱਜ ਸਵੇਰੇ ਉਸ ਦੇ ਛੋਟੇ ਲੜਕੇ ਨੇ ਆ ਕੇ ਦੁਕਾਨ ਖੋਲ੍ਹੀ ਤੇ ਥੋੜ੍ਹੀ ਦੇਰ ਬਾਅਦ ਉਸ ਨੇ ਦੱਸਿਆ ਕਿ ਦੁਕਾਨ ਦੀ ਉਪਰਲੀ ਮੰਜ਼ਲ ਵਿਚ ਅੱਗ ਲੱਗ ਗਈ ਹੈ। ਉਨ੍ਹਾਂ ਵੱਲੋਂ ਅੱਗ ਲੱਗਣ ਦੀ ਸੂਚਨਾ ਤੁਰੰਤ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ। ਫਾਇਰ ਬ੍ਰਿਗੇਡ ਨੂੰ ਬਾਜ਼ਾਰ ਵਿਚ ਅੰਦਰ ਆਉਣ ਲੱਗਿਆਂ ਕਾਫੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਫਾਇਰ ਬ੍ਰਿਗੇਡ ਨੇ ਮੌਕੇ ਉੱਤੇ ਪਹੁੰਚ ਕੇ ਅੱਗ ਉਪਰ ਕਾਬੂ ਪਾ ਲਿਆ। ਨਗਰ ਕੌਂਸਲ ਦੇ ਐੱਸਓ ਗਗਨਦੀਪ ਸਿੰਘ ਨੇ ਦੱਸਿਆ ਕਿ ਬਾਜ਼ਾਰ ਵਿੱਚ ਨਾਜਾਇਜ਼ ਕਬਜ਼ਿਆਂ ਕਾਰਨ ਫਾਇਰ ਬ੍ਰਿਗੇਡ ਨੂੰ ਮੌਕੇ ਉਪਰ ਪਹੁੰਚਣ ਵਿਚ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

## ਡਾਇਕਨ ਇੰਡੀਆ ਦੇ ਪ੍ਰੈਜ਼ੀਡੈਂਟ ਤੇ ਐੱਮ ਡੀ ਕੇਜੇ ਜਾਵਾ ਆਰ ਏ ਐੱਮ ਏ ਦੇ ਪ੍ਰਧਾਨ ਚੁਣੇ ਗਏ

ਲੁਧਿਆਣ :ਡਾਇਕਨ ਇੰਡੀਆ ਦੇ ਪ੍ਰੈਜ਼ੀਡੈਂਟ ਅਤੇ ਐਮਡੀ ਕੇਜੇ ਜਾਵਾ ਨੂੰ ਰੈਫ੍ਰੀਜਰੇਸ਼ਨ ਐਂਡ ਏਅਰ ਕੰਡੀਸ਼ਨਿੰਗ ਮੈਨੂਫੈਕਚਰਰਜ਼ ਐਸੋਸੀਏਸ਼ਨ (ਆਰ.ਏ.ਐਮ.ਏ.) ਦੇ ਪ੍ਰਧਾਨ ਦੇ ਰੂਪ ਵਿੱਚ ਨਿਯੁਕਤ ਕੀਤਾ ਗਿਆ ਹੈ। ਆਰ. ਏ. ਐਮ. ਏ. ਭਾਰਤ ਵਿੱਚ ਏਅਰ ਕੰਡੀਸ਼ਨਿੰਗ ਅਤੇ ਰੈਫ੍ਰਿਜਰੇਸ਼ਨ ਉਦਯੋਗ ਦੇ ਨਿਰਮਾਤਾਵਾਂ ਦੀ ਨੁਮਾਇੰਦਗੀ ਕਰਦੀ ਹੈ। ਏਅਰ-ਕੰਡੀਸ਼ਨਿੰਗ ਮੈਨੂਫੈਕਚਰਰਜ਼ ਐਸੋਸੀਏਸ਼ਨ (ਆਰਏਐਮਏ) ਨੇ ਇੱਕ ਅਧਿਕਾਰਤ ਬਿਆਨ ਵਿੱਚ, ਰੈਫ੍ਰੀਜਰੇਸ਼ਨ ਅਤੇ ਕਿਹਾ ਕਿ ਨਵੇਂ ਪ੍ਰਧਾਨ ਦੀ ਅਗਵਾਈ ਵਿੱਚ ਆਰਏਐਮਏ ਏਅਰ ਕੰਡੀਸ਼ਨਰਾਂ ਦੀ ਊਰਜਾ ਕੁਸ਼ਲਤਾ ਵਿੱਚ ਸੁਧਾਰ ਦੇ ਸਬੰਧ ਵਿੱਚ ਭਾਰਤ ਸਰਕਾਰ ਦੇ ਨਾਲ ਕਈ ਪਹਿਲਕਦਮੀਆਂ 'ਤੇ ਵੱਖ-ਵੱਖ ਕਾਰਜ ਬਲਾਂ ਅਤੇ ਕੰਮਾਂ ਦੀ ਸ਼ੁਰੂਆਤ ਕਰੇਗੀ ਅਤੇ ਸੁਰੱਖਿਆ ਅਤੇ ਸਿਹਤ ਵਿੱਚ ਸਹਾਇਤਾ ਕਰਨ ਵਾਲੀਆਂ ਨਵੀਆਂ ਵਿਸ਼ੇਸ਼ਤਾਵਾਂ ਦੇ ਨਾਲ ਵਿਕਲਪਕ ਰੈਫ੍ਰੀਜੈਂਟਸ ਦੀ ਵਰਤੋਂ ਕਰਨ 'ਤੇ ਧਿਆਨ ਦੇਣ ਦੇ ਨਾਲ ਭਾਰਤੀ ਅਤੇ ਵਿਦੇਸ਼ੀ ਬਾਜ਼ਾਰਾਂ ਲਈ ਉਤਪਾਦਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਪੇਸ਼ ਕਰੇਗੀ। ਇਸ ਮੌਕੇ ਬੋਲਦੇ ਹੋਏ ਆਰਏਐਮਏ ਦੇ ਪ੍ਰਧਾਨ ਕੇ. ਜੇ. ਜਾਵਾ ਨੇ ਕਿਹਾ ਕਿ ਮੇਰੀ ਭੂਮਿਕਾ ਭਾਰਤ ਦੇ ਸਥਾਈ ਕੂਲਿੰਗ ਟਰਾਂਜ਼ੀਸ਼ਨ ਵਿੱਚ ਸਹਾਇਤਾ ਕਰਨ ਲਈ ਆਰਏਐਮਏ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਆਰਏਐਮਏ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਰੇਖਾਂਕਿਤ ਕਰੇਗੀ, ਇੰਡੀਆ ਕੂਲਿੰਗ ਐਕਸ਼ਨ ਪਲਾਨ ਦੇ ਟੀਚਿਆਂ ਨੂੰ ਪੂਰਾ ਕਰੇਗੀ।

## ਕਰਮਚਾਰੀ ਦਲ ਵੱਲੋਂ '2023' ਦਾ ਕੈਲੰਡਰ ਜਾਰੀ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਸਬ ਡਵੀਜ਼ਨ ਪਾਵਰਕਾਮ ਝਬਾਲ ਵਿਖੇ ਹਰ ਸਾਲ ਦੀ ਤਰ੍ਹਾਂ ਕਰਮਚਾਰੀ ਦਲ ਵੱਲੋਂ 2023 ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ ਗਿਆ।

ਕੈਲੰਡਰ ਜਾਰੀ ਕਰਨ ਮੌਕੇ ਵਿਸ਼ੇਸ਼ ਤੌਰ 'ਤੇ ਐੱਸਡੀਓ ਨਰਿੰਦਰ ਸਿੰਘ, ਜੇਈ ਸਤਪਿੰਦਰ ਸਿੰਘ, ਜੇਈ ਭੁਪਿੰਦਰ ਸਿੰਘ, ਸਰਕਲ ਸਕੱਤਰ ਚਰਨਜੀਤ ਸਿੰਘ, ਮਨਦੀਪ ਸਿੰਘ, ਮੁਖਤਾਰ ਸਿੰਘ, ਪੁਸ਼ਵਿੰਦਰ ਸਿੰਘ, ਸੁਖਚੈਨ ਸਿੰਘ, ਦਿਲਬਾਗ ਸਿੰਘ, ਬਲਕਾਰ ਸਿੰਘ, ਐੱਸਐੱਸਏ ਜਗਦੀਪ ਸਿੰਘ, ਰਤਨ ਸਿੰਘ, ਧਰਮ ਸਿੰਘ, ਦਲਬੀਰ ਸਿੰਘ, ਦਿਲਬਾਗ ਸਿੰਘ, ਲਖਬੀਰ ਸਿੰਘ, ਜਸਬੀਰ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ ਖਾਲਸਾ, ਨੱਥਾ ਸਿੰਘ, ਤਰਸੇਮ ਸਿੰਘ ਆਦਿ ਕਰਮਚਾਰੀ ਦਲ ਦੇ ਮੈਂਬਰ ਹਾਜ਼ਰ ਸਨ।

## 5 ਫਰਵਰੀ ਦੀ ਪ੍ਰੀਖਿਆ ਰੱਦ ਕੀਤੀ ਜਾਵੇ : ਪੱਲੀ ਝਿੱਕੀ

ਬਹਿਰਾਮ (ਅਵਤਾਰ ਕਲੇਰ) ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਮਿਤੀ 5 ਫਰਵਰੀ 2023 ਨੂੰ ਲਈ ਜਾ ਰਹੀ ਐਨ ਐਮ ਐਮ ਐਸ ਦੀ ਪ੍ਰੀਖਿਆ ਤੁਰੰਤ ਰੱਦ ਕੀਤੀ ਜਾਵੇ ਕਿਉਂਕਿ ਇਸ ਦਿਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਪੂਰੀ ਦੁਨੀਆ ਵਿੱਚ ਧੂਮ ਧਾਮ ਤੇ ਜੋਸ਼ੋ ਖ਼ਰੋਸ਼ ਨਾਲ ਮਨਾਇਆ ਜਾ ਰਿਹਾ ਹੈ ਅਤੇ ਸਕੂਲੀ ਬੱਚੇ ਇਸ ਦਿਨ ਦੀ ਪੂਰਾ ਸਾਲ ਇੰਤਜ਼ਾਰ ਕਰਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਐਸ ਸੀ ਬੀ ਸੀ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਾਮ ਕ੍ਰਿਸ਼ਨ ਪੱਲੀ ਝਿੱਕੀ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਬਹਿਰਾਮ ਵਿਖੇ ਕੀਤਾ। ਉਹਨਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਐਸ ਸੀ ਵਰਗ ਦੀ ਅਬਾਦੀ ਲਗਭਗ 38% ਹੈ ਪਰੰਤੂ ਪੰਜਾਬ ਸਰਕਾਰ ਨੇ ਜਾਣਬੁੱਝ ਕੇ ਇਸ ਦਿਨ ਇਹ ਪ੍ਰੀਖਿਆ ਰੱਖੀ ਹੈ ਜੋ ਕਿ ਨਿੰਦਣਯੋਗ ਹੈ। ਇਸ ਮੌਕੇ ਰਾਮ ਕ੍ਰਿਸ਼ਨ ਪੱਲੀ ਝਿੱਕੀ, ਸੁਰਜੀਤ ਸੈਂਪਲੇ, ਦੇਸ ਰਾਜ ਨੌਰਦ, ਪਰਵਿੰਦਰ ਭੰਗਲ, ਸਤਪਾਲ ਰਟੈਂਡਾ, ਹਰਮੇਸ਼ ਭੂਤ, ਜੋਗਿੰਦਰ ਖਟਕੜ, ਰਾਮ ਲਾਲ, ਧਰਮਪਾਲ ਸੇਵਾ ਮੁਕਤ ਪ੍ਰਿੰਸੀਪਲ, ਰਜਿੰਦਰ ਕੁਮਾਰ, ਨਰੰਜਣਜੋਤ, ਵਰਿੰਦਰ, ਮਨਜਿੰਦਰ ਸਿੰਘ, ਵਿਜੇ ਕੰਗਰੋੜ ਆਦਿ ਹਾਜ਼ਰ ਸਨ।

## 26 ਦੇ ਪ੍ਰੋਗਰਾਮ ਦੀਆਂ ਸਕੂਲਾਂ 'ਚ ਤਿਆਰੀਆਂ ਜ਼ੋਰ-ਸ਼ੋਰ ਨਾਲ ਸ਼ੁਰੂ



ਮਜੀਠਾ (ਸੋਇਮ ਆਨੰਦ)-ਇਸ ਵਾਰ ਮਜੀਠਾ ਵਿਖੇ ਹੋਣ ਵਾਲਾ ਪ੍ਰੋਗਰਾਮ ਯਾਦਗਾਰੀ ਹੋਵੇਗਾ ਕਿਉਂਕਿ ਸਕੂਲਾਂ ਦੇ ਬੱਚਿਆਂ ਵਲੋਂ ਬੜੀ ਲਗਨ ਦੇ ਨਾਲ ਤਿਆਰੀ ਕੀਤੀ ਜਾ ਰਹੀ ਹੈ। ਬੱਚਿਆਂ ਦੇ ਨਾਲ ਸਕੂਲ ਸਟਾਫ ਵਲੋਂ ਵੀ ਬੜੀ ਮਿਹਨਤ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਤਨਜੀਤ ਖੁੱਲਰ ਤਹਿਸੀਲਦਾਰ ਮਜੀਠਾ ਵਲੋਂ ਕੀਤਾ ਗਿਆ। ਉਨ੍ਹਾਂ ਵਲੋਂ ਬੱਚਿਆਂ ਦੀ ਦਾਣਾ ਮੰਡੀ ਮਜੀਠਾ ਵਿਖੇ ਹੋ ਰਹੀ ਰਿਹਰਸਲ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਵਲੋਂ ਕਿਹਾ ਗਿਆ ਕਿ ਇਸ ਵਾਰ ਬੈਂਡ, ਪਰੇਡ ਅਤੇ ਸੱਭਿਆਚਾਰਕ ਪ੍ਰੋਗਰਾਮ ਯਾਦਗਾਰੀ ਹੋਵੇਗਾ।

ਇਸ ਮੌਕੇ ਰਜਿੰਦਰ ਧੀਰ, ਅਮਰਪ੍ਰੀਤ ਸਿੰਘ, ਜੋਗਾ ਸਿੰਘ, ਰਾਮ ਸਰੂਪ, ਕੁਲਦੀਪ ਸਿੰਘ ਕਾਹਲੋਂ, ਰਾਜ ਕੁਮਾਰ ਭੰਡਾਰੀ, ਹਰਦੀਪ ਸਿੰਘ, ਹਰਜਿੰਦਰ ਸਿੰਘ ਜਿੰਦੀ, ਪ੍ਰਭਜੋਤ ਸਿੰਘ, ਸ਼ਿਵ ਵਰਿੰਦਰ ਸਿੰਘ ਅਤੇ ਨਿਤੀਸ਼ ਅਗਨੀਹੋਤਰੀ ਹਾਜ਼ਰ ਸਨ।

## ਚਰਨਜੀਤ ਸਿੰਘ ਨਾਭਾ ਦਾ ਸ਼ਰਧਾਂਜਲੀ ਸਮਾਗਮ ਅੱਜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਫ਼ੋਕਲੋਰ ਰਿਸਰਚ ਅਕਾਦਮੀ (ਰਜਿ.) ਅੰਮ੍ਰਿਤਸਰ ਦੇ ਚੇਅਰਮੈਨ ਡਾ. ਚਰਨਜੀਤ ਸਿੰਘ ਨਾਭਾ ਪਿਛਲੇਂ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਹ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਡਿਪਟੀ ਡਾਇਰੈਕਟਰ (ਰਿਟਾ.) ਰਹੇ ਸਨ। ਉਹ ਵਾਤਾਵਰਣ ਪ੍ਰੇਮੀ ਹੋਣ ਦੇ ਨਾਲ ਨਾਲ ਇਕ ਬੁੱਧੀਜੀਵੀ, ਸਮਾਜ ਸੇਵਕ, ਲੇਖਕ ਅਤੇ ਪੰਜ ਪਾਣੀ ਮੈਗਜ਼ੀਨ ਦੇ ਸੰਪਾਦਕ ਵੀ ਸਨ। ਫ਼ੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਵੱਲੋਂ ਡਾ. ਚਰਨਜੀਤ ਸਿੰਘ ਨਾਭਾ ਦੀ ਯਾਦ 'ਚ ਸਮਰਪਿਤ ਇਕ ਸ਼ਰਧਾਂਜਲੀ ਸਮਾਗਮ ਦਾ ਆਯੋਜਨ ਮਿਤੀ 18 ਜਨਵਰੀ, ਬਾਅਦ ਦੁਪਹਿਰ 3 ਵਜੇ, ਵਿਰਸਾ ਵਿਹਾਰ ਵਿਖੇ ਕੀਤਾ ਜਾ ਰਿਹਾ ਹੈ। ਇਸ ਸਬੰਧਤ ਅਕਾਦਮੀ ਵੱਲੋਂ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਸਮਾਗਮ ਵਿੱਚ ਫ਼ੋਕਲੋਰ ਰਿਸਰਚ ਅਕਾਦਮੀ ਦੀ ਸਮੁੱਚੀ ਟੀਮ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਆਗੂ, ਕੁੱਲ ਹਿੰਦ ਕਿਸਾਨ ਸਭਾ ਪੰਜਾਬ ਦੇ ਆਗੂ, ਪੰਜਾਬ ਕਿਸਾਨ ਯੂਨੀਅਨ ਦੇ ਆਗੂ, ਡੈਮੋਕਰੇਟਿਕ ਟੀਚਰ ਐਸੋਸੀਏਸ਼ਨ ਦੇ ਆਗੂ, ਇਟਕ ਪੰਜਾਬ ਦੇ ਆਗੂ, ਸਾਫ਼ਮਾ ਦੇ ਜ਼ਿਲ੍ਹਾ ਆਗੂ, ਪ੍ਰਗਤੀਸ਼ੀਲ ਲੇਖਕ ਸੰਘ (ਅੰਮ੍ਰਿਤਸਰ ਇਕਾਈ) ਦੇ ਮੈਂਬਰ ਸ਼ਰਧਾਂਜਲੀ ਅਰਪਿਤ ਕਰਨਗੇ। ਇਸ ਮੀਟਿੰਗ ਵਿੱਚ ਅਕਾਦਮੀ ਦੇ ਪ੍ਰਧਾਨ ਰਮੇਸ਼ ਯਾਦਵ, ਜਨਰਲ ਸਕੱਤਰ ਸਤੀਸ਼ ਝੀਂਗਣ, ਕਮਲ ਗਿੱਲ, ਦਿਲਬਾਗ ਸਿੰਘ ਸਰਕਾਰੀਆ, ਗੁਰਜਿੰਦਰ ਸਿੰਘ ਬਘਿਆੜੀ, ਕਮਲਜੀਤ ਕੌਰ ਜੱਸਲ, ਹਰਜੀਤ ਸਿੰਘ ਸਰਕਾਰੀਆ, ਪਵਨ ਤਲਵਾਰ, ਹਰੀਸ਼ ਸਾਬਰੀ, ਮਨਜੀਤ ਸਿੰਘ ਧਾਲੀਵਾਲ, ਸੁਖਪਾਲ ਸਿੰਘ ਅਤੇ ਜਗਰੂਪ ਸਿੰਘ ਐਮਾ ਹਾਜ਼ਰ ਸਨ।

## ਪਾਬੰਦੀ ਦੇ ਬਾਵਜੂਦ ਭਿੱਖੀਵਿੰਡ 'ਚ ਧੜੱਲੇ ਨਾਲ ਵਿਕੀ ਚਾਇਨਾ ਡੋਰ

### ਖਾਨਾਪੂਰਤੀ ਲਈ ਪੁਲਸ ਨੇ ਇੱਕ ਦੋ ਵਾਰ ਹੀ ਕੀਤੀ ਬਜ਼ਾਰ 'ਚ ਚੈਕਿੰਗ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਾਵੇਂ ਡੀਜੀਪੀ ਪੰਜਾਬ ਵੱਲੋਂ ਪੁਲਸ ਅਫਸਰਾਂ ਨੂੰ ਇਲਾਕੇ ਵਿੱਚ ਚਾਇਨਾ ਡੋਰ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਗਏ ਸਨ, ਪ੍ਰੰਤੂ ਲੋਹੜੀ ਤੇ ਮਾਘੀ ਦੇ ਤਿਓਹਾਰ ਮੌਕੇ ਪਤੰਗਬਾਜ਼ੀ ਲਈ ਵਰਤੀ ਜਾਂਦੀ ਖੂਨੀ ਚਾਇਨਾ ਡੋਰ ਦੀ ਵਿਕਰੀ ਭਿੱਖੀਵਿੰਡ 'ਚ ਧੜੱਲੇ ਨਾਲ ਹੋਈ। ਭਿੱਖੀਵਿੰਡ ਅਤੇ ਆਸਪਾਸ ਦੇ ਪਿੰਡਾਂ 'ਚ 90 ਫੀਸਦੀ ਪਤੰਗਾਂ ਰਵਾਇਤੀ ਧਾਗਾ ਡੋਰ ਦੀ ਥਾਂ ਚਾਈਨਾ ਡੋਰ ਨਾਲ ਉੱਡਦੀਆਂ ਦੇਖੀਆਂ ਗਈਆਂ।

ਜ਼ਿਕਰਯੋਗ ਹੈ ਕਿ ਚਾਇਨਾ ਡੋਰ ਦੇ ਨਾਮ ਨਾਲ ਜਾਣੀ ਜਾਂਦੀ ਇਹ ਸਿੰਥੈਟਿਕ ਡੋਰ ਜਿਸ ਦਾ ਜ਼ਿਆਦਾਤਰ ਨਿਰਮਾਣ ਸੂਬੇ ਦੀਆਂ ਫੈਕਟਰੀਆਂ 'ਚ ਹੀ ਹੁੰਦਾ ਹੈ, ਪਤੰਗਬਾਜ਼ੀ ਲਈ ਨਹੀਂ ਬਲਕਿ ਫੈਕਟਰੀਆਂ ਤੇ ਮਿੱਲਾਂ ਦੇ ਕੰਮਾਂ 'ਚ ਵਰਤਣ ਲਈ ਬਣਾਈ ਜਾਂਦੀ ਹੈ, ਪਰ ਇਹ ਡੋਰ ਹਰ ਵਾਰ ਲੋਹੜੀ, ਮਾਘੀ ਤੇ ਬਸੰਤ ਦੇ ਤਿਉਹਾਰ ਤੋਂ ਪਹਿਲਾਂ ਹੀ ਕੁਝ ਲਾਲਚੀ ਲੋਕਾਂ ਵੱਲੋਂ ਘਰਾਂ 'ਤੇ ਦੁਕਾਨਦਾਰਾਂ ਅੰਦਰ ਸਟੋਰ ਕਰ ਲਈ ਜਾਂਦੀ ਹੈ।

ਇੱਥੇ ਇਹ ਦੱਸਣਾ ਬੇਹੱਦ ਜ਼ਰੂਰੀ ਹੈ ਕਿ ਇਸ ਵਾਰ ਲੋਹੜੀ 'ਤੇ ਚਾਇਨਾ ਡੋਰ ਦਾ ਗੱਟੂ ਪਹਿਲਾਂ ਦੇ ਮੁਕਾਬਲੇ ਦੁੱਗਣੀਆਂ ਕੀਮਤਾਂ 'ਤੇ ਵਿਕਿਆ। ਉੱਧਰ ਜੇਕਰ ਸਰਕਾਰ ਦੀ ਗੱਲ ਕੀਤੀ ਜਾਵੇ ਤਾਂ ਚਾਇਨਾ ਡੋਰ ਨਾਲ ਕਈ ਵਾਰ ਹਾਦਸੇ ਵਾਪਰਨ ਦੀਆਂ ਖਬਰਾਂ ਨਸ਼ਰ ਹੋਣ ਉਪਰੰਤ ਹਰ ਸਾਲ ਹੀ ਇਸ ਡੋਰ 'ਤੇ ਸਰਕਾਰ ਵੱਲੋਂ ਪਾਬੰਧੀ ਲਾਈ ਜਾਂਦੀ ਹੈ, ਪਰ ਪਾਬੰਦੀ ਦੇ ਬਾਵਜੂਦ ਵੀ ਇਹ ਚਾਇਨਾ ਡੋਰ ਹਰ ਵਾਰ ਧੜੱਲੇ ਨਾਲ ਵਿਕਦੀ ਹੈ। ਸੂਬੇ ਦੀ ਸੱਤਾ 'ਤੇ ਕਾਬਜ਼ 'ਆਪ' ਸਰਕਾਰ ਪਾਸੋਂ ਲੋਕਾਂ ਨੂੰ ਆਸ ਸੀ ਕਿ ਸ਼ਾਇਦ ਮਾਨ ਸਰਕਾਰ ਚਾਇਨਾ ਡੋਰ 'ਤੇ ਰੋਕ ਲਾਉਣ 'ਚ ਸਫਲ ਸਾਬਤ ਹੋਵੇਗੀ, ਪਰ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਸਿੰਥੈਟਿਕ ਡੋਰ ਬਾਜ਼ਾਰਾਂ ਵਿਚ ਸ਼ਰੇਆਮ ਵਿਕਦੀ ਨਜ਼ਰ ਆਈ। ਹੁਣ ਏਥੇ ਸਵਾਲ ਇਹ ਉੱਠਦਾ ਹੈ ਕਿ ਕੀ ਸਰਕਾਰ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸਿਰਫ ਨੋਟਿਸ ਜਾਰੀ ਕਰਨ ਦੀ ਹੀ ਹੈ? ਹਰ ਸਾਲ ਹਜ਼ਾਰਾਂ ਪੰਛੀਆਂ ਨੂੰ ਮੌਤ ਦੇਣ ਵਾਲੀ ਇਸ ਡੋਰ ਦੀ ਵਿਕਰੀ ਤੇ ਕਦੋਂ ਕਾਬੂ ਪਾਵੇਗੀ ਸਰਕਾਰ?

ਇਸ ਗੰਭੀਰ ਮਾਮਲੇ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੇ ਜ਼ਿਲ੍ਹਾ ਤਰਨਤਾਰਨ ਤੋਂ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਕਿਹਾ ਕਿ ਜੇਕਰ ਸਰਕਾਰ ਚਾਇਨਾ ਡੋਰ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣਾ ਚਾਹੁੰਦੀ ਹੈ ਤਾਂ ਇਸ ਦੀ ਵਿਕਰੀ ਕਰਦੇ ਫੜੇ ਜਾਣ ਵਾਲੇ ਵਿਅਕਤੀ ਖਿਲਾਫ ਧਾਰਾ 302 ਤਹਿਤ ਪਰਚਾ ਦਰਜ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਚਾਇਨਾ ਡੋਰ ਕਾਰਨ ਹਰ ਸਾਲ ਅਨੇਕ ਭਿਆਨਕ ਹਾਦਸੇ ਵਾਪਰਦੇ ਹਨ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਨੂੰ ਅਪੀਲ ਕੀਤੀ ਕਿ ਚਾਇਨਾ ਡੋਰ ਦੀ ਵਿਕਰੀ 'ਤੇ ਪਾਬੰਦੀ ਲਾਉਣ ਲਈ ਸਖਤ ਕਦਮ ਚੁੱਕੇ ਜਾਣ ਤਾਂ ਜੋ ਜਾਨਵਰਾਂ ਅਤੇ ਇਨਸਾਨਾਂ ਦੀਆਂ ਜ਼ਿੰਦਗੀਆਂ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ।

ਇਸ ਮਾਮਲੇ ਸੰਬੰਧੀ ਗੱਲਬਾਤ ਕਰਦਿਆਂ ਐਂਟੀ ਡਰੱਗ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਮਨਾਵਾਂ ਨੇ ਕਿਹਾ ਕਿ ਸੂਬੇ ਅੰਦਰ ਨਸ਼ਿਆ ਵਾਂਗ ਇਸ ਖੂਨੀ ਡੋਰ ਨੇ ਆਪਣਾ ਕਹਿਰ ਮਚਾਇਆ ਹੋਇਆ ਹੈ, ਜਿਸ ਨੂੰ ਰੋਕਣ ਵਿੱਚ ਪੁਲਸ ਪ੍ਰਸ਼ਾਸਨ ਅਸਮਰੱਥ ਨਜ਼ਰ ਆ ਰਿਹਾ ਹੈ।

ਉਨ੍ਹਾਂ ਮੁੱਖ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਕਿ ਇਸ ਮਾਮਲੇ ਸੰਬੰਧੀ ਸਰਕਾਰ ਗੰਭੀਰਤਾ ਨਾਲ ਵਿਚਾਰ ਕਰਕੇ ਇਸ ਖੂਨੀ ਡੋਰ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਵੇ।

## ਸਰਹੱਦੀ ਪਿੰਡ ਸ਼ਹੂਰ ਕਲਾਂ ਵਿਖੇ ਮਿਸ਼ਨ 'ਆਬਾਦ' ਤਹਿਤ ਲੱਗਾ ਵਿਸ਼ੇਸ਼ ਕੈਂਪ

### ਲੋਕਾਂ ਨੇ ਵੱਖ-ਵੱਖ ਭਲਾਈ ਯੋਜਨਾਵਾਂ ਦਾ ਉਠਾਇਆ ਭਰਪੂਰ ਲਾਭ



ਧਾਰੀਵਾਲ, ਕਲਾਨੌਰ (ਮਨਦੀਪ ਸਿੰਘ ਵਿੱਕੀ/ਕੋਹਲੀ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਹੇਠ ਅੱਜ ਕਲਾਨੌਰ ਬਲਾਕ ਦੇ ਸਰਹੱਦੀ ਪਿੰਡ ਸ਼ਹੂਰ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਮਿਸ਼ਨ 'ਆਬਾਦ' (ਐਬਸੀਲਿਊਟ ਬਾਰਡਰ ਏਰੀਆ ਡਿਵੈਲਪਮੈਂਟ) ਤਹਿਤ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸ਼ਹੂਰ ਕਲਾਂ ਤੋਂ ਇਲਾਵਾ ਸਰਹੱਦੀ ਪਿੰਡ ਦੋਸਤਪੁਰ, ਕਮਾਲਪੁਰ ਜੱਟਾਂ, ਕੂਕਰ ਛੋਡ, ਛੋਹਣ ਅਤੇ ਚੌੜ ਕਲਾਂ ਦੇ ਵਸਨੀਕਾਂ ਨੇ ਵੱਡੀ ਗਿਣਤੀ ਵਿੱਚ ਭਾਗ ਲੈ ਕੇ ਸਰਕਾਰ ਦੀਆਂ ਵੱਖ-ਵੱਖ ਭਲਾਈ ਯੋਜਨਾਵਾਂ ਦਾ ਲਾਭ ਪ੍ਰਾਪਤ ਕੀਤਾ। ਕੈਂਪ ਦੌਰਾਨ ਬੀਐੱਸਐੱਫ ਅਤੇ ਪੰਜਾਬ ਪੁਲਸ ਦੇ ਅਧਿਕਾਰੀਆਂ ਵੱਲੋਂ ਸਰਹੱਦੀ ਖੇਤਰ ਦੇ ਨੌਜਵਾਨਾਂ ਨੂੰ ਬੀਐੱਸਐੱਫ, ਪੰਜਾਬ ਪੁਲਸ, ਭਾਰਤੀ ਫੌਜ ਅਤੇ ਹੋਰ ਸੁਰੱਖਿਆ ਫੋਰਸਾਂ ਵਿੱਚ ਭਰਤੀ ਹੋਣ ਦੀ ਜਾਣਕਾਰੀ ਦੇਣ ਦੇ ਨਾਲ ਉਨ੍ਹਾਂ ਨੂੰ ਸੁਰੱਖਿਆ ਬਲਾਂ ਵਿੱਚ ਭਰਤੀ ਹੋਣ ਲਈ ਪ੍ਰੇਰਿਤ ਕੀਤਾ ਗਿਆ। ਕੈਂਪ ਦੌਰਾਨ ਸਿਹਤ ਵਿਭਾਗ ਵੱਲੋਂ ਮੁਫ਼ਤ ਮੈਡੀਕਲ ਕੈਂਪ ਵੀ ਲਗਾਇਆ ਗਿਆ।

ਪਿੰਡ ਸ਼ਹੂਰ ਕਲਾਂ ਵਿਖੇ ਮਿਸ਼ਨ ਆਬਾਦ ਤਹਿਤ ਲੱਗੇ ਕੈਂਪ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮਿਸ਼ਨ ਆਬਾਦ ਦਾ ਮੁੱਖ ਮਕਸਦ ਸਰਹੱਦੀ ਪਿੰਡਾਂ ਦਾ ਸਰਬਪੱਖੀ ਵਿਕਾਸ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਖੇਤਰ ਦੇ ਵਸਨੀਕਾਂ ਤੱਕ ਸਰਕਾਰ ਦੀਆਂ ਸਾਰੀਆਂ ਭਲਾਈ ਯੋਜਨਾਵਾਂ ਦਾ ਲਾਭ ਪਹੁੰਚੇ ਅਤੇ ਸਰਹੱਦੀ ਪਿੰਡ ਵਿਕਾਸ ਪੱਖੋਂ ਕਿਸੇ ਵੀ ਤਰ੍ਹਾਂ ਘੱਟ ਨਾ ਰਹਿਣ, ਇਸ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਐਬਸੀਲਿਊਟ ਬਾਰਡਰ ਏਰੀਆ ਡਿਵੈਲਪਮੈਂਟ' ਮਿਸ਼ਨ (ਆਬਾਦ) ਤਹਿਤ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ। ਉਨਾਂ ਕਿਹਾ ਕਿ ਆਬਾਦ ਕੈਂਪਾਂ ਦੌਰਾਨ ਜ਼ਿਲ੍ਹੇ ਦੇ ਸਾਰੇ ਸਰਹੱਦੀ ਪਿੰਡ ਕਵਰ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀਆਂ ਵੱਲੋਂ ਜ਼ਿਲ੍ਹੇ ਦੇ ਬਾਕੀ ਪਿੰਡਾਂ ਵਿੱਚ ਵੀ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨਾਂ ਕੈਂਪਾਂ ਦੌਰਾਨ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ ਤੇ ਸ਼ਿਕਾਇਤਾਂ ਦੇ ਹੱਲ ਲਈ ਡਿਪਟੀ ਕਮਿਸ਼ਨਰ ਦਫ਼ਤਰ ਵੱਲੋਂ ਬਕਾਇਦਾ ਪੈਰਵੀ ਕੀਤੀ ਜਾਂਦੀ ਹੈ ਅਤੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਲੋਕਾਂ ਦੀਆਂ ਮੁਸ਼ਕਲਾਂ ਦਾ ਜਲਦ ਤੋਂ ਜਲਦ ਨਿਪਟਾਰਾ ਹੋ ਸਕੇ। ਸਰਹੱਦੀ ਪਿੰਡਾਂ ਦੇ ਵਸਨੀਕਾਂ ਨਾਲ ਗੱਲ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਆਪਣੇ ਦੇਸ਼ ਨੂੰ ਗੁਆਂਢੀ ਮੁਲਕ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰਨ ਲਈ ਬੀਐੱਸਐੱਫ ਦੇ ਨਾਲ ਸਰਹੱਦੀ ਲੋਕਾਂ ਦੀ ਵੀ ਅਹਿਮ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਕਿਹਾ ਕਿ ਡਰੋਨ ਗਤੀਵਿਧੀਆਂ ਪ੍ਰਤੀ ਸਰਹੱਦੀ ਲੋਕਾਂ ਨੂੰ ਵਿਸ਼ੇਸ਼ ਚੌਕਸੀ ਵਰਤਣੀ ਚਾਹੀਦੀ ਹੈ ਅਤੇ ਕਿਸੇ ਵੀ ਪ੍ਰਕਾਰ ਦੀ ਗਲਤ ਗਤੀਵਿਧੀ ਦਾ ਪਤਾ ਚੱਲਣ 'ਤੇ ਬੀਐੱਸਐੱਫ ਤੇ ਪੁਲਸ ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਕੈਂਪ ਵਿੱਚ ਪਹੁੰਚੇ ਸਕੂਲ ਦੇ ਵਿਦਿਆਰਥੀਆਂ ਅਤੇ ਸਰਹੱਦੀ ਪਿੰਡਾਂ ਦੇ ਨੌਜਵਾਨਾਂ ਨੂੰ ਦੇਸ਼ ਸੇਵਾ ਲਈ ਅੱਗੇ ਆ ਕੇ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉੱਘੇ ਜਨਤਕ ਆਗੂ ਗੁਰਦੀਪ ਸਿੰਘ ਰੰਧਾਵਾ ਨੇ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮਿਸ਼ਨ 'ਅਬਾਦ' ਤਹਿਤ ਸਰਹੱਦੀ ਪਿੰਡਾਂ ਵਿੱਚ ਲਗਾਏ ਜਾ ਰਹੇ ਵਿਸ਼ੇਸ਼ ਕੈਂਪ ਲਈ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਦਾ ਆਮ ਲੋਕਾਂ ਨੂੰ ਬਹੁਤ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਸਰਕਾਰੀ ਕੰਮ ਲੋਕਾਂ ਨੂੰ ਗੁਰਦਾਸਪੁਰ ਜਾ ਕੇ ਕਰਾਉਣੇ ਪੈਣੇ ਸਨ ਉਹ ਕੰਮ ਅੱਜ ਉਨ੍ਹਾਂ ਦੇ ਪਿੰਡ ਵਿੱਚ ਹੀ ਹੋ ਗਏ ਹਨ, ਜਿਸ ਨਾਲ ਲੋਕਾਂ ਦੇ ਸਮੇਂ ਤੇ ਪੈਸੇ ਦੀ ਬੱਚਤ ਹੋਈ ਹੈ। ਆਬਾਦ ਕੈਂਪ ਦੌਰਾਨ ਐੱਸਡੀਐੱਮ ਕਲਾਨੌਰ ਅਮਨਦੀਪ ਕੌਰ ਘੁੰਮਣ, ਬੀਡੀਪੀਓ ਕਲਾਨੌਰ ਅਮਨਦੀਪ ਕੌਰ, ਐੱਸਐੱਮਓ ਡਾ. ਲਖਵਿੰਦਰ ਸਿੰਘ ਅਠਵਾਲ, ਨਾਇਬ ਤਹਿਸੀਲਦਾਰ ਕਲਾਨੌਰ ਕਮਲਜੀਤ, ਡੇਅਰੀ ਵਿਭਾਗ ਤੋਂ ਕੁਲਵਿੰਦਰਬੀਰ ਸਿੰਘ ਰੰਧਾਵਾ, ਰੋਜ਼ਗਾਰ ਦਫ਼ਤਰ ਤੋਂ ਚਾਂਦ ਠਾਕੁਰ, ਮੰਡੀ ਇੰਸਪੈਕਟਰ ਚਰਨਜੀਤ ਸਿੰਘ ਘੁੰਮਣ, ਫੂਡ ਸਪਲਾਈ ਇੰਸਪੈਕਟਰ ਕਿਰਨ ਕੁਮਾਰ, ਹੈਲਥ ਇੰਸਪੈਕਟਰ ਦਿਲਬਾਗ ਸਿੰਘ ਸੰਧੂ, ਪਸ਼ੂ ਪਾਲਣ ਵਿਭਾਗ ਤੋਂ ਡਾ. ਰਣਵਿਜੇ ਸਿੰਘ, ਲੋਕ ਨਿਰਮਾਣ ਵਿਭਾਗ ਤੋਂ ਅਨਿਲ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# 28ਵਾਂ ਸਵ.ਸਤਨਾਮ ਸਿੰਘ ਰੰਧਾਵਾ ਖੇਡ ਮੇਲਾ, ਸੱਭਿਆਰਕ ਤੇ ਸਨਮਾਨ ਸਮਾਗਮ ਸੰਪੰਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਸੰਘੇ ਖ਼ਾਲਸਾ ਇੰਟਰਨੈਸ਼ਲ ਬਾਬਾ ਸ਼ਹੀਦਾਂ ਇੰਟਰਨੈਸ਼ਨਲ ਸੁਸਾਇਟੀ ਸਰੀ ਬੀ.ਸੀ. ਕਨੇਡਾ, ਸੰਘੇ ਖ਼ਾਲਸਾ ਓਵਰਸੀਜ਼ ਵੈਲਫੇਅਰ ਕਮੇਟੀ (ਰਜਿ.) ਸੰਘੇ ਖ਼ਾਲਸਾ ਅਤੇ ਗੁਰੂ ਨਾਨਕ ਖੇਡ ਅਤੇ ਸਾਹਿਤਕ ਅਕਾਡਮੀ ਸੰਘੇ ਖ਼ਾਲਸਾ ਵਲੋਂ ਕਰਵਾਇਆ ਗਿਆ ਸਾਲਾਨਾ 28ਵਾਂ ਤਿੰਨ ਰੋਜ਼ਾ ਸਵ.ਸਤਨਾਮ ਸਿੰਘ ਰੰਧਾਵਾ ਸੱਭਿਆਚਾਰਕ ਤੇ ਸਨਮਾਨ ਸਮਾਗਮ ਸਫ਼ਲਤਾ ਦੇ ਨਵੇਂ ਆਯਾਮ ਸਿਰਜਦਾ ਹੋਇਆ ਸੰਪੰਨ ਹੋਇਆ। ਬਾਬੇ ਸ਼ਹੀਦਾਂ ਦੇ ਅਸਥਾਨ 'ਤੇ ਪਹਿਲੇ ਦਿਨ ਕੋਚ ਨਗਿੰਦਰ ਸਿੰਘ ਦੀ ਅਗਵਾਈ ਵਿਚ ਕਰਾਸ ਕੰਟਰੀ ਅਤੇ ਦੂਜੇ ਦਿਨ ਵਾਲੀਬਾਲ ਦੇ ਮੁਕਾਬਲੇ ਕਰਵਾਏ ਗਏ। ਇਸ ਖੇਡ ਮੇਲੇ ਦਾ ਉਦਘਾਰਨ ਏਸ਼ੀਅਨ ਮੈਡਟਲਿਸਟ ਸੁੱਚਾ ਸਿੰਘ ਨੇ ਕੀਤਾ ਅਤੇ ਦੂਜੇ ਦਿਨ ਹਲਕਾ ਐਮ ਐਲ ਏ ਬੀਬੀ ਇੰਦਰਜੀਤ ਕੌਰ ਮਾਨ ਅਤੇ ਸਾਬਕਾ ਐਮ ਐਲ ਏ ਗੁਰਪ੍ਰਤਾਪ ਸਿੰਘ ਵਡਾਲਾ ਨੇ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ। ਇਨ੍ਹਾਂ ਮੁਕਾਬਲਿਆਂ ਵਿਚ ਵਾਲੀਬਾਲ (ਲੜਕੇ, ਓਪਨ) ਨੂਰਮਹਿਲ ਦੀ ਟੀਮ ਨੇ ਪਹਿਲਾ ਸਥਾਨ ਹਾਸਿਲ ਕੀਤਾ ਅਤੇ ਦੂਜਾ ਸਥਾਨ ਬਿਲਗਾ ਦੀ ਟੀਮ ਨੇ ਹਾਸਿਲ ਕੀਤਾ। ਲੜਕੀਆਂ ਦੇ ਹੋਏ ਮੁਕਾਬਲਿਆਂ (ਓਪਨ) ਵਿਚ ਪਹਿਲਾ ਸਥਾਨ ਕੇ ਐਮ ਵੀ ਕਾਲਜ ਜਲੰਧਰ ਦੀ ਟੀਮ ਨੇ ਅਤੇ ਦੂਜਾ ਸਥਾਨ ਫ਼ਰੀਦਕੋਟ ਏ ਅਤੇ ਤੀਜਾ ਸਥਾਨ ਫ਼ਰੀਦਕੋਟ ਬੀ ਦੀ ਟੀਮ ਨੇ ਲਿਆ।ਵਾਲੀਬਾਲ ਲੜਕੇ ਅੰਡਰ 17 ਸਾਲ ਵਿਰਕਾਂ ਦੀ ਟੀਮ ਨੇ ਪਹਿਲਾ ਅਤੇ ਦਿਆਲਪੁਰ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਕਰਾਸ ਕੰਟਰੀ (ਤਿੰਨ ਕਿਲੋਮੀਟਰ) ਦੇ ਹੋਏ ਮੁਕਾਲਬਿਆਂ ਵਿਚ ਪ੍ਰਭਜੋਤ, ਸਚਿਨ ਤੇ ਅੰਕਿਤ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ। ਲੜਕੀਆਂ 'ਚੋਂ ਲਕਸ਼ਮੀ, ਰਾਜਵਿੰਦਰ ਤੇ ਹਰਮਨ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਕਰਾਸ ਕੰਟਰੀ (8 ਕਿਲੋਮੀਟਰ) 'ਚੋਂ ਦੀਪਕ, ਆਕਾਸ਼ ਤੇ ਸ਼ਰਨ ਨੇ ਲ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਜਦਕਿ ਲੜਕੀਆਂ 'ਚੋਂ ਪਲਕ, ਸੰਦੀਪ ਤੇ ਸਿਮਰਨ ਨੇ ਕ੍ਰਮਵਾਰ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕੀਤੀਆਂ। ਪਿੰਡ ਦੀ ਪੰਚਾਇਤ ਵਲੋਂ ਜੇਤੂਆਂ ਨੂੰ ਇਨਾਮ ਵੰਡੇ ਗਏ।

ਇਸ ਮੇਲੇ ਦੇ ਤੀਜੇ ਦਿਨ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਵਾਏ ਗਏ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਉਪਰੰਤ ਵੱਖ ਵੱਖ ਸਕੂਲਾਂ ਕਾਲਜਾਂ ਤੋਂ ਆਏ ਵਿਦਿਆਰਥੀਆਂ, ਪ੍ਰਿੰਸੀਪਲ ਸਾਹਿਬਾਨ ਪ੍ਰਾਧਿਆਪਕਾਂ ਨਾਲ ਖ਼ਚਾਖਚ ਭਰੇ ਪੰਡਾਲ ਵਿਚ ਇਹ ਸਮਾਗ਼ਮ ਸ਼ੁਰੂ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਸੀਨੀਅਰ ਪੱਤਰਕਾਰ ਜਤਿੰਦਰ ਪੰਨੂੰ ਨੇ ਕੀਤੀ ਜਦਕਿ ਉਨ੍ਹਾਂ ਦੇ ਨਾਲ ਇੰਜ.ਸ਼ੀਤਲ ਸਿੰਘ ਸੰਘਾ, ਡਾ. ਸੁਖਵਿੰਦਰ ਕੌਰ ਸੰਘਾ ਵਿਸ਼ੇਸ਼ ਮਹਿਮਾਨਾਂ ਵਜੋਂ ਪ੍ਰਧਾਨਗੀ ਮੰਡਲ ਵਿਚ ਸ਼ੁਸ਼ੋਭਿਤ ਸਨ। ਸੇਵਾਮੁਕਤ ਜ਼ਿਲ੍ਹਾ ਸਿੱਖਿਆ ਅਫ਼ਸਰ ਕੁਲਵਿੰਦਰ ਸਿੰਘ ਸਰਾਏ ਵਿਦੇਸ਼ ਵਿਚ ਹੋਣ ਕਰ ਕੇ ਉਨ੍ਹਾਂ ਦੀ ਥਾਂ ਉਨ੍ਹਾਂ ਦੇ ਸਪੁੱਤਰ ਅੰਮ੍ਰਿਤ ਸਿੰਘ ਸਰਾਏ ਹਾਜ਼ਰ ਸਨ। ਸਰਵ ਪ੍ਰਥਮ ਕਮੇਟੀ ਦੇ ਐਕਟਿਵ-ਮੈਂਬਰ ਨਿਰਮਲ ਸਿੰਘ ਸੰਘਾ ਨੇ ਸਭ ਨੂੰ ਰਸਮੀਂ ਜੀ ਆਇਆਂ ਨੂੰ ਆਖਿਆ। ਉਨ੍ਹਾਂ ਤੋਂ ਬਾਅਦ ਸਵ.ਸਤਨਾਮ ਸਿੰਘ ਰੰਧਾਵਾ ਯਾਦਗਾਰੀ ਪੁਰਸਕਾਰ ਲਈ ਚੁਣੇ ਗਏ ਪ੍ਰਸਿੱਧ ਢਾਡੀ ਦੇਸ ਰਾਜ ਲਸ਼ਕਾਨੀ ਤੇ ਉਨ੍ਹਾਂ ਦੇ ਪੁੱਤਰ ਸੁਰਜੀਤ ਖ਼ਾਨ ਤੇ ਪੋਤਰੇ ਮਿੱਠਾ ਵਲੋਂ ਜੋੜੇ ਦੀ ਕਲੀ ਪੁਰਾਤਨ ਰਾਗ ਵਿਚ ਗਾ ਕੇ ਵਾਹ ਵਾਹ ਲੁੱਟੀ ਗਈ। ਉਨ੍ਹਾਂ ਤੋਂ ਬਾਅਦ ਮਾਨਵਤਾ ਕਲਾ ਮੰਚ ਨਗਰ ਦੀ ਟੀਮ ਵਲੋਂ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ ਹੇਠ ਕੋਰੀਓਗ੍ਰਾਫ਼ੀ ਅਤੇ ਚਿੜੀਆਂ ਦਾ ਚੰਬਾ ਨਾਟਕ ਪੇਸ਼ ਕੀਤਾ ਗਿਆ। ਜਤਿੰਦਰ ਪੰਨੂੰ ਨੇ ਜਿੱਥੇ ਪਿੰਡ ਸੰਘੇ ਖ਼ਾਲਸਾ ਦੇ ਰੰਧਾਵਾ ਪਰਵਾਰ ਵਲੋਂ ਪਿੰਡ ਦੇ ਵਿਕਾਸ ਵਿਚ ਪਾਏ ਯੋਗਦਾਨ ਦੀ ਸਰਾਹਨਾ ਕੀਤੀ ਉੱਥੇ ਸਮੁੱਚੇ ਨਗਰ ਦੀ ਪੰਚਾਇਤ ਅਤੇ ਸਮੂੰਹ ਨਗਰ ਨਿਵਾਸੀਆਂ ਨੂੰ ਵੀ ਪਿੰਡ ਦੇ ਵਿਕਾਸ ਲਈ ਵਧਾਈ ਦਿੱਤੀ। ਇੰਜ.ਸ਼ੀਤਲ ਸਿੰਘ ਸੰਘਾ ਅਤਟ ਡਾ.ਸੁਖਵਿੰਦਰ ਕੌਰ ਸੰਘਾ ਨੇ ਵੀ ਪਿੰਡ ਨਿਵਾਸੀਆਂ ਨੂੰ ਸਮਾਗਮ ਦੀ ਸਫ਼ਲਤਾ ਦੀ ਵਧਾਈ ਦਿੱਤੀ। ਦੇਸ ਰਾਜ ਲਸ਼ਕਾਨੀ ਨੂੰ ਸਵ. ਸਤਨਾਮ ਸਿੰਘ ਰੰਧਾਵਾ ਯਾਦਗਾਰੀ ਸਨਮਾਨ ਵਿਚ ਗਿਆਰਾਂ ਹਜ਼ਾਰ ਰੁਪਏ, ਇਕ ਲੋਈ ਅਤੇ ਸ਼ੋਭਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਉਪਰੰਤ ਵੱਖ ਵੱਖ ਸਕੂਲਾਂ ਕਾਲਜਾਂ ਤੋਂ ਆਏ ਲਗਪਗ ਦੋ ਸੌ ਹੁਸ਼ਿਆਰ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਪਿੱਛਲੇ ਸਾਲ ਹੋਏ ਸਾਹਿਤ ਰੀਵਿਊ ਲੇਖਨ ਮੁਕਾਬਲੇ ਦੇ ਕ੍ਰਮਵਾਰ ਪਹਿਲੇ ਤਿੰਨ ਜੇਤੂ ਵਿਦਿਆਰਥੀਆਂ ਨੂੰ ਅੱਠ ਹਜ਼ਾਰ,ਸੱਤ ਹਜ਼ਾਰ, ਛੇ ਹਜ਼ਾਰ ਅਤੇ ਵੀਹ ਵਿਦਿਆਰਥੀਆਂ ਨੂੰ ਦੋ ਦੋ ਹਜ਼ਾਰ ਰੁਪਏ ਦੇ ਇਨਾਮ ਦਿੱਤੇ ਗਏ। ਸਮਾਗ਼ਮ ਵਿਚ ਡਾ. ਹਰਨੇਕ ਸਿੰਘ ਹੇਅਰ ਵਲੋਂ ਲਿਖੀਆਂ ਅਤੇ ਅਲਖ ਪ੍ਰਕਾਸ਼ਨ ਵਲੋਂ ਪ੍ਰਕਾਸ਼ਿਤ ਦੋ ਪੁਸਤਕਾਂ ਸ਼ਾਹਣੀ ਕੌਲਾਂ ਅਤੇ ਲੜੀ ਦਾ ਰਾਗ ਭਾਗ ਦੂਜਾ ਪ੍ਰਧਾਨਗੀ ਮੰਡਲ ਵਲੋਂ ਰੀਲੀਜ਼ ਕੀਤੀਆਂ ਗਈਆਂ। ਇਸ ਸਮਾਗ਼ਮ ਵਿਚ ਗੁਰੂ ਨਾਨਕ ਖੇਡ ਅਤੇ ਸਾਹਿਤਕ ਅਕਾਡਮੀ ਸੰਘੇ ਖ਼ਾਲਸਾ ਦੇ ਸੰਚਾਲਕ ਨਗਿੰਦਰ ਸਿੰਘ ਅਤੇ ਜੇਤੂ ਅਥਲੀਟਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿਚ ਗੁਰਦੀਪ ਸਿੰਘ ਗੋਲੀ (ਯੂ.ਕੇ.) ਸ਼੍ਰੀਮਤੀ ਸੰਤੋਖ ਸੰਘਾ(ਕਨੇਡਾ) ਜਸਪਾਲ ਸਿੰਘ(ਯੂ.ਕੇ.), ਸੁਖਵਿੰਦਰ ਸਿੱਧੂ, ਰਾਜ ਸਿੱਧੂ, ਰਾਕੇਸ਼ ਕੁਮਾਰ, ਸੁਖਵਿੰਦਰ ਸਿੰਘ ਇਟਲੀ, ਗੁਰਸ਼ਰਨ ਸਿੰਘ ਸੰਘਾ ( ਸਫ਼ਰ ਰੇਡੀਓ ਕਨੇਡਾ) ਰਜਿੰਦਰ ਸਿੰਘ ਡੀ ਐੱਸ ਪੀ, ਦੀਪਾ ਥੰਮਣਵਾਲ, ਦੀਪਾ ਪੁਰੇਵਾਲ, ਜਸਵਿੰਦਰ ਕੌਰ ਸਰਪੰਚ, ਚਰਨ ਸਿੰਘ ਚੇਅਰਮੈਨ, ਪ੍ਰਸਿੱਧ ਸ਼ਾਇਰ ਸੰਤ ਸਿੰਘ ਸੰਧੂ, ਡਾ.ਜਗਤਾਰ ਸਿੰਘ ਸੰਘਾ, ਬਹਾਦਰ ਸਿੰਘ ਸ਼ਾਦੀਪੁਰ, ਨਿਰਮਲ ਸਿੰਘ ਸ਼ਾਦੀਪੁਰ ਆਦਿ ਹਾਜ਼ਰ ਸਨ। ਮੰਚ ਦਾ ਸੰਚਾਲਨ ਪ੍ਰਸਿੱਧ ਸ਼ਾਇਰ ਡਾ.ਰਾਮ ਮੂਰਤੀ ਨੇ ਬੜੇ ਹੀ ਭਾਵਪੂਰਤ ਅੰਦਾਜ਼ ਵਿਚ ਕੀਤਾ।

# ਵਟਸਐਪ ਹੈਂਗ ਕਰਕੇ ਲੋਕਾਂ ਤੋਂ ਠੱਗੇ ਜਾ ਰਹੇ ਲੱਖਾਂ ਰੁਪਏ

**ਫਿਲੌਰ (ਨਿਰਮਲ)**-ਇੱਥੇ ਜਸਵਿੰਦਰ ਸਿੰਘ ਸਿੱਧੂ ਵਾਸੀ ਕੈਨੇਡਾ ਨੇ ਦੱਸਿਆ ਕਿ ਇੱਕ ਦਿਨ ਉਨ੍ਹਾਂ ਨੂੰ ਕਿਸੇ ਅਣਪਛਾਤੇ ਵਿਅਕਤੀ ਦਾ ਫੋਨ ਵੱਟਸਐਪ 'ਤੇ ਆਇਆ, ਜਿਸ ਨੂੰ ਮੈਂ ਚੁੱਕ ਲਿਆ। ਪਰ ਮੈਨੂੰ ਕੀ ਪਤਾ ਸੀ ਕਿ ਉਸ ਨੇ ਮੇਰਾ ਵੱਟਸਐਪ ਹੀ ਹੈਂਗ ਕਰ ਲੈਣਾ। ਉਸ ਦਿਨ ਤੋਂ ਬਾਅਦ ਮੇਰੇ ਵੱਟਸਐਪ ਤੋਂ ਮੈਸੇਜ ਮੇਰੇ ਯਾਰਾਂ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ ਜਾਣ ਲੱਗ ਪਏ। ਮੈਸੇਜ 'ਚ ਉਸ ਵੱਲੋਂ ਬੈਂਕ ਖਾਤਾ ਨੰਬਰ ਦੇ ਕੇ ਪੈਸੇ ਪਾਉਣ ਨੂੰ ਕਿਹਾ। ਮੇਰੇ ਵੱਟਸਐਪ ਤੋਂ ਮੈਸੇਜ ਸੀ ਇਸ ਲਈ ਹਰ ਇੱਕ ਵਿਅਕਤੀ ਨੇ ਸਮਝਿਆ ਕਿ ਮੈਂ ਮੈਸੇਜ ਕੀਤਾ, ਜਿਸ ਕਰਕੇ ਕਈ ਯਾਰਾਂ ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਪੈਸੇ ਉਨ੍ਹਾਂ ਖਾਤਿਆਂ ਵਿੱਚ ਪਾ ਦਿੱਤੇ। ਜਿਸ ਕਾਰਨ ਉਕਤ ਠੱਗ ਵਿਅਕਤੀ 5 ਤੋਂ ਲੈ ਕੇ 6 ਲੱਖ ਰੁਪਏ ਖਾਤਿਆਂ ਰਾਹੀਂ ਹੜੱਪ ਕਰ ਚੁੱਕਾ ਹੈ। ਬਾਕੀ ਹੌਲੀ ਹੌਲੀ ਪਤਾ ਲੱਗ ਰਿਹਾ ਹੈ ਕਿ ਹੋਰ ਕਿਸ ਕਿਸ ਨੂੰ ਮੈਸੇਜ ਪਾਏ ਹਨ ਅਤੇ ਉਨ੍ਹਾਂ ਨੇ ਵੀ ਪੈਸੇ ਖਾਤੇ 'ਚ ਪਾਏ ਹਨ। ਜਸਵਿੰਦਰ ਸਿੰਘ ਸਿੱਧੂ ਵੱਲੋਂ ਵੱਟਸਐਪ ਚਲਾਉਣ ਵਾਲਿਆਂ ਨੂੰ ਸਾਵਧਾਨ ਹੋਣ ਦੀ ਅਪੀਲ ਕੀਤੀ ਕਿ ਜਿਸ ਤਰ੍ਹਾਂ ਮੇਰੇ ਨਾਲ ਹੋਇਆ ਹੈ ਹੋਰ ਕਿਸੇ ਨਾਲ ਨਾ ਹੋਵੇ।

# 'ਆਪ' ਜਨਰਲ ਸਕੱਤਰ ਨੇ ਪਾਰਟੀ ਦੇ ਮੰਤਰੀਆਂ, ਵਿਧਾਇਕਾਂ ਤੇ ਕੌਂਸਲਰਾਂ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਸੰਗਠਨ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਡਾ: ਸੰਦੀਪ ਪਾਠਕ ਨੇ ਸੋਮਵਾਰ ਨੂੰ ਚੰਡੀਗੜ੍ਹ ਸਥਿਤ ਪਾਰਟੀ ਦਫਤਰ ਵਿਖੇ ਪਾਰਟੀ ਦੇ ਸਾਰੇ ਚੁਣੇ ਹੋਏ ਕੌਂਸਲਰਾਂ, ਵਿਧਾਇਕਾਂ ਅਤੇ ਮੰਤਰੀਆਂ ਨਾਲ ਅਹਿਮ ਮੀਟਿੰਗ ਕੀਤੀ ਅਤੇ ਅੱਗੇ ਦੀਆਂ ਰਣਨੀਤੀਆਂ 'ਤੇ ਵਿਚਾਰ ਵਟਾਂਦਰਾ ਕੀਤਾ। ਮੀਟਿੰਗ ਦੌਰਾਨ ਸਮੂਹ ਕੌਂਸਲਰਾਂ, ਵਿਧਾਇਕਾਂ ਅਤੇ ਮੰਤਰੀਆਂ ਤੋਂ ਇਕ-ਇਕ ਕਰਕੇ ਸੁਝਾਅ ਲਏ ਗਏ ਅਤੇ ਪੰਜਾਬ ਦੇ ਸਾਰੇ 117 ਹਲਕਿਆਂ ਵਿਚ ਪਾਰਟੀ ਨੂੰ ਬੂਥ ਪੱਧਰ 'ਤੇ ਮਜਬੂਤ ਕਰਨ ਲਈ ਰਣਨੀਤੀ ਉਲੀਕੀ ਗਈ। ਜਥੇਬੰਦੀ ਦੀ ਮਜਬੂਤੀ ਤੋਂ ਇਲਾਵਾ ਆਗੂਆਂ ਤੇ ਵਰਕਰਾਂ ਵਿੱਚ ਤਾਲਮੇਲ ਵਧਾਉਣ ਬਾਰੇ ਵੀ ਚਰਚਾ ਕੀਤੀ ਗਈ। ਮੀਟਿੰਗ ਤੋਂ ਬਾਅਦ ਮੀਡੀਆ ਨੂੰ ਜਾਰੀ ਆਪਣੇ ਬਿਆਨ ਵਿੱਚ ਡਾ: ਸੰਦੀਪ ਪਾਠਕ ਨੇ ਕਿਹਾ ਕਿ ਸਥਾਨਕ ਸਰਕਾਰ ਲੋਕਤੰਤਰ ਦੀ ਨੀਂਹ ਹੈ। ਇਸ ਤੋਂ ਬਿਨਾਂ ਲੋਕਤੰਤਰ ਸਫਲ ਨਹੀਂ ਹੋ ਸਕਦਾ। ਅਸੀਂ ਮੌਜੂਦਾ ਪ੍ਰਣਾਲੀ ਵਿੱਚ ਸੁਧਾਰ ਕਰਕੇ ਸਥਾਨਕ ਸਰਕਾਰਾਂ ਨੂੰ ਵਧੇਰੇ ਸੁਤੰਤਰ ਅਤੇ ਮਜਬੂਤ ਬਣਾਵਾਂਗੇ। ਪੰਜਾਬ ਦੀ 'ਆਪ' ਸਰਕਾਰ ਦੀ ਸ਼ਲਾਘਾ ਕਰਦਿਆਂ ਡਾ: ਪਾਠਕ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਬਹੁਤ ਵਧੀਆ ਕੰਮ ਕਰ ਰਹੀ ਹੈ। ਮਾਨ ਸਰਕਾਰ ਨੇ ਬਹੁਤ ਹੀ ਥੋੜੇ ਸਮੇਂ ਵਿੱਚ ਕਈ ਇਤਿਹਾਸਕ ਫੈਸਲੇ ਲਏ ਜਿਨ੍ਹਾਂ ਦਾ ਆਮ ਲੋਕਾਂ ਦੇ ਜੀਵਨ 'ਤੇ ਚੰਗਾ ਪ੍ਰਭਾਵ ਪਿਆ। ਅਸੀਂ ਰਲ ਮਿਲ ਕੇ ਹੋਰ ਚੰਗੇ ਕੰਮ ਕਰਨੇ ਹਨ ਅਤੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਰਹੇ ਹਾਂ। ਉਨ੍ਹਾਂ ਭਰੋਸਾ ਦਿੱਤਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੀ ਹਰ ਗਰੰਟੀ ਨੂੰ ਪੂਰਾ ਕਰੇਗੀ। ਅਸੀਂ ਸਿਰਫ ਆਪਣੀਆਂ ਗਾਰੰਟੀਆਂ ਹੀ ਨਹੀਂ ਪੂਰੀਆਂ ਕਰਾਂਗੇ ਬਲਕਿ ਗਾਰੰਟੀਆਂ ਤੋਂ ਵੀ ਵੱਧ ਕੰਮ ਕਰਾਂਗੇ। ਦਿੱਲੀ ਦੀ ਅਰਵਿੰਦ ਕੇਜਰੀਵਾਲ ਸਰਕਾਰ ਨੇ ਅਜਿਹਾ ਕਰਕੇ ਦਿਖਾਇਆ ਹੈ। ਪੰਜਾਬ ਸਰਕਾਰ ਦੇ ਮੰਤਰੀ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ ਮੀਤ ਹੇਅਰ, ਅਮਨ ਅਰੋੜਾ, ਹਰਜੋਤ ਬੈਂਸ, ਕੁਲਦੀਪ ਧਾਲੀਵਾਲ, ਡਾ: ਬਲਜੀਤ ਕੌਰ, ਹਰਭਜਨ ਸਿੰਘ ਈ.ਟੀ.ਓ., ਲਾਲਚੰਦ ਕਟਾਰੂਚੱਕ, ਲਾਲਜੀਤ ਸਿੰਘ ਭੁੱਲਰ, ਬ੍ਰਹਮ ਸੰਕਰ ਜਿੰਪਾ, ਡਾ: ਇੰਦਰਬੀਰ ਸਿੰਘ ਨਿੱਝਰ, ਡਾ: ਬਲਬੀਰ, ਚੇਤਨ ਸਿੰਘ ਜੋੜਾਮਾਜਰਾ, ਅਨਮੋਲ ਗਗਨ ਮਾਨ ਸਮੇਤ ਪਾਰਟੀ ਦੇ ਸਮੂਹ ਵਿਧਾਇਕ ਮੀਟਿੰਗ ਵਿੱਚ ਹਾਜਰ ਸਨ। ਇਸ ਮੌਕੇ 'ਆਪ' ਪੰਜਾਬ ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੀ ਮੌਜੂਦ ਰਹੇ।



# ਐਲ ਪੀ ਯੂ ਦੀ ਮਹਿਲਾ ਟੀਮ ਨੇ ਜੂਡੋ ਚੈਂਪੀਅਨਸ਼ਿਪ ਟਰਾਫੀ ਜਿੱਤੀ



**ਜਲੰਧਰ (ਸ਼ੈਲੀ ਅਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਨੇ ਇਸ ਸਾਲ ਵੀ ਮਹਿਲਾ ਵਰਗ 'ਚ ਇਕ ਵਾਰ ਫਿਰ ਆਲ ਇੰਡੀਆ ਇੰਟਰ ਯੂਨੀਵਰਸਿਟੀ ਜੂਡੋ ਚੈਂਪੀਅਨਸ਼ਿਪ ਟਰਾਫੀ ਆਪਣੇ ਨਾਂਅ ਕਰ ਲਈ ਹੈ। ਪੰਜ ਦਿਨਾਂ ਚੈਂਪੀਅਨਸ਼ਿਪ ਦਾ ਆਯੋਜਨ ਐਲਪੀਯੂ ਦੇ ਇਨਡੋਰ ਸਟੇਡੀਅਮ ਵਿੱਚ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ (ਏ.ਆਈ.ਯੂ.) ਦੀ ਅਗਵਾਈ ਵਿੱਚ ਕੀਤਾ ਗਿਆ। ਕੁਝ ਦਿਨ ਪਹਿਲਾਂ ਐਲਪੀਯੂ ਨੂੰ ਪੁਰਸ਼ ਵਰਗ ਵਿੱਚ ਵੀ ਚੈਂਪੀਅਨ ਐਲਾਨਿਆ ਗਿਆ ਸੀ। ਇਸ ਦੇ ਲਈ ਦੇਸ਼ ਭਰ ਦੀਆਂ 144 ਯੂਨੀਵਰਸਿਟੀਆਂ ਦੇ 691 ਜੂਡੋਕਾ ਵਿਦਿਆਰਥੀਆਂ ਨੇ ਸੱਤ ਭਾਰ ਵਰਗਾਂ ਤਹਿਤ ਕਰਵਾਏ ਮੁਕਾਬਲਿਆਂ ਵਿੱਚ ਭਾਗ ਲਿਆ। ਜਦੋਂ ਕਿ ਐਲਪੀਯੂ ਨੇ ਚੈਂਪੀਅਨਸ਼ਿਪ ਟਰਾਫੀ ਜਿੱਤੀ; ਜੀਐਨਡੀਯੂ ਅੰਮ੍ਰਿਤਸਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ; ਅਤੇ ਰਬਿੰਦਰਨਾਥ ਟੈਗੋਰ ਯੂਨੀਵਰਸਿਟੀ ਭੋਪਾਲ ਤੀਜੇ ਸਥਾਨ 'ਤੇ ਹੈ। ਜ਼ੋਰਦਾਰ ਪ੍ਰਦਰਸ਼ਨ ਕਰਦੇ ਹੋਏ, ਐਲਪੀਯੂ ਦੇ ਖਿਡਾਰੀਆਂ ਨੇ ਸਾਰੇ ਪ੍ਰਤੀਯੋਗੀਆਂ ਵਿੱਚੋਂ ਸਿਖਰ 'ਤੇ ਘੋਸ਼ਿਤ ਹੋਣ ਲਈ ਵੱਖਰੇ ਤੌਰ 'ਤੇ, ਪੰਜ ਸ਼੍ਰੇਣੀਆਂ ਵਿੱਚ 2 ਸੋਨੇ, 2 ਚਾਂਦੀ ਅਤੇ ਇੱਕ 7ਵੇਂ ਸਥਾਨ ਸਮੇਤ ਚਾਰ ਤਗਮੇ ਜਿੱਤੇ। ਮੁਕਾਬਲੇ 78+ ਕਿਲੋ, -78 ਕਿਲੋ, -70 ਕਿਲੋ, -63 ਕਿਲੋ, -57 ਕਿਲੋ, -52 ਕਿਲੋ ਅਤੇ -48 ਕਿਲੋਗ੍ਰਾਮ ਦੇ ਭਾਰ ਵਰਗ ਵਿੱਚ ਕਰਵਾਏ ਗਏ। ਐਲਪੀਯੂ ਜੂਡੋਕਾ ਪ੍ਰਿਯੰਕਾ ਅਤੇ ਅਮੀਸਾ ਨੇ 52 ਕਿਲੋਗ੍ਰਾਮ ਅਤੇ 78 ਕਿਲੋਗ੍ਰਾਮ ਤੋਂ ਘੱਟ ਵਰਗ ਵਿੱਚ 'ਗੋਲਡ' ਜਿੱਤਿਆ; ਅੰਤਿਮ ਯਾਦਵ ਅਤੇ ਸਨੇਹਾ ਚੌਹਾਨ ਨੇ 48 ਕਿਲੋਗ੍ਰਾਮ ਅਤੇ 57 ਕਿਲੋ ਤੋਂ ਘੱਟ ਵਿੱਚ 'ਸਿਲਵਰ' ਜਿੱਤਿਆ; ਅਤੇ ਤਲਹਾ ਨੇ 63 ਕਿਲੋਗ੍ਰਾਮ ਤੋਂ ਘੱਟ ਵਿੱਚ ਕ੍ਰਮਵਾਰ 7ਵਾਂ ਸਥਾਨ ਪ੍ਰਾਪਤ ਕੀਤਾ। ਐਲਪੀਯੂ ਦੀ ਪ੍ਰੋ-ਚਾਂਸਲਰ ਸ੍ਰੀਮਤੀ ਰਸਮੀ ਮਿੱਤਲ ਨੇ ਜੇਤੂਆਂ ਨੂੰ ਵਧਾਈ ਦਿੱਤੀ, ਅਤੇ ਉਨ੍ਹਾਂ ਨੂੰ ਆਪਣਾ, ਯੂਨੀਵਰਸਿਟੀ ਅਤੇ ਦੇਸ਼ ਦਾ ਨਾਂਅ ਰੌਸ਼ਨ ਕਰਨ ਲਈ ਹੋਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਜਿੱਤਾਂ ਲਈ ਯਤਨਸ਼ੀਲ ਰਹਿਣ ਲਈ ਪ੍ਰੇਰਿਤ ਕੀਤਾ।

# ਸੂਬਾ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ 'ਚ ਅੱਜ ਕਾਲਜ ਬੰਦ ਰਹਿਣਗੇ : ਸੇਖੋਂ

**ਮਾਹਿਲਪੁਰ, (ਸਫਰੀ)**- ਗੈਰ ਸਰਕਾਰੀ ਸਹਾਇਤਾ ਪ੍ਰਾਪਤ ਕਾਲਜਿਜ ਫੈਡਰੇਸ਼ਨ,ਪ੍ਰਿੰਸੀਪਲ ਐਸੋਸੀਏਸ਼ਨ ਅਤੇ ਪੰਜਾਬੀ ਐਂਡ ਚੰਡੀਗੜ੍ਹ ਕਾਲਜ ਟੀਚਰਜ਼ ਯੂਨੀਅਨ ਦੀ ਸਾਂਝੀ ਐਕਸ਼ਨ ਕਮੇਟੀ ਦੇ ਸੱਦੇ 'ਤੇ ਪੰਜਾਬ ਸਰਕਾਰ ਦੀਆਂ ਉੱਚ ਸਿੱਖਿਆ ਪ੍ਰਤੀ ਕਥਿਤ ਕੋਝੀਆਂ ਨੀਤੀਆਂ ਦੇ ਵਿਰੋਧ ਵਿੱਚ 18 ਜਨਵਰੀ ਨੂੰ ਸੂਬੇ ਭਰ ਦੇ ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ ਨੂੰ ਤਾਲੇ ਲਗਾ ਕੇ ਬੰਦ ਰੱਖਿਆ ਜਾਵੇਗਾ। ਇਸ ਬਾਰੇ ਗੱਲ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਪੀਸੀਸੀਟੀਯੂ ਯੂਨਿਟ ਦੇ ਪ੍ਰਧਾਨ ਡਾ. ਜੇ ਬੀ ਸੇਖੋਂ, ਸਕੱਤਰ ਡਾ. ਵਰਿੰਦਰ ਕੁਮਾਰ, ਪ੍ਰੋ ਜਸਵਿੰਦਰ ਸਿੰਘ, ਪ੍ਰੋ ਦੇਵ ਕੁਮਾਰ ਅਤੇ ਹੋਰ ਅਹੁਦੇਦਾਰਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਆਪਣੇ ਪੱਖਪਾਤੀ ਤੇ ਮਨਮਾਨੇ ਫੈਸਲੇ ਤਹਿਤ ਕਾਲਜਾਂ ਵਿੱਚ ਕੇਂਦਰੀਕ੍ਰਿਤ ਦਾਖਲਾ ਪੋਰਟਲ ਲਾਗੂ ਕਰਨ, ਅਧਿਆਪਕਾਂ ਦੀ ਸੇਵਾ ਮੁਕਤੀ ਦੀ ਉਮਰ 60 ਸਾਲ ਤੋਂ ਘਟਾ ਕੇ 58 ਸਾਲ ਕਰਨ, ਸਰਕਾਰੀ ਸਹਾਇਤਾ ਰਾਸ਼ੀ ਨੂੰ 95 ਫੀਸਦੀ ਤੋਂ 75 ਫੀਸਦੀ ਕਰਨ ਸਮੇਤ ਅਧਿਆਪਕਾਂ ਦੇ ਸੇਵਾ ਨਿਯਮਾਂ ਨਾਲ ਛੇੜਛਾੜ ਕਰਕੇ ਆਪਣਾ ਉਚੇਰੀ ਸਿੱਖਿਆ ਵਿਰੋਧੀ ਚਿਹਰਾ ਦਿਖਾਉਣਾ ਸ਼ੁਰੂ ਕੀਤਾ ਹੋਇਆ ਹੈ ਜਿਸਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਨੇਕਾਂ ਕਾਲਜਾਂ ਵਿੱਚ ਅਧਿਆਪਕਾਂ ਨੂੰ 58 ਸਾਲ ਦੀ ਉਮਰ 'ਤੇ ਜਬਰੀ ਸੇਵਾ ਮੁਕਤ ਕਰਨ ਵਰਗੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ ਜੋ ਕਿ ਕਾਲਜ ਅਧਿਆਪਕਾਂ ਦੇ ਸੇਵਾ ਨਿਯਮਾਂ ਨਾਲ ਸਿੱਧਾ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਉਚੇਰੀ ਸਿੱਖਿਆ ਦਾ ਘਾਣ ਕਰਨ ਵੱਲ ਤੁਰੀ ਹੋਈ ਹੈ ਜਿਸ ਕਰਕੇ ਅੱਜ ਜਿੱਥੇ ਸੂਬੇ ਦੇ ਕਾਲਜ ਵਿੱਤੀ ਸੰਕਟਾਂ ਨਾਲ ਜੂਝ ਰਹੇ ਹਨ ਉੱਥੇ ਹੀ ਅਧਿਆਪਕਾਂ ਦੇ ਸੇਵਾ ਨਿਯਮਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਆਉਂਦੇ ਦਿਨ੍ਹਾਂ ਵਿੱਚ ਪੰਜਾਬ ਅਤੇ ਚੰਡੀਗੜ੍ਹ ਦੇ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ ਵੱਲੋਂ ਸਖ਼ਤ ਸੰਘਰਸ਼ ਵਿੱਢਿਆ ਜਾ ਰਿਹਾ ਹੈ।

## ਜਨਮ ਦਿਨ ਮੁਬਾਰਕ



ਹਰਜੋਧ ਸਿੰਘ, ਹੁਸ਼ਿਆਰਪੁਰ

## ਸ਼ਹਿਰਨਾਈਆਂ



ਨਰਿੰਦਰ ਸਿੰਘ ਬੱਡਲਾ ਤੇ ਮਨਦੀਪ ਕੌਰ ਵਾਸੀ ਬੱਡਲਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣੇ ਵਿਆਹ ਦੀ 13ਵੀਂ ਵਰ੍ਹੇਗੰਢ ਮਨਾਈ।

# ਰੁੜਕਾ ਕਲਾਂ ਵਿਖੇ ਚੈਰੀਟੇਬਲ ਹਸਪਤਾਲ ਦਾ ਉਦਘਾਟਨ 24 ਨੂੰ




**ਗੁਰਾਇਆ,(ਬਿੰਦਰ ਸੁੰਮਨ)**-ਬਾਬਾ ਚਿੰਤਾ ਭਗਤ ਜੀ ਬਾਬਾ ਅਮੀ ਚੰਦ ਜੀ ਚੈਰੀਟੇਬਲ ਟਰੱਸਟ ਰੁੜਕਾ ਕਲਾਂ ਵਲੋਂ ਚੈਰੀਟੇਬਲ ਹਸਪਤਾਲ ਦੀ ਨਵੀਂ ਬਣੀ ਬਿਲਡਿੰਗ ਦਾ ਉਦਘਾਟਨ 24 ਜਨਵਰੀ ਨੂੰ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਟਰੱਸਟ ਦੇ ਮੈਂਬਰਾਂ ਨੇ ਕਿਹਾ ਕਿ ਟਰੱਸਟ ਵਲੋ ਐਨ ਆਰ ਵੀਰਾਂ ਦੇ ਸਹਿਯੋਗ ਨਾਲ ਹਸਪਤਾਲ ਦੀ ਬਿਲਡਿੰਗ ਬਣਾਉਣ ਦਾ ਕਾਰਜ ਆਰੰਭ ਕੀਤਾ ਗਿਆ ਸੀ, ਬਿਲਡਿੰਗ ਮੁਕੰਮਲ ਹੋਣ 'ਤੇ 24 ਜਨਵਰੀ ਨੂੰ ਸੰਤ ਮਹਾਪੁਰਸ਼ਾਂ ਕੋਲੋਂ ਉਦਘਾਟਨ ਕਰਵਾ ਕੇ ਸੰਗਤਾਂ ਦੇ ਹਵਾਲੇ ਕੀਤਾ ਜਾਵੇਗਾ। ਉਨਾਂ ਸਹਿਯੋਗੀ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਟਰੱਸਟ ਪ੍ਰਧਾਨ ਨਰਿੰਦਰ ਸਿੰਘ, ਪਰਮਜੀਤ ਸਿੰਘ, ਸਰਬਜੀਤ ਸਿੰਘ,ਗੁਰਪ੍ਰੀਤ ਸਿੰਘ, ਗੁਰਨਿੰਦਰਪ੍ਰੀਤ ਸਿੰਘ, ਗੁਰਵਿੰਦਰ ਸਿੰਘ ਭੀਮਾ, ਕਸ਼ਮੀਰ ਸਿੰਘ, ਸੁਖਦੀਪ ਸਿੰਘ, ਹਰਜੀਤ ਸਿੰਘ, ਬਲਵੀਰ ਸਿੰਘ, ਮਾਸਟਰ ਰਮੇਸ਼ ਗੌਤਮ, ਸੁਖਦੇਵ ਸਿੰਘ, ਗੁਰਨੇਕ ਸਿੰਘ ਤੋ ਇਲਾਵਾ ਕਮੇਟੀ ਮੈਂਬਰ ਹਾਜ਼ਰ।

# ਪੰਜ ਮਹੀਨਿਆਂ ਤੋਂ ਤਨਖਾਹਾਂ ਲਈ ਤਰਸ ਰਹੇ ਅਧਿਆਪਕ : ਕਮਲ

**ਫਿਲੌਰ (ਨਿਰਮਲ, ਬੀ ਐਸ ਕੈਨੇਡੀ)**

ਅਧਿਆਪਕਾਂ ਦੇ ਮਸਲਿਆਂ ਦੇ ਹੱਲ ਵਾਸਤੇ ਗੌਰਮਿੰਟ ਟੀਚਰਜ ਯੂਨੀਅਨ ਬਲਾਕ ਫਿਲੌਰ ਵਲੋਂ ਬਲਾਕ ਸਿੱਖਿਆ ਅਫਸਰ ਫਿਲੌਰ ਦੇ ਨਾਂਅ 'ਤੇ ਮੰਗ ਪੱਤਰ ਦਿੱਤਾ ਗਿਆ। ਇਸ ਸਮੇਂ ਬਲਾਕ ਦੇ ਅਹੁਦੇਦਾਰਾਂ ਸਮੇਤ ਭਾਰੀ ਗਿਣਤੀ ਵਿੱਚ ਅਧਿਆਪਕ ਹਾਜਰ ਸਨ ਜਿਹਨਾਂ ਦੀ ਅਗਵਾਈ ਬਲਾਕ ਪ੍ਰਧਾਨ ਮੰਗਤ ਰਾਮ ਸਮਰਾ ਨੇ ਕੀਤੀ। ਇਸ ਸਮੇਂ ਆਗੂਆਂ ਨੇ ਦੋਸ਼ ਲਗਾਇਆ ਕਿ ਨਵੇਂ ਭਰਤੀ 6635 ਦੇ ਅਧਿਆਪਕਾਂ ਨੂੰ ਪੰਜ ਮਹੀਨਿਆਂ ਤੋਂ ਬਜਟ ਹੋਣ ਦੇ ਬਾਵਜੂਦ ਤਨਖਾਹਾਂ ਤੋਂ ਵਾਂਝੇ ਰੱਖਿਆ ਜਾ ਰਿਹਾ ਹੈ ਤੇ ਦਫਤਰ ਵਲੋਂ ਅਸਿੱਧੇ ਤੌਰ 'ਤੇ ਭ੍ਰਿਸ਼ਟਾਚਾਰ ਕੀਤਾ ਜਾ ਰਿਹਾ ਹੈ। ਇਸ ਸਮੇਂ ਗੌਰਮਿੰਟ ਟੀਚਰਜ ਯੂਨੀਅਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਕਿਹਾ ਕਿ ਅਗਰ ਮੰਗ ਪੱਤਰ ਵਿੱਚ ਦਰਜ ਮੰਗਾਂ ਤੇ ਜਲਦੀ ਗੌਰ ਨਾ ਕੀਤਾ ਗਿਆ ਤਾਂ ਜਲਦੀ ਹੀ ਬਲਾਕ ਪ੍ਰਾਇਮਰੀ ਸਿੱਖਿਆ ਦਫਤਰ ਫਿਲੌਰ ਦਾ ਘਿਰਾਓ ਕੀਤਾ ਜਾਵੇਗਾ। ਇਸ ਸਮੇਂ ਕਮਲ ਭਾਰਦਵਾਜ ਨੇ ਕਿਹਾ ਕਿ ਤਨਖਾਹਾਂ ਤੋਂ ਵਾਂਝੇ ਹੋਣ ਕਾਰਨ ਉਹਨਾਂ ਦਾ ਗੁਜਾਰਾ ਬੜਾ ਮੁਸ਼ਕਿਲ ਹੋ ਗਿਆ ਹੈ। ਇਸ ਸਮੇਂ ਬਲਾਕ ਸਕੱਤਰ ਰਾਜ ਕੁਮਾਰ ਤੇ ਪ੍ਰੈਸ ਸਕੱਤਰ ਸਰਬਜੀਤ ਢੇਸੀ ਨੇ ਮੰਗਾਂ ਬਾਰੇ ਜਿਕਰ ਕਰਦਿਆਂ ਕਿਹਾ ਕਿ ਅਧਿਆਪਕਾਂ ਦੀਆਂ ਤਨਖਾਹਾਂ ਸਮੇਂ ਸਿਰ ਕਢਵਾਈਆਂ ਜਾਣ, ਬਲਾਕ ਦਫਤਰ ਫਿਲੌਰ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਜਾਵੇ, ਡੈਪੂਟੇਸਨ ਡਿਊਟੀਆਂ ਤੇ ਸਰਪਲੱਸ ਅਧਿਆਪਕਾਂ ਦੀਆਂ ਸੇਵਾਵਾਂ ਲਈਆਂ ਜਾਣ, 30 ਬੱਚਿਆਂ ਦੀ ਗਿਣਤੀ ਤੋਂ ਵੱਧ ਸਿੰਗਲ ਟੀਚਰ ਸਕੂਲਾਂ ਵਿੱਚ ਹੋਰ ਅਸਾਮੀਆਂ ਬਾਰੇ ਵਿਭਾਗ ਨੂੰ ਲਿਖਿਆ ਜਾਵੇ, ਅਧਿਆਪਕਾਂ ਦੇ ਸੀ ਪੀ ਐਫ ਕਟੌਤੀ ਦੇ ਵੇਰਵੇ ਲੋੜਵੰਦ ਅਧਿਆਪਕਾਂ ਨੂੰ ਦਿੱਤੇ ਜਾਣ, ਬਲਾਕ ਖੇਡਾਂ ਤੇ ਖਰਚ ਦੇ ਵੇਰਵੇ ਜਨਤਕ ਕੀਤੇ ਜਾਣ, ਮੈਡੀਕਲ ਰੀਅੰਬਰਸਮੈਂਟ ਦੇ ਰਹਿੰਦੇ ਬਕਾਏ ਕੱਢਵਾਏ ਜਾਣ, ਬਲਾਕ ਵਿੱਚ ਕਲਰਕ ਦੀ ਘਾਟ ਪੂਰਾ ਕੀਤਾ ਜਾਵੇ ਆਦਿ। ਇਸ ਸਮੇਂ ਪੰਜਾਬ ਸੁਬਾਰਡੀਨੇਟ ਸਰਵਸਿਜ ਦਾ ਸਾਲਾਨਾ ਕੈਲੰਡਰ ਵੀ ਰਲੀਜ ਕੀਤਾ ਗਿਆ ਅਤੇ 24 ਜਨਵਰੀ ਨੂੰ ਫੈਡਰੇਸਨ ਦੀ ਜਿਲਾ ਰੈਲੀ ਜੋ ਜਲੰਧਰ ਵਿੱਚ ਹੋ ਰਹੀ ਹੈ ਵਿੱਚ ਵੱਡੇ ਪੱਧਰ ਤੇ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਗਰਚਰਨ ਸਿੰਘ, ਅਸੋਕ ਕੁਮਾਰ, ਕੁਲਦੀਪ ਕੁਮਾਰ, ਕਮਲ ਭਰਦਵਾਜ, ਕਰਨਦੀਪ ਸਿੰਘ, ਰਕੇਸ਼ ਕੁਮਾਰ, ਕਰਨੈਲ ਮੂਨਕ, ਜਗਸੀਰ, ਮਨਦੀਪ ਸਿੰਘ, ਗਗਨਦੀਪ, ਜਗਜੀਤ, ਰਸ਼ਪਾਲ ਖਹਿਰਾ, ਅੰਗਰੇਜ ਸਿੰਘ, ਸਤਵਿੰਦਰ ਸਿੰਘ, ਹਰੀ ਸਿੰਘ ਯਾਦਵ, ਪੁਸ਼ਪਿੰਦਰ ਕੌਰ, ਅੰਜੂ ਵਿਰਦੀ, ਰਾਜਦੀਪ ਕੌਰ, ਰਾਣੀ ਸ਼ਰਮਾਂ, ਪੰਕਜ ਸ਼ਰਮਾਂ, ਰਮਨਪ੍ਰੀਤ ਕੌਰ ਆਦਿ ਹਾਜਰ ਸਨ।



# ਨੌਜਵਨ ਵਰਗ ਨੂੰ ਸਵਾਮੀ ਵਿਵੇਕਾਨੰਦ ਦੇ ਦਰਸਾਏ ਮਾਰਗ 'ਤੇ ਚੱਲਣ ਦੀ ਲੋੜ : ਸਾਬੀ ਮੋਗਾ

**ਅਲਾਵਲਪੁਰ, (ਮਦਨ ਬੰਗੜ)**

ਨਹਿਰੂ ਯੁਵਾ ਕੇਂਦਰ ਯੁਵਾ ਤੇ ਖੇਡ ਮੰਤਰਾਲਾ ਭਾਰਤ ਸਰਕਾਰ ਵੱਲੋਂ ਭੋਗਪੁਰ ਨਜ਼ਦੀਕੀ ਪਿੰਡ ਮੋਗਾ ਵਿਖੇ ਦੋਆਬਾ ਯੂਥ ਕਲੱਬ ਮੋਗਾ ਦੇ ਸਹਿਯੋਗ ਨਾਲ ਭਾਗੀਦਾਰੀ ਦਿਵਸ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਇਸ ਸਬੰਧੀ ਗੱਲਬਾਤ ਕਰਦਿਆਂ ਸਰਪੰਚ ਸਾਬੀ ਮੋਗਾ ਨੇ ਦੱਸਿਆ ਕਿ ਸਵਾਮੀ ਵਿਵੇਕਾਨੰਦ ਜੀ ਦੇ ਜਨਮ ਦਿਵਸ ਨੂੰ ਸਮਰਪਿਤ 12 ਜਨਵਰੀ ਤੋਂ 19 ਜਨਵਰੀ ਤਕ ਰਾਸ਼ਟਰੀ ਯੂਥ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ਼ਾਂਤੀ ਦਿਵਸ ਮਨਾਇਆ ਗਿਆ। ਇਸ ਮੌਕੇ ਸਰਪੰਚ ਸਤਨਾਮ ਸਿੰਘ ਸਾਬੀ ਮੋਗਾ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਸਵਾਮੀ ਵਿਵੇਕਾਨੰਦ ਦੇ ਦੱਸੇ ਹੋਏ ਰਸਤੇ 'ਤੇ ਚੱਲਣਾ ਚਾਹੀਦਾ ਹੈ। ਨੌਜਵਾਨ ਹੀ ਸਾਡੇ ਦੇਸ਼ ਦਾ ਭਵਿਖ ਹਨ, ਇਸ ਲਈ ਉਨ੍ਹਾਂ ਨੂੰ ਨਸ਼ਿਆਂ ਤੋਂ ਗੁਰੇਜ਼ ਕਰਦਿਆਂ ਚੰਗੇ ਆਚਰਨ ਨੂੰ ਅਪਣਾਉਣਾ ਚਾਹੀਦਾ ਹੈ। ਇਸ ਮੌਕੇ ਗੁਰਦਿਆਲ ਨਿਰਮਲ ਕੌਰ, ਕਮਲੇਸ਼ ਰਾਣੀ, ਮਨਜੀਤ ਸਿੰਘ, ਸੰਦੀਪ ਕੁਮਾਰੀ ਤੇ ਹੋਰ ਹਾਜ਼ਰ ਸਨ।




# ਜਥੇਬੰਦੀ ਖ਼ਿਲਾਫ਼ ਸਾਜ਼ਿਸ਼ਾਂ ਰਚਣ ਵਾਲਿਆਂ ਨੂੰ ਸੰਘਰਸ਼ ਕਮੇਟੀ ਕਦੇ ਬਰਦਾਸ਼ਤ ਨਹੀਂ ਕਰੇਗੀ : ਚੁਤਾਲਾ




**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਸਵਿੰਦਰ ਸਿੰਘ ਚੁਤਾਲਾ ਨੇ ਇੱਕ ਲਿਖਤੀ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬੀਤੇ ਦਿਨੀਂ 2 ਜੋਨਾਂ ਦੇ ਅਹੁਦੇਦਾਰਾਂ ਵੱਲੋਂ ਦਿੱਤੇ ਗਏ ਅਸਤੀਫਿਆਂ ਦੀ ਪੜਤਾਲ ਕੀਤੀ ਗਈ ਤਾਂ ਇਸ ਵਿਚ ਨਿਰੋਲ ਝੂਠ ਉਭਰ ਕੇ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਦੀ ਅਗਵਾਈ ਵਿਚ ਜੋਨ ਬੁੱਲੋਵਾਲ ਦੇ ਸਕੱਤਰ ਜਸਵਿੰਦਰ ਸਿੰਘ ਮਿਰਜਾਪੁਰ, ਅੰਜੂ ਗੁਪਤਾ ਹਰਦੋਖਾਨਪੁਰ, ਪਰਮਜੀਤ ਕੌਰ ਸੇਰਪੁਰ ਅਤੇ ਰਣਜੀਤ ਕੌਰ ਵੱਲੋਂ ਜਦੋਂ ਇਹਨਾਂ ਦੇ ਇਸਤੀਫਿਆਂ ਸਬੰਧੀ ਜ਼ਿਲ੍ਹਾ ਮੀਤ ਪ੍ਰਧਾਨ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਨੇ ਕੋਈ ਜਵਾਬ ਨਹੀਂ ਦਿੱਤਾ। ਚੁਤਾਲਾ ਨੇ ਕਿਹਾ ਕਿ ਅਵਤਾਰ ਸਿੰਘ ਸੇਖੋਂ ਅਤੇ ਡਾਕਟਰ ਨਿਰਮਲ ਸਿੰਘ ਬੀਤੇ ਕਾਫੀ ਸਮੇਂ ਤੋਂ ਜਥੇਬੰਦੀ ਖਿਲਾਫ ਕਾਰਵਾਈਆਂ ਕਰਦੇ ਹੋਏ ਸਰਕਾਰੀ ਸਾਜ਼ਿਸ਼ਾਂ 'ਚ ਸ਼ਮੂਲੀਅਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਬੀਬੀਆਂ ਦੇ ਜੋਨ ਦੀ ਅਗਵਾਈ ਕਰਨ ਵਾਲੇ ਅਵਤਾਰ ਸਿੰਘ ਸੇਖੋਂ ਔਰਤ ਭਾਈਚਾਰੇ ਅੰਦਰ ਸੰਘਰਸ਼ ਦੀਆਂ ਭਾਵਨਾਵਾਂ ਨੂੰ ਉਜਾਗਰ ਕਰਨ ਦੀ ਥਾਂ ਸਰਕਾਰ ਦੀ ਚਮਚਾਗਿਰੀ ਕਰਦੇ ਹੋਏ ਲੋਕਾਂ ਦੇ ਮਨਾਂ ਵਿਚ ਡਰ ਦੀਆਂ ਭਾਵਨਾਵਾਂ ਪੈਦਾ ਕਰ ਰਿਹਾ ਸੀ। ਕਿ ਬੀਤੇ ਦਿਨੀਂ ਜ਼ਿਲ੍ਹੇ ਦੀਆਂ ਹੋਈਆਂ ਮੀਟਿੰਗਾਂ ਵਿੱਚ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਭੁੱਲਾ ਵੱਲੋਂ ਅਵਤਾਰ ਸਿੰਘ ਸੇਖੋਂ ਕੋਲੋਂ ਕਈ ਸਵਾਲਾਂ ਦੇ ਜਵਾਬ ਮੰਗੇ ਗਏ ਸਨ ਜਿਸਦਾ ਉਹ ਕੋਈ ਵੀ ਤਸੱਲੀਬਖਸ਼ ਜਵਾਬ ਨਹੀਂ ਦੇ ਸਕੇ ਅਤੇ ਆਪਣੀ ਸਾਖ ਨੂੰ ਬਚਾਉਣ ਲਈ ਉਨ੍ਹਾਂ ਨੇ ਆਪਣਾ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਜਥੇਬੰਦੀ ਨੂੰ ਸਿਆਸੀ ਚੌਧਰੀਆਂ ਅਤੇ ਅਹੁਦੇਦਾਰਾਂ ਦੀ ਭੁੱਖ ਵਾਲਿਆਂ ਦੀ ਕੋਈ ਜਰੂਰਤ ਨਹੀਂ। ਜ਼ਿਲ੍ਹਾ ਗੁਰਦਾਸਪੁਰ ਦੇ ਜੋਨ ਰਾਮ ਥੰਮਣ ਸਾਹਿਬ ਵਾਂਗ ਰਾਤੋ ਰਾਤ ਹੀ ਜੋਨ ਬੁਲੋਵਾਲ ਦਾ ਪੁਨਰ ਗਠਨ ਕਰ ਦਿੱਤਾ ਗਿਆ ਹੈ ਅਤੇ ਉਹ ਸਾਰੇ ਟੋਲ ਪਲਾਜਾ ਧਰਨਿਆਂ ਵਿੱਚ ਸ਼ਾਮਲ ਹਨ। ਭੁੱਲਾ ਨੇ ਕਿਹਾ ਕਿ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਮੁੱਦਾ ਜਥੇਬੰਦੀ ਦੇ ਮੋਢਿਆਂ 'ਤੇ ਹੈ ਅਤੇ ਇਸ ਵਿੱਚ ਕਿਸੇ ਨੂੰ ਵੀ ਕੋਤਾਹੀ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ, ਕਿਸੇ ਵੀ ਕੀਮਤ 'ਤੇ ਨਾਜਾਇਜ ਵਸੂਲੀ ਨਹੀਂ ਹੋਣ ਦਿੱਤੀ ਜਾਵੇਗੀ। ਇਸ ਮੌਕੇ 'ਤੇ ਇਨ੍ਹਾਂ ਤੋਂ ਇਲਾਵਾ ਕੁਲਦੀਪ ਸਿੰਘ ਬੇਗੋਵਾਲ, ਕਸ਼ਮੀਰਾ ਸਿੰਘ, ਸਰਪੰਚ ਜਸਬੀਰ ਸਿੰਘ, ਨਿਸ਼ਾਨ ਸਿੰਘ ਫੌਜੀ, ਸਫੀ ਮਹੁੰਮਦ, ਬਲਵਿੰਦਰ ਸਿੰਘ, ਗੋਲਡੀ ਖਰਲਾਂ, ਸੰਦੀਪ ਸਿੰਘ ਖਾਲਸਾ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਬੀਬੀਆਂ ਹਾਜਰ ਸਨ।

# ਮਿਲਕ ਪਲਾਂਟ ਮੁਹਾਲੀ ਵਲੋਂ ਦੁੱਧ ਉਤਪਾਦਕ ਨੂੰ 30 ਹਜ਼ਾਰ ਰੁਪਏ ਦੀ ਰਾਸ਼ੀ ਦਾ ਚੈੱਕ ਭੇਟ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**

ਵੇਰਕਾ ਮਿਲਕ ਪਲਾਂਟ ਮੋਹਾਲੀ ਵਲੋਂ ਜਿੱਥੇ ਦੁੱਧ ਉਤਪਾਦਕਾਂ ਨੂੰ ਨਵੀਆਂ ਤੇ ਵਧੀਆ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਉੱਥੇ ਦੁੱਧ ਉਤਪਾਦਕਾਂ ਦੀ ਮਾਲੀ ਮਦਦ ਵੀ ਕੀਤੀ ਜਾ ਰਹੀ ਹੈ ਜਿਸ ਦੇ ਚੱਲਦਿਆਂ ਬਲਾਕ ਨੂਰਪੁਰਬੇਦੀ ਦੇ ਪਿੰਡ ਨਲਹੋਟੀ ਵਿਖੇ ਵੇਰਕਾ ਮਿਲਕ ਪਲਾਂਟ ਦੇ ਡਾਇਰੈਕਟਰ ਸੁਰਜੀਤ ਸਿੰਘ ਕਾਹਲੋਂ ਵਲੋਂ ਅਵਤਾਰ ਸਿੰਘ ਦੁੱਧ ਉਤਪਾਦਕ ਨੂੰ ਉਸ ਦੀ ਬੀਤੇ ਕੁਝ ਸਮਾਂ ਪਹਿਲਾਂ ਗਾਂ ਦੀ ਮੌਤ ਹੋ ਜਾਣ ਕਾਰਨ ਉਸ ਨੂੰ 30 ਹਜਾਰ ਰੁਪਏ ਦੀ ਰਾਸ਼ੀ ਦਾ ਚੈੱਕ ਦੇ ਕੇ ਮਾਲੀ ਮਦਦ ਕੀਤੀ ਗਈ। ਇਸ ਮੌਕੇ ਡਾਇਰੈਕਟਰ ਕਾਹਲੋਂ ਨੇ ਕਿਹਾ ਕਿ ਵੇਰਕਾ ਮਿਲਕ ਪਲਾਂਟ ਵਲੋਂ ਦੁੱਧ ਉਤਪਾਦਕਾਂ ਨੂੰ ਦੁੱਧ ਦੀ ਸਮਰੱਥਾ ਵਧਾਉਣ ਲਈ ਵਧੀਆ ਫੀਡ ਵੀ ਮੁਹੱਈਆ ਕਰਵਾਈ ਜਾ ਰਹੀ ਹੈ ਜਿਸ ਦੀ ਵੱਧ ਤੋਂ ਵੱਧ ਵਰਤੋ ਕਰਨੀ ਚਾਹੀਦੀ ਹੈ। ਉਨਾਂ ਦੁੱਧ ਉਤਪਾਦਕਾਂ ਨੂੰ ਡੇਅਰੀ ਵਿੱਚ ਤਾਜਾ ਅਤੇ ਸਾਫ-ਸੁਥਰਾ ਦੁੱਧ ਲਿਆਉਣ ਦੀ ਅਪੀਲ ਕੀਤੀ ਤਾਂ ਜੋ ਉਨਾਂ ਨੂੰ ਸਹੀ ਕੀਮਤ ਮਿਲ ਸਕੇ। ਇਸ ਮੌਕੇ ਸੁਰਜੀਤ ਸਿੰਘ ਕਾਹਲੋਂ ਡਾਇਰੈਕਟਰ ਮਿਲਕ ਪਲਾਂਟ ਮੋਹਾਲੀ, ਤਜਿੰਦਰ ਸਿੰਘ ਡਿਪਟੀ ਮੈਨੇਜਰ, ਮਨਦੀਪ ਸਿੰਘ ਐਮ,ਪੀ, ਅਜਾਦ ਸਿੰਘ, ਅਵਤਾਰ ਸਿੰਘ, ਰਾਮ ਕੁਮਾਰ, ਰਾਮ ਆਸਰਾ, ਸਵਿੱਤਰ ਸਿੰਘ ਸਕੱਤਰ, ਸੁਰਿੰਦਰ ਸਿੰਘ ਆਦਿ ਹਾਜਰ ਸਨ।

# ਸਰਕਾਰੀ ਹਾਈ ਸਕੂਲ ਮੜੌਲੀ ਕਲਾਂ ਵਿਖੇ ਅੰਗਰੇਜ਼ੀ ਵਿਸ਼ੇ ਦੇ ਭਾਸ਼ਣ ਮੁਕਾਬਲੇ

**ਮੋਰਿੰਡਾ (ਜੈਜੀ ਸਰਦਾਰ)**- ਜ਼ਿਲ੍ਹਾ ਸਿੱਖਿਆ ਅਫਸਰ ਪ੍ਰੇਮ ਕੁਮਾਰ ਮਿੱਤਲ ਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੁਰਿੰਦਰਪਾਲ ਸਿੰਘ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਸਿੱਖਿਆ ਅਤੇ ਮੋਨਿਕਾ ਭੂਟਾਨੀ ਪ੍ਰਿੰਸੀਪਲ ਸਿਖਲਾਈ ਸੰਸਥਾ ਰੂਪਨਗਰ ਦੀ ਅਗਵਾਈ ਵਿੱਚ ਸਰਕਾਰੀ ਹਾਈ ਸਕੂਲ ਮੜੌਲੀ ਕਲਾਂ ਵਿਖੇ ਅੰਗਰੇਜੀ ਵਿਸ਼ੇ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਾਕ ਨੋਡਲ ਅਫਸਰ ਪ੍ਰਿੰਸੀਪਲ ਸੁਰਿੰਦਰ ਕੁਮਾਰ ਘਈ ਨੇ ਨਤੀਜਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਭਾਸ਼ਣ ਮੁਕਾਬਲੇ ਵਿੱਚ ਸਰਕਾਰੀ ਮਿਡਲ ਸਕੂਲ ਬੱਲਾਂ ਕਲਾਂ ਦੀ ਵਿਦਿਆਰਥਣ ਨਵਜੋਤ ਕੌਰ ਨੇ ਪਹਿਲਾ ਸੁਖਮਨਜੀਤ ਕੌਰ ਧਨੌਰੀ ਨੇ ਦੂਜਾ, ਹਰਦੀਪ ਕੌਰ ਮੜੌਲੀ ਕਲਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਹਾਈ ਸਕੂਲ ਮੁਕਾਬਲੇ ਵਿੱਚ ਮਹਿਕਪ੍ਰੀਤ ਕੌਰ ਚਤਾਮਲੀ ਨੇ ਪਹਿਲਾ , ਕਮਲਜੀਤ ਕੌਰ ਧਨੌਰੀ ਨੇ ਦੂਜਾ ਅਤੇ ਸੁਦੀਪ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਿੰਡਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ ਹੈ। ਸੀਨੀਅਰ ਸੈਕੰਡਰੀ ਵਿੰਗ ਵਿੱਚੋਂ ਹਰਜਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੂਰਮਾਜਰਾ ਨੇ ਪਹਿਲਾ, ਸਿਮਰਨਪ੍ਰੀਤ ਕੌਰ ਸਲੇਮਪੁਰ ਨੇ ਦੂਜਾ ਅਤੇ ਨਵਜੋਤ ਕੌਰ ਢੰਗਰਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਬਲਾਕ ਮੈਂਟਰ ਜਸਬੀਰ ਸਿੰਘ ਨੇ ਸਕੂਲ ਦੀ ਮੁੱਖ ਅਧਿਆਪਕਾ ਕੁਲਵੰਤ ਕੌਰ , ਗੁਰਨਾਮ ਸਿੰਘ ਚਨਾਲੋਂ ਹਰਕਮਲ ਸਿੰਘ ਕੰਗ, ਵਰਿੰਦਰ ਕੌਰ, ਸੁਖਵਿੰਦਰ ਕੌਰ, ਬਬੀਤਾ ਰਾਣੀ, ਸਾਰਦਾ , ਰਿਤੂ ਬਾਲਾ ਇੰਦਰਜੀਤ ਸਿੰਘ ਦੀ ਟੀਮ ਦਾ ਧੰਨਵਾਦ ਕੀਤਾ। ਜਜਮੇਂਟ ਦੀ ਭੂਮਿਕਾ ਨਵਦੀਪ ਸਿੰਘ ਭਾਟੀਆ, ਪ੍ਰਭਜੋਤ ਕੌਰ, ਜਗਦੇਵ ਸਿੰਘ ਮਾਵੀ, ਸੁਮਨਦੀਪ ਕੌਰ ਸਲੇਮਪੁਰ, ਹਰਭਜਨ ਸਿੰਘ ਰਤਨਗੜ੍ਹ , ਸੁੱਚਾ ਸਿੰਘ ਚਾਹਲ ਆਦਿ ਅਧਾਰਿਤ ਟੀਮਾਂ ਨੇ ਨਿਭਾਈ। ਆਤਮਜੀਤ ਕੌਰ, ਅਤੇ ਉੱਘੇ ਸਾਹਿਤਕਾਰ ਸਤਵਿੰਦਰ ਸਿੰਘ ਮੜੌਲਵੀ ਨੇ ਸਟੇਜ ਸਕੱਤਰ ਦੀ ਭੂਮਿਕਾ ਬਾਖ਼ੂਬੀ ਨਿਭਾਈ। ਇਸ ਮੌਕੇ ਕਰਮਪ੍ਰੀਤ ਕੌਰ, ਸੀਨੂ, ਮਨਦੀਪ ਕੌਰ , ਬਲਜੀਤ ਕੌਰ, ਜੋਤੀ ਸਾਹੀ, ਪ੍ਰੀਤੀ ਬਾਲਾ, ਅਮਰਜੀਤ ਕੌਰ, ਨਰਿੰਜਨ ਕੌਰ , ਪ੍ਰਭਜੋਤ ਕੌਰ, ਨਵਨੀਤ ਕੌਰ , ਰੁਬਨੀਸ਼ ਕੌਰ, ਸਮਿੰਦਰ ਸਿੰਘ, ਨਿਸ਼ਾ ਸ਼ਰਮਾ, ਅਸ਼ਵਨੀ ਸ਼ਰਮਾ, ਰਾਜੇਸ਼ ਕੁਮਾਰ, ਦਿਨੇਸ਼ ਕੁਮਾਰ ਅਤੇ ਹਰਦੀਪ ਸਿੰਘ ਆਦਿ ਹਾਜਰ ਸਨ।



# ਫੁਲਵਾੜੀ ਪਬਲਿਕ ਸਕੂਲ 'ਚ ਧੂਮਧਾਮ ਨਾਲ ਮਨਾਇਆ ਲੋਹੜੀ ਦਾ ਤਿਉਹਾਰ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)**

ਫੁਲਵਾੜੀ ਪਬਲਿਕ ਸਕੂਲ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਲਖਬੀਰ ਸਿੰਘ ਦੀ ਅਗਵਾਈ ਹੇਠ ਲੋਹੜੀ ਦਾ ਤਿਉਹਾਰ ਬਹੁਤ ਹੀ ਧੂਮਧਾਮ ਨਾਲ ਮਨਾਇਆ ਗਿਆ। ਪੰਜਾਬ ਦਾ ਪ੍ਰਸਿੱਧ ਲੋਕ ਨਾਚ ਭੰਗੜਾ ਅਤੇ ਗਿੱਧਾ ਸਕੂਲ ਵਿਦਿਆਰਥੀਆਂ ਦੁਆਰਾ ਪੇਸ਼ ਕੀਤਾ ਗਿਆ। ਸਕੂਲ ਦੇ ਮੈਨੇਜਰ ਜਗੀਰ ਜੋਸਨ, ਡਾਇਰੈਕਟਰ ਮੈਡਮ ਕੇ ਜੋਸਨ, ਐਮ.ਡੀ ਰਾਜਬੀਰ ਜੋਸਨ, ਪ੍ਰਿੰਸੀਪਲ ਲਖਬੀਰ ਸਿੰਘ ਦੁਆਰਾ ਸਮੂਹ ਵਿਦਿਆਰਥੀਆਂ ਅਤੇ ਸਕੂਲ ਸਟਾਫ ਨੂੰ ਲੋਹੜੀ ਦੀ ਵਧਾਈ ਦਿੱਤੀ। ਇਸ ਮੌਕੇ ਸਕੂਲ ਸਟਾਫ, ਹੈਲਪਿੰਗ ਸਟਾਫ, ਡਰਾਈਵਰਾਂ ਅਤੇ ਵਿਦਿਆਰਥੀਆਂ ਨੂੰ ਮੂੰਗਫਲੀ ਤੇ ਰਿਉੜੀਆਂ ਵੰਡੀਆਂ ਗਈਆਂ। ਸਕੂਲ ਦੇ ਮੈਨੇਜਰ ਜਗੀਰ ਜੋਸਨ, ਡਾਇਰੈਕਟਰ ਮੈਡਮ ਜੀ.ਕੇ ਜੋਸਨ, ਐਮ.ਡੀ ਰਾਜਬੀਰ ਜੋਸਨ, ਪ੍ਰਿੰਸੀਪਲ ਲਖਬੀਰ ਸਿੰਘ, ਕੋਆਰਡੀਨੇਟਰ ਹਰਪ੍ਰੀਤ ਕੌਰ, ਮਾ: ਰਣਜੀਤ ਰਾਣਾ, ਰਮੇਸ਼ ਸ਼ਰਮਾ, ਅਮਰਜੀਤ ਸਿੰਘ ਖੋਸਾ, ਸਰਬਜੀਤ ਸਿੰਘ ਅਨਿਲ ਕੁਮਾਰ, ਮੈਡਮ ਇੰਦੂ ਬਾਲਾ, ਗੀਟਾ ਵਿੱਜ, ਗੁਰਵਿੰਦਰ ਕੌਰ, ਜਸਵਿੰਦਰ ਕੌਰ, ਅਮਨਦੀਪ ਕੌਰ, ਤੈਨੂੰ ਅਰੋੜਾ, ਰੁਪਿੰਦਰ ਕੌਰ, ਰਮਨਜੀਤ ਕੌਰ, ਪਰਮਿੰਦਰ ਕੌਰ, ਪ੍ਰਭਜੋਤ ਕੌਰ, ਮੈਡਮ ਮੋਨਿਕਾ, ਗੀਟਾ ਸਰਮਾ, ਜਗਦੀਪ ਕੌਰ, ਮੈਡਮ ਨਿਤਾਸਾ, ਹਰਵਿੰਦਰ ਕੌਰ, ਪ੍ਰਭਜੋਤ ਕੌਰ, ਸਮੇਤ ਆਦਿ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਪੁਲਸ ਵੱਲੋਂ ਚਾਇਨਾ ਡੋਰ ਦੇ 10269 ਬੰਡਲ ਬਰਾਮਦ, 188 ਵਿਅਕਤੀ ਗ੍ਰਿਫ਼ਤਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚੱਲ ਰਹੀ ਫੈਸਲਾਕੁੰਨ ਜੰਗ ਦੌਰਾਨ, ਪੰਜਾਬ ਪੁਲਿਸ ਨੇ ਪਿਛਲੇ ਹਫ਼ਤੇ ਸੂਬੇ ਭਰ 'ਚ ਐਨ.ਡੀ.ਪੀ.ਐਸ. ਐਕਟ ਤਹਿਤ 194 ਐਫਆਈਆਰ ਦਰਜ ਕਰਕੇ, ਜਿਸ ਵਿੱਚ 31 ਵਪਾਰਕ ਮਾਮਲੇ ਹਨ, 258 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸਪੈਕਟਰ ਜਨਰਲ ਆਫ਼ ਪੁਲਿਸ (ਹੈਡਕੁਆਰਟਰ) ਸੁਖਚੈਨ ਸਿੰਘ ਗਿੱਲ ਨੇ ਅੱਜ ਇੱਥੇ ਆਪਣੀ ਹਫ਼ਤਾਵਾਰੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੁਲਿਸ ਨੇ ਦੋਸ਼ੀਆਂ ਕੋਲੋਂ 41.26 ਕਿਲੋ ਹੈਰੋਇਨ, 13.55 ਕਿਲੋ ਅਫੀਮ, 53.25 ਕਿਲੋ ਗਾਂਜਾ, 4.81 ਕੁਇੰਟਲ ਭੁੱਕੀ ਅਤੇ 5.28 ਲੱਖ ਫਾਰਮਾ ਓਪੀਓਡਜ਼ ਦੀਆਂ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਤੋਂ ਇਲਾਵਾ 20.48 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਉਹਨਾਂ ਦੱਸਿਆ ਕਿ 5 ਜੁਲਾਈ, 2022 ਨੂੰ ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਚਲਾਈ ਵਿਸ਼ੇਸ਼ ਮੁਹਿੰਮ ਦੇ ਚਲਦਿਆਂ ਪਿਛਲੇ ਹਫ਼ਤੇ ਦੌਰਾਨ ਐਨਡੀਪੀਐਸ ਕੇਸਾਂ ਵਿੱਚ 15 ਹੋਰ ਭਗੌੜੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਨਾਲ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ 623 ਹੋ ਗਈ ਹੈ ।

ਆਈਜੀਪੀ ਨੇ ਦੱਸਿਆ ਕਿ ਪੰਜਾਬ ਪੁਲਸ ਨੇ ਚਾਈਨਾ ਡੋਰ ਵੇਚਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕੀਤੀ ਹੈ ਅਤੇ 176 ਐਫਆਈਆਰਜ਼ ਦਰਜ ਕਰਕੇ ਚੀਨੀ ਡੋਰ ਦੇ 10269 ਬੰਡਲ ਬਰਾਮਦ ਕੀਤੇ ਹਨ ਅਤੇ ਇਸ ਡੋਰ ਨੂੰ ਵੇਚਣ ਵਿੱਚ ਸ਼ਾਮਲ 188 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸਾਂ ਅਨੁਸਾਰ ਪੰਜਾਬ ਪੁਲਿਸ ਚਾਈਨਾ ਡੋਰ ਨੂੰ ਖਰੀਦਣ/ਵੇਚਣ ਵਾਲਿਆਂ ਵਿਰੁੱਧ ਸਖਤ ਕਾਰਵਾਈ ਕਰੇਗੀ।

ਜ਼ਿਕਰਯੋਗ ਹੈ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ), ਪੰਜਾਬ ਗੌਰਵ ਯਾਦਵ ਨੇ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਉਹ ਹਰੇਕ ਮਾਮਲੇ ਵਿੱਚ, ਖਾਸ ਤੌਰ 'ਤੇ ਨਸ਼ਿਆਂ ਦੀ ਬਰਾਮਦਗੀ ਨਾਲ ਸਬੰਧਤ ਅਗਲੀਆਂ-ਪਿਛਲੀਆਂ ਕੜੀਆਂ ਦੀ ਬਾਰੀਕੀ ਨਾਲ ਜਾਂਚ ਕਰਨ, ਭਾਵੇਂ ਕਿਸੇ ਕੋਲੋਂ ਮਾਮੂਲੀ ਮਾਤਰਾ ਵਿੱਚ ਹੀ ਨਸ਼ੀਲੇ ਪਦਾਰਥ ਦੀ ਬਰਾਮਦਗੀ ਹੋਈ ਹੋਵੇ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਦਿਸ਼ਾ-ਨਿਰਦੇਸ਼ਾਂ 'ਤੇ ਪੰਜਾਬ ਪੁਲਿਸ ਵੱਲੋਂ ਸਰਹੱਦੀ ਸੂਬੇ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਠੱਲ੍ਹ ਪਾਉਣ ਲਈ ਵਿਆਪਕ ਨਸ਼ਾ ਵਿਰੋਧੀ ਮੁਹਿੰਮ ਚਲਾਈ ਗਈ ਹੈ। ਡੀਜੀਪੀ ਨੇ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸਖ਼ਤੀ ਨਾਲ ਹੁਕਮ ਦਿੱਤੇ ਹਨ ਕਿ ਉਹਨਾਂ ਸਾਰੇ ਹਾਟਸਪਾਟਸ ਦੀ ਸ਼ਨਾਖਤ ਕੀਤੀ ਜਾਵੇ ਜਿੱਥੇ ਨਸ਼ੇ ਦਾ ਰੁਝਾਨ ਹੈ ਅਤੇ ਉਹਨਾਂ ਦੇ ਅਧਿਕਾਰ ਖੇਤਰਾਂ ਨਾਲ ਸਬੰਧਤ ਸਾਰੇ ਚੋਟੀ ਦੇ ਨਸ਼ਾ ਤਸਕਰਾਂ ਦੀ ਵੀ ਪਛਾਣ ਕੀਤੀ ਜਾਵੇ। ਉਹਨਾਂ ਪੁਲਿਸ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਫੜੇ ਗਏ ਸਾਰੇ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇ ਤਾਂ ਜੋ ਉਹਨਾਂ ਦੇ ਨਜਾਇਜ਼ ਪੈਸੇ ਨੂੰ ਬਰਾਮਦ ਕੀਤਾ ਜਾ ਸਕੇ।

# ਸੇਂਟ ਸੋਲਜਰ ਵੱਲੋਂ ਵਿਦਿਆਰਥੀਆਂ ਦਾ ਸਵਾਗਤ




**ਜਲੰਧਰ, (ਇਕਬਾਲ ਸਿੰਘ ਉੱਭੀ)**

ਸਰਦੀਆਂ ਦੀਆਂ ਛੁੱਟੀਆਂ 'ਚ ਮਸਤੀ, ਖੇਡਾਂ ਦੇ ਬਾਅਦ ਵਿਦਿਆਰਥੀਆਂ ਵਿੱਚ ਸਕੂਲ ਖੁੱਲਣ ਉੱਤੇ ਖੁਸ਼ੀ ਦੀ ਲਹਿਰ ਦੌੜ ਪਈ ਇਹ ਮੌਕਾ ਸੀ ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲਾਂ ਦਾ ਜਿੱਥੇ ਵਿਦਿਆਰਥੀ ਖੁਸ਼ ਨਾਲ ਭਰੇ ਮਨ ਅਤੇ ਚਿਹਰੇ 'ਤੇ ਮੁਸਕਾਨ ਲਈ ਸੰਸਥਾ ਵਿੱਚ ਆਉਂਦੇ ਹੋਏ ਨਜ਼ਰ ਆਏ। ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਸੰਸਥਾ ਵਲੋਂ ਖਾਸ ਰੂਪ ਵਿੱਚ ਤਿਆਰੀਆਂ ਕੀਤੀਆਂ ਗਈਆ ਜਿਸ ਵਿੱਚ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਕਲਾਸ ਰੂਮ ਨੂੰ ਸਜਾਇਆ ਗਿਆ। ਵਿਦਿਆਰਥੀਆਂ ਦਾ ਸਵਾਗਤ ਫੁੱਲਾਂ ਅਤੇ ਤਿਲਕ ਲਗਾ ਕੇ ਕੀਤਾ ਗਿਆ। ਵਿਦਿਆਰਥੀਆਂ ਨੂੰ ਆਰਾਮਦਾਇਕ ਮਹਿਸੂਸ ਕਰਵਾਉਣ ਲਈ ਵੱਖ-ਵੱਖ ਪ੍ਰਕਾਰ ਦੀਆਂ ਗੇਮਸ ਅਤੇ ਫਨ ਐਕਟਿਵਿਟੀ ਵੀ ਕਰਵਾਈ ਗਈ। ਵਾਇਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਸਭ ਵਿਦਿਆਰਥੀਆਂ ਨੂੰ ਸੰਸਥਾ ਦੇ ਨਿਯਮਾਂ ਦੇ ਬਾਰੇ ਵਿੱਚ ਦੱਸਦੇ ਹੋਏ ਸਭ ਵਿਦਿਆਰਥੀਆਂ ਨੂੰ ਮਿਲਕੇ ਰਹਿਣ ਨੂੰ ਕਿਹਾ। ਸ਼੍ਰੀਮਤੀ ਚੋਪੜਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਦੇਣ ਲਈ ਟੀਚਿੰਗ ਦੇ ਨਵੇਂ ਤਰੀਕੇ ਅਪਣਾਏ ਜਾ ਰਹੇ ਹਨ।